Punjabi Parwaz
# ਪੰਜਾਬੀ ਪਰਵਾਜ਼

ਅੰਕ 75ਵਾਂ (ਸ਼ਿਕਾਗੋ): 28 ਮਾਰਚ ਤੋਂ 10 ਅਪਰੈਲ 2026 ਤੱਕ | ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com | www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

ਇਰਾਨ ਅਤੇ ਇਜ਼ਰਾਇਲ-ਅਮਰੀਕਾ ਜੰਗ

## ਟਰੰਪ ਇਜ਼ਰਾਇਲੀ ਲਾਬੀ ਦੇ ਸਾਏ ਹੇਠ

### *ਪਾਕਿਸਤਾਨ ਬਣ ਸਕਦਾ ਸਮਝੌਤੇ ਦਾ ਸੂਤਰਧਾਰ

ਜਸਵੀਰ ਸਿੰਘ ਸ਼ੀਰੀ

ਇਰਾਨ ਖਿਲਾਫ ਇਜ਼ਰਾਇਲ ਤੇ ਅਮਰੀਕਾ ਦੀ ਜੰਗ ਮਹੀਨਾ ਪੂਰਾ ਕਰਨ ਦੇ ਨੇੜੇ ਪਹੁੰਚ ਗਈ ਹੈ, ਪਰ ਇਸ ਦੇ ਰੁਕਣ ਦੇ ਆਸਾਰ ਹਾਲੇ ਵੀ ਨਜ਼ਰ ਨਹੀਂ ਆ ਰਹੇ। ਲੰਘੀ 23 ਮਾਰਚ ਨੂੰ ਅਮਰੀਕਾ ਦੇ ਸਦਰ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਪੰਜ ਦਿਨ ਲਈ ਇਰਾਨ ਦੇ ਬਿਜਲਈ ਊਰਜਾ ਦੇ ਟਿਕਾਣਿਆਂ 'ਤੇ ਹਮਲੇ ਨਹੀਂ ਕਰੇਗਾ, ਕਿਉਂਕਿ ਇਰਾਨ ਦੇ ਕਿਸੇ ਭਰੋਸੇਯੋਗ ਲੀਡਰ ਨਾਲ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਤੋਂ ਜਦੋਂ ਸੰਬੰਧਤ ਲੀਡਰ ਦਾ ਨਾਮ ਪੁੱਛਿਆ ਗਿਆ ਕਿ ਗੱਲਬਾਤ ਲਈ ਦਿਲ ਕੱਢਣ ਵਾਲਾ ਇਰਾਨੀ ਲੀਡਰ ਕੌਣ ਹੈ, ਤਾਂ ਉਨ੍ਹਾਂ ਨੇ ਨਾਮ ਦੱਸਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਸ ਦੀ ਹੱਤਿਆ ਕੀਤੀ ਜਾ ਸਕਦੀ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਦੇ ਪਾਵਰ ਸੈਕਟਰ 'ਤੇ ਪੰਜ ਦਿਨਾਂ ਲਈ ਹਮਲਾ ਨਾ ਕਰਨ ਦਾ ਬਿਆਨ ਕੀ ਦਿੱਤਾ ਕਿ ਸਾਰਾ ਪੱਛਮੀ ਮੀਡੀਆ ਪਿੱਟ ਉਠਿਆ। ਟਰੰਪ ਦੇ ਇਸ ਬਿਆਨ 'ਤੇ ਇਜ਼ਰਾਇਲ ਮੀਡੀਏ ਨੇ ਤਾਂ ਪਿੱਟਣਾ ਹੀ ਸੀ। ਬੀ.ਬੀ.ਸੀ. ਸਮੇਤ ਬਾਕੀ ਪੱਛਮੀ ਮੁਲਕਾਂ ਦਾ ਮੀਡੀਆ ਧਿੰਗਾਣੇ ਹੀ ਵੈਣ ਪਾਉਣ ਲੱਗਾ ਕਿ ਇਹ ਇਜ਼ਰਾਇਲ ਨਾਲ ਗੱਦਾਰੀ (ਬਿਟਰੇਲ) ਹੈ। ਹਿੰਦੁਸਤਾਨ ਸਮੇਤ ਇਰਾਨ ਦੇ ਪੱਖ ਵਿੱਚ ਸਾਹ ਲੈ ਰਹੇ ਮੀਡੀਆ ਚੈਨਲਾਂ ਨੇ ਅਮਰੀਕਾ ਦੇ ਝੁਕ ਜਾਣ, ਗੋਡੇ ਟੇਕਣ, ਹਾਰ ਜਾਣ ਆਦਿ ਦੀਆਂ ਸੁਰਖੀਆਂ ਜੜ ਦਿੱਤੀਆਂ। ਟਰੰਪ ਦੀ ਹਉਂ ਨੂੰ ਸੱਟ ਮਾਰਨ ਦੀ ਇਨ੍ਹਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਇਨ੍ਹਾਂ ਨੇ ਟਰੰਪ ਨੂੰ ਉਸੇ ਦਿਨ ਸ਼ਾਮ ਨੂੰ ਇਰਾਨ ਦੇ ਊਰਜਾ ਟਿਕਾਣਿਆਂ 'ਤੇ ਹਮਲਾ ਕਰਨ ਲਈ ਮਜਬੂਰ ਕਰ ਦਿੱਤਾ। ਇਸ ਦਰਮਿਆਨ ਇਰਾਨ ਦੇ ਆਗੂ ਦਾ ਬਿਆਨ ਵੀ ਆ ਗਿਆ ਕਿ ਅਮਰੀਕਾ ਨਾਲ ਕੋਈ ਗੱਲਬਾਤ ਨਹੀਂ ਚੱਲ ਰਹੀ। ਟਰੰਪ ਵੱਲੋਂ ਜਾਰੀ ਕੀਤੀ ਖਬਰ ਫੇਕ ਨਿਊਜ਼ ਹੈ। ਫਿਰ ਖਬਰ ਨਿਕਲੀ ਕਿ ਇਰਾਨ ਦੀ ਸੰਸਦ ਦੇ ਸਪੀਕਰ ਮੁਹੰਮਦ ਬਘੇਰ ਗਾਲਿਫ ਨਾਲ ਕਿਸੇ ਦੇਸ਼ ਦੀ ਵਿਚੋਲਗੀ ਨਾਲ ਗੱਲਬਾਤ ਚਲਾਈ ਜਾ ਰਹੀ ਹੈ। ਪਰ ਇਰਾਨ ਦੇ ਸੁਪਰੀਮ ਲੀਡਰ ਨੇ ਗੱਲਬਾਤ ਲਈ ਤਿੰਨ ਸ਼ਰਤਾਂ ਰੱਖ ਦਿੱਤੀਆਂ, ਜਿਨ੍ਹਾਂ ਵਿੱਚ ਪਹਿਲੀ ਹੈ ਕਿ ਅਮਰੀਕਾ ਗਾਰੰਟੀ ਦੇਵੇ ਕਿ ਭਵਿੱਖ ਵਿੱਚ ਇਰਾਨ 'ਤੇ ਹਮਲਾ ਨਹੀਂ ਕੀਤਾ ਜਾਵੇਗਾ। ਦੂਜੀ ਇਹ ਕਿ ਤਾਜ਼ਾ ਜੰਗ ਵਿੱਚ ਇਰਾਨ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਤੀਜੀ ਇਹ ਕਿ ਅਮਰੀਕਾ ਭਵਿੱਖ ਵਿੱਚ ਕਦੀ ਵੀ ਇਰਾਨ ਦੇ ਮਾਮਲਿਆਂ ਵਿੱਚ ਦਖਲ ਨਹੀਂ ਦੇਵੇਗਾ। ਟਰੰਪ ਨੇ ਆਪਣੇ ਬਿਆਨ ਵਿੱਚ ਗਾਰੰਟੀਆਂ ਦੀ ਮੰਗ ਤਾਂ ਸਿਰਿਉਂ ਹੀ ਨਕਾਰ ਦਿੱਤੀ; ਬਾਕੀ ਦੋ ਬਾਰੇ ਕੁਝ ਨਹੀਂ ਬੋਲਿਆ।

ਇਹ ਵੀ ਸੁਣਨ ਵਿੱਚ ਆਇਆ ਸੀ ਕਿ ਮਿਸਰ, ਤੁਰਕੀ ਅਤੇ ਸਾਊਦੀ ਅਰਬ ਵਰਗੇ ਮੁਲਕ ਗੱਲਬਾਤ ਦੁਬਾਰਾ ਤੋਰਨ ਦੀ ਕੋਸ਼ਿਸ਼ ਕਰ ਰਹੇ ਹਨ। ਆਈ.ਆਰ.ਜੀ.ਸੀ. ਅਤੇ ਇਰਾਨ ਦੇ ਸੁਪਰੀਮ ਲੀਡਰ ਅਮਰੀਕਾ ਵੱਲੋਂ ਗੱਲਬਾਤ ਦੌਰਾਨ ਕੀਤੇ ਗਏ ਹਮਲੇ ਕਾਰਨ ਬਹੁਤ ਜ਼ਿਆਦਾ ਨਾਰਾਜ਼ ਵਿਖਾਈ ਦਿੰਦੇ ਹਨ ਤੇ ਅਮਰੀਕਾ ਨੂੰ ਜੰਗ ਦੇ ਮੈਦਾਨ ਵਿੱਚ ਹਰਾ ਕੇ ਤੋਰਨ 'ਤੇ ਜ਼ੋਰ ਦੇ ਰਹੇ ਹਨ। ਫਿਰ ਵੀ ਦੋਹਾਂ ਧਿਰਾਂ ਵਿਚਕਾਰ ਕਿਸੇ ਨਾ ਕਿਸੇ ਰੂਪ ਵਿੱਚ ਪਿੱਠਵਰਤੀ ਗੱਲਬਾਤ ਚੱਲ ਰਹੀ ਹੈ। ਅਜਿਹਾ ਵੱਡੀਆਂ ਜੰਗਾਂ ਵਿੱਚ ਆਮ ਹੀ ਹੁੰਦਾ ਹੈ।

ਇਰਾਨ ਵੱਲੋਂ ਖਾੜੀ ਦੇ ਛੇ ਦੇਸ਼ਾਂ 'ਤੇ ਕੀਤੇ ਗਏ ਹਮਲਿਆਂ ਤੋਂ ਬਾਅਦ ਵੀ ਇਹ ਮੁਲਕ ਇਰਾਨ 'ਤੇ ਮੋੜਵਾਂ ਹਮਲਾ ਕਰਨ ਤੋਂ ਬਚ ਰਹੇ ਹਨ। ਕਾਰਨ ਇਸ ਦਾ ਸ਼ਾਇਦ ਇਹ ਕਿ ਇਨ੍ਹਾਂ ਮੁਲਕਾਂ ਦੀ ਆਬਾਦੀ ਭਾਵੇਂ ਸੁੰਨੀ ਮੁਸਲਿਮ ਆਬਾਦੀ ਹੈ, ਪਰ ਇਰਾਨ 'ਤੇ ਹੋਏ ਹਮਲੇ ਤੇ ਸੁਪਰੀਮ ਲੀਡਰ ਆਇਤੁਲਾ ਖੁਮੇਨੀ ਦੀ ਹੱਤਿਆ ਤੋਂ ਬਾਅਦ ਇਨ੍ਹਾਂ ਵਿੱਚ ਇਰਾਨ ਪ੍ਰਤੀ ਹਮਦਰਦੀ ਅਤੇ ਇਜ਼ਰਾਇਲ ਤੇ ਅਮਰੀਕਾ ਖਿਲਾਫ ਰੋਹ ਪਾਇਆ ਜਾ ਰਿਹਾ ਹੈ। ਇਸ ਰੋਹ ਤੋਂ ਹੀ ਇਹ ਮੁਲਕ ਝਿਜਕਦੇ ਹਨ ਕਿ ਕਿਧਰੇ ਲੋਕ ਬਗਾਵਤਾਂ ਕਾਰਨ ਉਨ੍ਹਾਂ ਦੇ ਤਖਤੇ ਹੀ ਨਾ ਪਲਟ ਦਿੱਤੇ ਜਾਣ। ਜਿੱਥੋਂ ਤੱਕ ਬਹਿਰੀਨ ਦਾ ਸਵਾਲ ਹੈ, ਇਸ ਮੁਲਕ ਦੀ ਬਹੁਗਿਣਤੀ ਆਬਾਦੀ ਵੀ ਸ਼ੀਆ ਮੁਸਲਮਾਨ ਹੈ ਅਤੇ ਜਿਹੜੀ ਇਰਾਨ ਖਿਲਾਫ ਛੋਟੀ ਮੋਟੀ ਬਹਿਰੀਨ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਅਦ ਵੀ ਆਪਣੇ ਹਾਕਮ ਦਾ ਤਖਤਾ ਪਲਟਣ ਲਈ ਖੜ੍ਹੀ ਹੋ ਸਕਦੀ ਹੈ। ਕਤਰ ਭਾਵੇਂ ਇੱਕ ਅਮੀਰ ਮੁਲਕ ਹੈ, ਪਰ ਆਬਾਦੀ ਅਤੇ ਜੁਗਰਾਫੀਏ ਪੱਖੋਂ ਛੋਟਾ ਦੇਸ਼ ਹੈ। ਇਰਾਨ ਵੱਲੋਂ ਬੀਤੇ ਵਿੱਚ ਉਸ ਦੀ ਕਈ ਵਾਰ ਵੱਡੀ ਮਦਦ ਵੀ ਕੀਤੀ ਗਈ ਹੈ। ਇਸ ਲਈ ਇਰਾਨ ਪ੍ਰਤੀ ਉਸ ਦਾ ਸੌਫਟ ਕਾਰਨਰ ਹੈ।

⇒ ਬਾਕੀ ਸਫਾ 8 ਉਤੇ ਪੜ੍ਹੋ

## ਗੁਰਦੁਆਰਾ ਪੈਲਾਟਾਈਨ ਚੋਣਾਂ ਵਿੱਚ 'ਦੋਹੀਂ ਦਲੀਂ ਮੁਕਾਬਲੇ' ਦੀ ਸੰਭਾਵਨਾ

ਕੁਲਜੀਤ ਸਿੰਘ

**ਸ਼ਿਕਾਗੋ:** ਅਠਾਰਵੀਂ ਸਦੀ ਦੌਰਾਨ ਵੀਰ ਰਸੀ ਕਾਵਿ ਰੂਪ 'ਨਾਦਰਸ਼ਾਹ ਦੀ ਵਾਰ' ਵਿੱਚ ਉਸ ਵੇਲੇ ਹੋਈ ਕਰਨਾਲ ਦੀ ਲੜਾਈ ਦਾ ਜ਼ਿਕਰ ਛੋਹਣ ਸਮੇਂ ਪ੍ਰਸਿੱਧ ਪੰਜਾਬੀ ਕਵੀ ਨਜਾਬਤ ਨੇ ਜੋ ਹਾਲ ਬਿਆਨ ਕੀਤਾ ਸੀ, ਉਸ ਦੀ ਇੱਕ ਸਤਰ ਦਾ ਪਹਿਲਾ ਅੱਧ ਗੁਰਦੁਆਰਾ ਪੈਲਾਟਾਈਨ ਦੀਆਂ ਚੋਣਾਂ ਲਈ ਮੈਨੂੰ ਐਨ ਢੁਕਵਾਂ ਲੱਗਦਾ ਹੈ- "ਦੋਹੀਂ ਦਲੀਂ ਮੁਕਾਬਲੇ, ਰਣ ਸੂਰੇ ਗੜਕਣ...।" ਸਤਰ ਦੇ ਦੂਜੇ ਅੱਧ ਯਾਨੀ "ਰਣ ਸੂਰੇ ਗੜਕਣ" ਨੂੰ ਜੇ ਪੈਲਾਟਾਈਨ ਗੁਰੂਘਰ ਦੀਆਂ ਚੋਣਾਂ ਨਾਲ ਜੋੜ ਲਵਾਂ ਤਾਂ ਗੁਸਤਾਖ਼ੀ ਹੋ ਜਾਣ ਦੀ ਸੰਭਾਵਨਾ ਹੈ, ਕਿਉਂਕਿ ਇਹ ਕੋਈ ਲੜਾਈ ਦਾ ਮੈਦਾਨ ਨਹੀਂ! ਦੋਹੇ ਧਿਰਾਂ ਆਪੋ ਆਪਣੀਆਂ ਦਲੀਲਾਂ ਨਾਲ ਗੁਰਦੁਆਰਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣ ਲਈ ਚੋਣ ਮੈਦਾਨ ਵਿੱਚ ਨਿੱਤਰੀਆਂ ਹੋਈਆਂ ਹਨ, ਇਸ ਲਈ ਇਹ ਕਹਿਣਾ ਕੁਥਾਂ ਨਹੀਂ ਕਿ ਗੁਰਦੁਆਰਾ ਪੈਲਾਟਾਈਨ ਦੀਆਂ 5 ਅਪਰੈਲ, ਦਿਨ ਐਤਵਾਰ ਨੂੰ ਹੋ ਰਹੀਆਂ ਚੋਣਾਂ ਸਬੰਧੀ ਦੋਹੀਂ ਦਲੀਂ ਮੁਕਾਬਲੇ ਦੀ ਸੰਭਾਵਨਾ ਬਣ ਗਈ ਹੈ, ਜਦ ਕਿ ਕੁਝ ਸਮਾਂ ਪਹਿਲਾਂ ਅਜਿਹਾ ਨਹੀਂ ਸੀ ਲੱਗ ਰਿਹਾ।

ਪਿਛਲੇ ਕੁਝ ਹਫਤਿਆਂ ਦੌਰਾਨ ਪਹਿਲਾਂ ਸਿਰਫ ਉਮੀਦਵਾਰਾਂ ਅਤੇ ਉਨ੍ਹਾਂ ਦੀ ਪਿੱਠ 'ਤੇ ਖੜੀਆਂ ਧਿਰਾਂ ਵਿਚਾਲੇ ਹੀ ਵਧੇਰੇ ਸਰਗਰਮੀ ਸੀ, ਪਰ ਆਪਸੀ ਸਹਿਮਤੀ ਦੀ ਗੱਲ ਕਿਸੇ ਤਣ-ਪੱਤਣ ਨਾ ਲੱਗਣ ਕਾਰਨ ਚੋਣਾਂ ਹੋਣੀਆਂ ਤੈਅ ਹੋਣ ਪਿੱਛੋਂ ਬਹੁਤੀ ਸੰਗਤ ਦੀ ਦਿਲਚਸਪੀ ਇਸ ਵਿੱਚ ਵਧ ਗਈ ਹੈ। ਹਾਲਾਂਕਿ ਪਹਿਲਾਂ ਚੋਣਾਂ ਸਬੰਧੀ ਆਮ ਸੰਗਤ ਵਿੱਚ ਬਹੁਤੀ ਗੰਭੀਰਤਾ ਨਹੀਂ ਸੀ ਦੇਖੀ ਜਾ ਰਹੀ, ਪਰ ਹੁਣ ਸੰਗਤ ਦੇ ਮੈਂਬਰ ਧਿਰਾਂ ਦੇ ਨੁਮਾਇੰਦਿਆਂ ਨੂੰ ਸਵਾਲ ਕਰਨ ਲੱਗੇ ਹਨ। ਇੱਥੋਂ ਤੱਕ ਕਿ ਪੈਲਾਟਾਈਨ ਗੁਰੂਘਰ ਦੀ ਸਿਆਸਤ ਵਿੱਚ ਪਿਛਲੇ ਲੰਮੇ ਸਮੇਂ ਤੋਂ ਸਰਗਰਮ ਰਹੇ ਇੱਕ ਧੜੇ ('ਪੰਥਕ ਸਲੇਟ' ਨਹੀਂ) ਦੀ ਨੁਮਾਇੰਦਗੀ ਵਾਲੀ ਪ੍ਰਬੰਧਕ ਕਮੇਟੀ ਦੇ ਕਾਰਜਕਾਲ

⇒ ਬਾਕੀ ਸਫਾ 5 ਉਤੇ ਪੜ੍ਹੋ

Independent
Real Estate Broker
31 ਮਾਰਚ 2026 ਤੱਕ .75% ਕਮਿਸ਼ਨ 'ਤੇ ਆਪਣੀ ਜਾਇਦਾਦ ਨੂੰ ਸੂਚੀਬੱਧ ਕਰਨ ਲਈ ਵਿਸ਼ੇਸ਼ ਪੇਸ਼ਕਸ਼
Special offer to list your property at .75% commission until March 31, 2026
ਘਰ ਖਰੀਦਣ/ਵੇਚਣ ਲਈ ਤਸੱਲੀਬਖ਼ਸ਼ ਸੇਵਾਵਾਂ ਅਤੇ ਹੋਰ ਜਾਣਕਾਰੀ ਲਈ ਸੰਪਰਕ ਕਰੋ:
ਫੋਨ: 847-401-6552

ਭੁਪਿੰਦਰ ਸਿੰਘ ਝੱਜ

Mortgage Loans
Residential & Commercial
(Licensed Mortgage Originator)
» Call: Amrik P. Singh
Serving Community from Last 14 Years
312-608-0006
asingh@gosfmc.com www.gosfmc.com
2700 Patriot Blvd., Suite 110 Glenview IL 60026
Solutions Financial Mortgage Company

NMLS #232904

Regal Jewels
773-262-4377 www.RegalJewels.com


DIAMONDS AT THEIR BEST, PRICES AT THEIR LOWEST!
ਪ੍ਰੀਮੀਅਮ ਹੀਰੇ, ਜੋ ਪਹਿਲਾਂ ਮਹਿੰਗੇ ਸਨ, ਹੁਣ ਆਪਣੇ ਅੰਤਿਮ ਅਤੇ ਸਭ ਤੋਂ ਵਧੀਆ ਕੀਮਤ 'ਤੇ—ਹੁਣ ਹਰ ਕੋਈ ਇਸ ਨੂੰ ਖਰੀਦ ਸਕਦਾ ਹੈ!
Regal Jewels
Contact Us
Phone Number: 773-262-4377
Whatsapp Number: 773-517-0574
Website: www.RegalJewels.com

# ਕਿਸਾਨ ਭਰਾਵਾਂ ਦੀ ਖੁਦਕੁਸ਼ੀ ਨੇ ਵਧਾਇਆ ਪੰਜਾਬ ਸਰਕਾਰ ਦਾ ਸੰਕਟ

ਜਸਵੀਰ ਸਿੰਘ ਸ਼ੀਰੀ

***ਲਾਲਜੀਤ ਸਿੰਘ ਭੁੱਲਰ ਅਤੇ ਉਸ ਦਾ ਪੀ.ਏ. ਗ੍ਰਿਫਤਾਰ *ਗਗਨਦੀਪ ਸਿੰਘ ਦੀ ਪਤਨੀ ਨੂੰ ਮਿਲ ਰਹੀਆਂ ਧਮਕੀਆਂ***

ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਵਿੱਚ ਦੋ ਜਵਾਨ ਭਰਾਵਾਂ ਵੱਲੋਂ ਕੀਤੀਆਂ ਗਈਆਂ ਖੁਦਕਸ਼ੀਆਂ ਨੇ ਪੰਜਾਬ ਸਰਕਾਰ ਦਾ ਸਿਆਸੀ ਸੰਕਟ ਹੋਰ ਵਧਾ ਦਿੱਤਾ ਹੈ। ਹਾਲ ਹੀ ਵਿੱਚ ਪੰਜਾਬ ਵੇਅਰਹਾਊਸ ਵਿਭਾਗ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਮੁਖੀ ਡਾ. ਗਗਨਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਗਈ ਖੁਦਕਸ਼ੀ 'ਤੇ ਵਿਵਾਦ ਨੇ ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਨੂੰ ਇੱਕ ਸਿਆਸੀ ਝਮੇਲੇ ਵਿੱਚ ਪਾ ਦਿੱਤਾ ਸੀ। ਇਹ ਖ਼ਬਰ ਬੇਹੱਦ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਫਰੀਦਕੋਟ ਜ਼ਿਲ੍ਹੇ ਦੇ ਦੋ ਜਵਾਨ ਜਹਾਨ ਕਿਸਾਨਾਂ ਨੇ ਇਕੱਠਿਆਂ ਜੋਟੀ ਪਾ ਕੇ ਰੇਲਗੱਡੀ ਅੱਗੇ ਛਾਲ ਮਾਰ ਦਿੱਤੀ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ ਜਸਕਰਨ ਸਿੰਘ ਦੀ ਉਮਰ 38 ਸਾਲ ਸੀ ਅਤੇ ਉਸ ਦੇ ਭਰਾ ਜਸਵਿੰਦਰ ਸਿੰਘ ਦੀ 34 ਸਾਲ ਦੀ। ਇਹ ਕਿਸਾਨ ਛੋਟੇ ਜ਼ਿਮੀਂਦਾਰ ਸਨ ਅਤੇ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦੇ ਸਨ। ਆਲੂਆਂ ਦੀ ਫਸਲ ਇਸ ਵਾਰ ਪੰਜਾਬ ਵਿੱਚ ਰੁਲ਼ ਗਈ ਹੈ ਅਤੇ ਇਸ ਕਾਰਨ ਪਏ ਘਾਟੇ ਨੇ ਹੀ ਇਨ੍ਹਾਂ ਕਿਸਾਨਾਂ ਨੂੰ ਖੁਦਕੁਸ਼ੀ ਵਾਲਾ ਅੱਤਿ ਦਾ ਕਦਮ ਚੁੱਕਣ ਲਈ ਮਜਬੂਰ ਕੀਤਾ। ਅੰਮ੍ਰਿਤਸਰ ਦੇ ਵੇਅਰਹਾਊਸ ਦੇ ਐਮ.ਡੀ. ਗਗਨਦੀਪ ਸਿੰਘ ਵੱਲੋਂ ਲਾਲਜੀਤ ਭੁੱਲਰ ਤੋਂ ਸਤ ਕੇ ਕੀਤੀ ਗਈ ਖੁਦਕੁਸ਼ੀ ਨੇ ਪੰਜਾਬ ਸਰਕਾਰ ਵੱਲੋਂ ਗਿਣਾਈਆਂ ਜਾ ਰਹੀਆਂ ਆਪਣੀ ਪ੍ਰਾਪਤੀਆਂ ਦੀ ਮੁਹਿੰਮ ਉੱਪਰ ਲਗਪਗ ਪਾਣੀ ਫੇਰ ਦਿੱਤਾ ਹੈ। ਖੁਦਕੁਸ਼ੀ ਦੇ ਇਹ ਦੋਨੋ ਮਸਲੇ ਲਗਦਾ ਆਮ ਆਦਮੀ ਪਾਰਟੀ ਦਾ ਆ ਰਹੀਆਂ ਚੋਣਾਂ ਤੱਕ ਸਿਆਸੀ ਖਹਿੜਾ ਛੱਡਣ ਵਾਲੇ ਨਹੀਂ ਹਨ।

ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਪਿਛਲੇ ਛੇ ਕੁ ਮਹੀਨੇ ਤੋਂ ਅਗਲੇ ਸਾਲ ਦੇ ਮੁੱਢ ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾਂ ਕਾਰਨ ਆਪਣੀ ਸਰਕਾਰ ਦਾ ਅਕਸ ਸੁਧਾਰਨ ਦਾ ਯਤਨ ਕਰ ਰਹੀ ਹੈ; ਪਰ ਪਾਰਟੀ ਦੇ ਪ੍ਰਚਾਰ ਨਾਲ ਪੇਂਟ ਕੀਤੇ ਸਮਾਜ ਦੀ ਅਸਲੀਅਤ ਵਿੱਚੋਂ ਨਿਕਲ ਰਹੀਆਂ ਘਟਨਾਵਾਂ ਸਰਕਾਰ ਦੇ ਸਾਰੇ ਪ੍ਰਵਚਨ ਨੂੰ ਭੰਗ ਕਰੀਂ ਤੁਰੀ ਜਾਂਦੀਆਂ ਹਨ। ਪੰਜਾਬ ਵਿੱਚ ਖੁਦਕੁਸ਼ੀ ਦਾ ਵਰਤਾਰਾ ਜਿਹੜਾ ਦਹਾਕਾ ਕੁ ਪਹਿਲਾਂ ਤੱਕ ਸਿਰਫ ਕਿਸਾਨਾਂ ਅਤੇ ਮਾੜੀ ਆਰਥਿਕਤਾ ਵਾਲੇ ਹੋਰ ਕਾਮਿਆਂ ਤੱਕ ਸੀਮਤ ਸੀ, ਉਹ ਹੁਣ ਪੰਜਾਬ ਦੀ ਸੀਨੀਅਰ ਅਫਸਰਸ਼ਾਹੀ ਨੂੰ ਵੀ ਪ੍ਰਭਾਵਤ ਕਰ ਲੱਗਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸਾਡੀਆਂ ਸਿਆਸੀ ਪਾਰਟੀਆਂ ਅਤੇ ਰਾਜਸੱਤਾ ਵਿੱਚ ਮੌਜੂਦ ਕੁਲੀਨ ਤਬਕੇ ਵੀ ਅੰਤ ਨੂੰ ਵਿਆਪਕ ਹੋ ਰਹੇ ਸਮਾਜਿਕ ਵਰਤਾਰਿਆਂ ਤੋਂ ਸੁਰੱਖਿਅਤ ਨਹੀਂ ਹਨ। ਜਿਹੜੀਆਂ ਬਿਮਾਰੀਆਂ ਸਮਾਜ ਦੇ ਸਧਾਰਨ ਲੋਕਾਂ ਨੂੰ ਲੱਗਣਗੀਆਂ, ਉਹ ਅਖੀਰ ਨੂੰ ਉਪਰਲੇ ਵਰਗਾਂ ਤੱਕ ਵੀ ਦੇਰ ਸਵੇਰ ਪਹੁੰਚਣਗੀਆਂ। ਗਗਨਦੀਪ ਸਿੰਘ ਦੇ ਮਾਮਲੇ ਵਿੱਚ ਭਾਵੇਂ ਪੰਜਾਬ ਪੁਲਿਸ ਨੇ ਘਟਨਾ ਵਾਪਰਨ ਤੋਂ 60 ਘੰਟੇ ਬਾਅਦ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫਤਾਰ ਕਰ ਲਿਆ, ਪਰ ਉਸ ਦੇ ਪਿਤਾ ਸੁਖਦੇਵ ਸਿੰਘ ਦੀ ਗ੍ਰਿਫਤਾਰੀ ਹੋਣੀ ਹਾਲੇ ਵੀ ਬਾਕੀ ਹੈ। ਜਦੋਂਕਿ ਸਰਾਕਾਰ ਦੇ ਦਬਾਅ ਹੇਠ ਗਗਨਦੀਪ ਦੇ ਪਰਿਵਾਰ ਨੇ ਪੋਸਟਮਾਰਟਮ ਤੋਂ ਬਾਅਦ ਉਸ ਦੀ ਦੇਹ ਦਾ ਅੰਤਿਮ ਸਸਕਾਰ ਕਰ ਦਿੱਤਾ ਹੈ।

ਇਸ ਮਾਮਲੇ ਵਿੱਚ ਵੇਖਣ ਵਾਲੀ ਗੱਲ ਇਹ ਵੀ ਹੈ ਕਿ ਸੀਨੀਅਰ ਸਰਕਾਰੀ ਅਫਸਰ ਵੱਲੋਂ ਸਲਫਾਸ ਦੀਆਂ ਗੋਲੀਆਂ ਖਾ ਕੇ ਕੀਤੀ ਗਈ ਖੁਦਕਸ਼ੀ ਤੋਂ ਬਾਅਦ 18 ਘੰਟੇ ਤੱਕ ਐਫ.ਆਈ.ਆਰ. ਦਰਜ ਨਹੀਂ ਕੀਤੀ ਗਈ। ਲਾਲਜੀਤ ਭੁੱਲਰ ਦੀ ਗ੍ਰਿਫਤਾਰੀ ਨੂੰ 60 ਘੰਟੇ ਦਾ ਸਮਾਂ ਲੱਗ ਗਿਆ। ਅਖੀਰ ਗਗਨਦੀਪ ਸਿੰਘ ਦੀ ਪਤਨੀ ਅਤੇ ਬੱਚਿਆਂ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਆਣ ਕੇ ਕਹਿਣਾ ਪਿਆ ਕਿ ਜੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਉਹ ਕੁਝ ਵੀ ਕਰਨ ਲਈ ਤਿਆਰ ਹਨ। ਉਨ੍ਹਾਂ ਆਪਣੇ ਇਸ ਬਿਆਨ ਤੋਂ ਅਗਲੇ ਦਿਨ ਇੱਕ ਹੋਰ ਵੱਧ ਮੰਦਭਾਗੀ ਗੱਲ ਕਹੀ ਕਿ ਸਾਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਜੇ ਤੁਸੀਂ ਮਾਮਲੇ ਨੂੰ ਤੂਲ ਦਿੱਤੀ ਤਾਂ ਤੁਹਾਡੇ ਖਿਲਾਫ ਵੀ ਕੋਈ ਝੂਠਾ ਸੱਚਾ ਕੇਸ ਦਰਜ ਕਰ ਦਿੱਤਾ ਜਾਵੇਗਾ।

ਸਥਿਤੀ ਨੂੰ ਥੋੜ੍ਹਾ ਜਿਹਾ ਕਲਪ ਕੇ ਵੇਖੋ, ਸਾਡੀਆਂ ਸਿਆਸੀ ਸਮਾਜਿਕ ਹਾਲਤਾਂ ਕਿੰਨੀਆਂ ਭਿਆਨਕ ਅਤੇ ਬੇਤਰਸ ਹੋ ਚੁੱਕੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਦਇਆ ਦਾ ਜਾਇਆ ਦੱਸਿਆ ਹੈ (ਧੌਲੁ ਧਰਮੁ ਦਇਆ ਕਾ ਪੂਤੁ)। ਦਿਸਦੀ ਦਇਆ ਕਿਧਰੇ ਪੰਜਾਬੀ ਸਮਾਜ ਵਿੱਚ? ਗੁਰੂ ਨਾਨਕ ਦੇਵ ਜੀ ਨੇ ਉਦੋਂ ਦੇ ਪ੍ਰਚਲਤ ਧਰਮਾਂ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਧਰਮ ਇਸ ਸਮਾਜ ਵਿੱਚੋਂ ਫੰਘ ਲਾ ਕੇ ਉਡ ਗਿਆ ਹੈ, ਕੀ ਮੌਜੂਦਾ ਸਾਡੇ ਸਮਾਜ ਦੀ ਸਥਿਤੀ ਉਸ ਤੋਂ ਵੱਖਰੀ ਹੈ? ਧਰਮ ਹੁਣ ਪੰਜਾਬ ਵਿੱਚੋਂ ਵੀ ਫੰਘ ਲਾ ਕੇ ਉਡ ਗਿਆ ਹੈ। ਧਰਮ ਹੀ ਅਸਲ ਵਿੱਚ ਆਦਰਸ਼ਕ ਸਮਾਜ ਦੀ ਨੀਂਹ ਰੱਖਦਾ ਹੈ। ਜਾਂ ਇਉਂ ਕਹੋ ਧਾਰਮਿਕ ਆਦਰਸ਼ਾਂ ਕਰਕੇ ਹੀ ਸਮਾਜ ਬਣਦਾ ਹੈ; ਇਸ ਤੋਂ ਬਿਨਾ ਮਨੁੱਖ ਜੰਗਲੀ ਪਸ਼ੂ ਦੇ ਸਮਾਨ ਹੀ ਹੈ। ਜਿਹੜੇ ਧਰਮ, ਸਮਾਜ ਅਤੇ ਸਿਆਸਤ ਨੂੰ ਵੱਖ-ਵੱਖ ਕਰਕੇ ਵੇਖਦੇ ਹਨ- ਉਹ ਵੇਖ ਸਕਦੇ ਹਨ ਕਿ ਅਮਰੀਕਾ, ਇਰਾਨ ਅਤੇ ਇਜ਼ਰਾਇਲ ਵਿੱਚ ਜੋ ਲੜਾਈ ਚੱਲ ਰਹੀ ਹੈ; ਉਸ ਵਿੱਚ ਧਰਮ ਅਤੇ ਧਰਮ ਆਧਾਰਤ ਸਮਾਜ ਕੇਂਦਰ ਵਿੱਚ ਹਨ। ਇਹ ਇੱਕੀਵੀਂ ਸਦੀ ਦੇ ਤੀਜੇ ਦਹਾਕੇ ਦਾ ਸੱਚ ਹੈ, ਜਿਸ ਤੋਂ ਅੱਖਾਂ ਫੇਰਨ ਨਾਲ ਮਸਲਿਆਂ ਦੇ ਹੱਲ ਸੰਭਵ ਨਹੀਂ ਹਨ।

ਸੁਆਲ ਅਸਲ ਵਿੱਚ ਧਰਮ ਵੱਲੋਂ ਉਭਾਰੇ ਆਦਰਸ਼ਾਂ ਨੂੰ ਸਮਾਜ ਵਿੱਚ ਅਮਲੀ ਰੂਪ ਵਿੱਚ ਲਾਗੂ ਕਰਨ ਦੇ ਯਤਨਾਂ ਦਾ ਹੈ। ਇਹ ਠੀਕ ਹੈ ਕਿ ਮਨੁੱਖ ਦੇ ਰੀਅਲ ਸੈਲਫ ਅਤੇ ਆਦਰਸ਼ਕ ਸੈਲਫ ਵਿਚਕਾਰ ਹਮੇਸ਼ਾ ਪਾੜਾ ਰਿਹਾ ਹੈ ਅਤੇ ਇਹ ਭਵਿੱਖ ਵਿੱਚ ਵੀ ਰਹੇਗਾ, ਪਰ ਮਨੁੱਖੀ ਅਤੇ ਸਮੂਹਿਕ ਸਮਾਜਿਕ ਸੈਲਫ ਨੂੰ ਇੱਕ ਸੁਪਨਮਈ ਆਦਰਸ਼ਕ ਸੈਲਫ ਤੋਂ ਬਿਨਾ ਤੁਸੀਂ ਬਣਾ ਹੀ ਨਹੀਂ ਸਕਦੇ। ਇਸ ਪੱਖੋਂ ਮਾਰਕਸਵਾਦ ਨੇ ਵੀ ਇੱਕ ਆਦਰਸ਼ਕ ਮਨੁੱਖੀ ਸਮਾਜ 'ਕਮਿਊਨ' ਦੀ ਕਲਪਨਾ ਹੀ ਕੀਤੀ ਸੀ, ਜਿਸ ਨੂੰ ਵਿਗਿਆਨਕ ਵਿਚਾਰਧਾਰਾ ਦਾ ਲਿਬਾਸ ਪਹਿਨਾਇਆ ਗਿਆ ਸੀ। ਇਸੇ ਕਰਕੇ ਬਹੁਤ ਸਾਰੇ ਕਮਿਊਨਿਸਟਾਂ ਨੇ ਇਸ ਵਿਗਿਆਨਕ ਫਿਲਾਸਫੀ ਨੂੰ ਧਰਮ ਵਾਲੇ ਚੋਗੇ ਵਾਂਗ ਹੀ ਪਹਿਨ ਲਿਆ ਸੀ। ਬਾਅਦ ਵਿੱਚ ਇਸ ਦੇ ਬਹੁਤੇ ਪੈਰੋਕਾਰ ਆਦਰਸ਼ਾਂ ਤੋਂ ਕੋਰੇ ਨਾਸਤਿਕਤਾ ਵਾਲੇ ਘੇਰੇ ਵਿੱਚ ਚਲੇ ਗਏ। ਜੇ ਮੁਹੰਮਦ ਇਕਬਾਲ ਨੂੰ ਕੋਟ ਕਰਾਂ ਤਾਂ ਧਰਮ ਤੋਂ ਬਿਨਾ ਸਮਾਜ ਚੰਗੇਜ਼ ਖਾਨ ਦੀ ਔਲਾਦ ਰਹਿ ਜਾਂਦਾ ਹੈ। ਵੇਖ ਲਓ ਅਮਰੀਕਾ ਅਤੇ ਇਜ਼ਰਾਇਲ ਨੂੰ, ਜਿੱਥੇ ਧਰਮ ਫੰਘ ਲਗਾ ਕੇ ਉਡ ਗਿਆ ਹੈ ਅਤੇ ਬਾਕੀ ਚੰਗੇਜ਼ ਖਾਨ ਦੀ ਔਲਾਦ ਰਹਿ ਗਈ ਹੈ! ਇਸ ਪੱਖ ਤੋਂ ਅੱਜ ਕੱਲ੍ਹ ਮੈਨੂੰ ਮਹਿਸੂਸ ਹੋ ਰਿਹਾ ਕਿ ਮੁਹੰਮਦ ਇਕਬਾਲ ਏਸ਼ੀਆ ਦਾ ਇੱਕ ਸਰਬਉਤਮ ਕਵੀ ਹੈ, ਜਿਸ ਨੂੰ ਬਹੁਤ ਜ਼ਿਆਦਾ ਅਣਗੌਲਿਆ ਕੀਤਾ ਗਿਆ।

ਸੋ, ਇਸ ਚੰਗੇਜ਼ੀ ਨੇ ਹੁਣ ਸਾਡੇ ਇਧਰ ਵੀ ਪੈਰ ਜਮਾ ਲਏ ਹਨ। ਇਹ ਇਸੇ ਕਰਕੇ ਨਹੀਂ ਕਿ ਪੰਜਾਬ ਦੀਆਂ ਦੋ ਯੂਨੀਵਰਸਿਟੀਆਂ ਨੇ ਰਾਜ ਦੇ ਕਿਸਾਨਾਂ ਅਤੇ ਹੋਰ ਕਿਰਤੀਆਂ ਦੀਆਂ ਖੁਦਕੁਸ਼ੀਆਂ ਉੱਪਰ ਵਿਆਪਕ ਅਧਿਅਨ ਕਰ ਦਿੱਤੇ ਹਨ ਅਤੇ ਰਿਪੋਰਟਾਂ ਵੀ ਸਰਕਾਰ ਨੂੰ ਸੌਂਪ ਦਿੱਤੀਆਂ ਹਨ। ਫਿਰ ਵੀ ਇਨ੍ਹਾਂ ਤਬਕਿਆਂ ਵਿੱਚ ਖੁਦਕੁਸ਼ੀਆਂ ਨੂੰ ਰੋਕਣ ਲਈ ਨਾ ਹਿੰਦੁਸਤਾਨ ਦੀ ਕੇਂਦਰ ਸਰਕਾਰ ਨੇ ਕੋਈ ਕਦਮ ਚੁੱਕੇ ਹਨ ਅਤੇ ਨਾ ਹੀ ਕਿਸੇ ਪੰਜਾਬ ਸਰਕਾਰ ਨੇ? ਹੜ੍ਹਾਂ ਵਿੱਚ ਪੰਜਾਬ ਨੇ ਆਪ ਹੀ ਆਪਣੇ ਆਪ ਨੂੰ ਸਾਂਭਿਆ। ਅੱਤਿ ਸੰਕਟਾਂ ਸਾਹਮਣੇ ਪੈਦਾ ਹੋਣ ਵਾਲਾ ਇਕਜੁੱਟ ਜਜ਼ਬਾ ਹੀ ਹੁਣ ਸਾਡੇ ਲਈ ਇੱਕ ਆਸ ਦੀ ਕਿਰਨ ਹੈ।

ਪਿਛਲੇ ਕੁਝ ਸਮੇਂ ਵਿੱਚ ਜੇ ਪੰਜਾਬ ਦੇ ਅਖਬਾਰਾਂ ਵਿੱਚ ਖੁਦਕੁਸ਼ੀਆਂ ਨਹੀਂ ਦਿਸਦੀਆਂ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਪੰਜਾਬ ਵਿੱਚ ਮੱਧ ਵਰਗੀ ਕਿਸਾਨਾਂ ਅਤੇ ਕਾਮਿਆਂ ਵਿੱਚ ਖੁਦਕੁਸ਼ੀਆਂ ਬੰਦ ਹੋ ਗਈਆਂ ਹਨ; ਇਹ ਅਖਬਾਰਾਂ ਦੇ ਅੰਦਰਲੇ ਸਫਿਆਂ 'ਤੇ ਚਲੇ ਗਈਆਂ ਹਨ। ਗਗਨਦੀਪ ਸਿੰਘ ਦੀ ਆਤਮ ਹੱਤਿਆ ਅਤੇ ਫਰੀਦਕੋਟ ਵਿੱਚ ਦੋ ਕਿਸਾਨਾਂ ਦੀ ਆਤਮ ਹੱਤਿਆ ਨੇ ਇੱਕ ਵਾਰ ਫਿਰ ਉਭਾਰ ਦਿੱਤਾ ਹੈ ਕਿ ਪੰਜਾਬੀ ਸਮਾਜ ਵਿੱਚ ਕੋਈ ਲਾਵਾ ਖੌਲ ਰਿਹਾ ਹੈ; ਜਿਸ ਦੀ ਤਬਾਹਕੁੰਨ ਤਾਕਤ ਫਿਲਹਾਲ ਅੰਤਰਮੁਖੀ ਹੋ ਗਈ ਹੈ, ਜਿਸ ਦਾ ਪ੍ਰਗਟਾਅ ਖੁਦਕਸ਼ੀਆਂ ਦੇ ਰੂਪ ਵਿੱਚ ਹੋ ਰਿਹਾ ਹੈ। ਇਸ ਦਾ ਮੂੰਹ ਬਾਹਰਲੀਆਂ (ਸਮਾਜਿਕ-ਸਿਆਸੀ) ਤਾਕਤਾਂ ਵੱਲ ਖੋਲ੍ਹਣ ਦੀ ਲੋੜ ਹੈ, ਜਿਨ੍ਹਾਂ ਨੇ ਇਹ ਹਾਲਾਤ ਪੈਦਾ ਕੀਤੇ ਹਨ।

ਜਗਤ ਪ੍ਰਸਿੱਧ ਸਮਾਜ ਵਿਗਿਆਨੀ ਦੁਰਖੀਮ ਨੇ ਆਪਣੀ ਕਿਤਾਬ 'ਖੁਦਕਸ਼ੀ' ਵਿੱਚ ਇਸ ਭਾਣੇ ਨੂੰ ਸਮਾਜਕ ਵਰਤਾਰਾ ਕਿਹਾ ਹੈ। ਸਾਡੇ ਸਮਾਜਿਕ ਜਿਸਮ ਦੇ ਅੰਦਰ ਬਣ ਰਹੇ ਫੋੜੇ ਦਾ ਮੂੰਹ ਬਾਹਰ ਵੱਲ ਖੋਲ੍ਹਣਾ ਹੀ ਪੈਣਾ ਹੈ। ਭਾਵੇਂ ਇਹ ਚੀਰਾ ਦੇ ਕੇ ਕਿਉਂ ਨਾ ਖੋਲ੍ਹਣਾ ਪਵੇ। ਇਸੇ ਵਿੱਚ ਇਸ ਦਾ ਹੱਲ ਹੈ। ਇੰਝ ਕੀਤਿਆਂ ਹੀ ਇਹ ਸ਼ਾਂਤ/ਤੰਦਰੁਸਤ ਹੋ ਸਕਦਾ ਹੈ।


PRIME PROPERTY MANAGEMENT

Reliable Real Estate Solutions for Smart Investors

PRIME PROPERTY MANAGEMENT

Our Services Include:

- Full-Service Property Management
- Tenant Placement & Screening
- Buying & Selling Representation
- Investment Property Analysis *(Cap Rate, DSCR, Cash Flow)*
- Rental Evaluations & Portfolio Growth Strategy

ਸਾਡੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਪੂਰੀ-ਸੇਵਾ ਜਾਇਦਾਦ ਪ੍ਰਬੰਧਨ
- ਕਿਰਾਏਦਾਰ ਪਲੇਸਮੈਂਟ ਅਤੇ ਸਕ੍ਰੀਨਿੰਗ
- ਖਰੀਦਦਾਰੀ ਅਤੇ ਵੇਚਣ ਦੀ ਪ੍ਰਤੀਨਿਧਤਾ
- ਨਿਵੇਸ਼ ਜਾਇਦਾਦ ਵਿਸ਼ਲੇਸ਼ਣ *(ਕੈਪ ਦਰ, DSCR, ਨਕਦ ਪ੍ਰਵਾਹ)*
- ਕਿਰਾਏ ਦੇ ਮੁਲੰਕਣ ਤੇ ਪੋਰਟਫੋਲੀਓ ਵਿਕਾਸ ਰਣਨੀਤੀ



ਵਰੁਣ ਮਲਹੋਤਰਾ
ਫੋਨ: 331-203-3733
*(ਸਥਾਨਕ ਨਿਵੇਸ਼ਕ ਅਤੇ ਰੀਅਲ ਅਸਟੇਟ ਪੇਸ਼ੇਵਰ)*

ਭਾਵੇਂ ਤੁਸੀਂ ਨਿਵੇਸ਼ਕ, ਖਰੀਦਦਾਰ ਜਾਂ ਵਿਕਰੇਤਾ ਹੋ - ਅਸੀਂ ਤੁਹਾਨੂੰ ਉਚਿਤ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਡੇਟਾ-ਆਧਾਰਿਤ ਸੂਝ ਪ੍ਰਦਾਨ ਕਰਦੇ ਹਾਂ

Providing professional property management and real estate services across Illinois.

Serving Plainfield, Naperville, Romeoville, Lemont, Oswego & Surrounding Communities

Referrals are always appreciated

*ਸ਼ਿਕਾਗੋਲੈਂਡ ਵਿੱਚ ਰਿਹਾਇਸ਼ੀ ਅਤੇ ਮਿਸ਼ਰਤ-ਵਰਤੋਂ ਵਾਲੀਆਂ ਜਾਇਦਾਦਾਂ ਨੂੰ ਪ੍ਰਾਪਤ ਕਰਨ, ਪ੍ਰਬੰਧਨ ਕਰਨ, ਵਿਸ਼ਲੇਸ਼ਣ ਕਰਨ ਅਤੇ ਅਨੁਕੂਲ ਬਣਾਉਣ ਦਾ 10 ਸਾਲਾਂ ਤੋਂ ਵੱਧ ਦਾ ਤਜਰਬਾ...*



Email: varun@primepropertymgnt.com - www.primepropertymgnt.com

ਗੁਰਦੁਆਰਾ ਸਾਹਿਬ ਪੈਲਾਟਾਈਨ ਦੇ ਸੁਚੱਜੇ ਪ੍ਰਬੰਧਾਂ ਅਤੇ ਸੰਵਿਧਾਨਕ ਟੀਚਿਆਂ ਹਿਤ ਪ੍ਰਬੰਧਕੀ ਸੇਵਾ ਸਮਰਪਿਤ ਭਾਵਨਾ ਨਾ.ਲ ਨਿਭਾਉਣ ਵਾਲੇ ਯੋਗ ਉਮੀਦਵਾਰ ਚੁਣਨ ਲਈ ਗੁਰੂ ਪਿਆਰੀ ਸੰਗਤ ਨੂੰ

# 'ਪੰਥਕ ਸਲੇਟ' ਵੱਲੋਂ ਪੁਰਜ਼ੋਰ ਅਪੀਲ

ਸਿੱਖ ਰਿਲੀਜੀਅਸ ਸੁਸਾਈਟੀ, ਗੁਰਦੁਆਰਾ ਸਾਹਿਬ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਦੀਆਂ 5 ਅਪਰੈਲ 2026 ਨੂੰ ਹੋਣ ਵਾਲੀਆਂ ਚੋਣਾਂ ਲਈ ਇਸ ਵਾਰ 'ਪੰਥਕ ਸਲੇਟ' ਵੱਲੋਂ ਵਾਅਦੇ ਅਨੁਸਾਰ ਆਪਣੀ ਟੀਮ ਵਿੱਚ 3 ਨੌਜਵਾਨ ਉਮੀਦਵਾਰਾਂ ਨੂੰ ਲਿਆ ਕੇ ਇੱਥੋਂ ਦੀ ਜੰਮ-ਪਲ ਅਤੇ ਪੜ੍ਹੀ-ਲਿਖੀ, ਸਥਾਨਕ ਤੌਰ-ਤਰੀਕਿਆਂ ਤੋਂ ਜਾਣੂੰ, ਸਮਝਦਾਰ ਨੌਜਵਾਨ ਪੀੜ੍ਹੀ ਨੂੰ ਪਹਿਲ ਦਿੱਤੀ ਜਾ ਰਹੀ ਹੈ, ਤਾਂ ਜੋ ਸੰਵਿਧਾਨਕ ਟੀਚਿਆਂ ਹਿਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਸੇਵਾ ਸੁਚੱਜੇ ਤੇ ਸਮਰਪਿਤ ਤਰੀਕੇ ਨਾ.ਲ ਨਿਭਾਈ ਜਾ ਸਕੇ ਅਤੇ ਸੰਗਤ ਦੀਆਂ ਲੋੜਾਂ ਦੀ ਪੂਰਤੀ ਗੁਰਮਤਿ ਤੇ ਸੰਵਿਧਾਨਕ ਆਦਰਸ਼ਾਂ ਅਨੁਸਾਰ ਹੋ ਸਕੇ।

## 5 ਅਪਰੈਲ 2026, ਦਿਨ ਐਤਵਾਰ ਨੂੰ ਆਪਣਾ ਕੀਮਤੀ ਵੋਟ ਇਸ ਟੀਮ ਨੂੰ ਦੇ ਕੇ ਕਾਮਯਾਬ ਕਰੋ ਜੀ

Candidates for **BOT** (Board Of Trustees)

1 ☑ Barham, Satinder Singh ਬ੍ਰਹਮ, ਸਤਿੰਦਰ ਸਿੰਘ



2 ☑ Clair, Prabhjit Kaur ਕਲੇਰ, ਪ੍ਰਭਜੀਤ ਕੌਰ



3 ☑ Gill, Gurkirat Singh ਗਿੱਲ, ਗੁਰਕੀਰਤ ਸਿੰਘ



5 ☑ Multani, Tarlochan Singh ਮੁਲਤਾਨੀ, ਤਰਲੋਚਨ ਸਿੰਘ



6 ☑ Singh, Amndip ਸਿੰਘ, ਅਮਨਦੀਪ



---

**CIC** 2 ☑ Singh, Kanwar Harinder ਸਿੰਘ, ਕੰਵਰ ਹਰਿੰਦਰ



## 'ਪੰਥਕ ਸਲੇਟ' ਦੇ ਪਿਛਲੇ ਬੋਰਡ (2022-2026) ਨੇ ਪੁਰਜ਼ੋਰ ਮਿਹਨਤ ਅਤੇ ਸੰਗਤ ਦੇ ਸਹਿਯੋਗ ਨਾ.ਲ ਸੰਗਤ ਦੀ ਸੇਵਾ ਲਈ ਚੋਣਵੇਂ ਜ਼ਰੂਰੀ ਕਾਰਜ ਪੂਰੇ ਕੀਤੇ, ਜਿਨ੍ਹਾਂ ਵਿੱਚੋਂ ਕੁੱਝ ਦਾ ਵੇਰਵਾ ਇਸ ਤਰ੍ਹਾਂ ਹੈ:

- ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸਤਿਕਾਰ ਸਹਿਤ ਲਿਜਾਣ-ਲਿਆਉਣ ਲਈ ਨਵੀਂ ਵੈਨ ਖਰੀਦੀ ਗਈ।
- ਲਗਾਤਾਰ ਕੀਰਤਨ ਦਰਬਾਰ ਅਤੇ ਸਾਲਾਨਾ ਅੰਮ੍ਰਿਤ ਸੰਚਾਰ ਦਾ ਨਿਯਮਿਤ ਆਯੋਜਨ ਕੀਤਾ ਗਿਆ।
- ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸਾਂਭ-ਸੰਭਾ.ਲ ਤਹਿਤ ਵਾਤਾਅਨੁਕੂਲ ਇੱਕਸਾਰਤਾ ਲਈ ਨਵੇਂ HVAC ਸਿਸਟਮ ਲਾਏ ਗਏ, ਪਾਰਕਿੰਗ ਨਵੀਂ ਬਣਾਈ ਗਈ।
- ਮਾਤਾਵਾਂ ਲਈ ਛੋਟੇ ਬੱਚਿਆਂ ਨੂੰ ਦੁੱਧ ਪਿਲਾਉਣ ਜਾਂ ਸਾਂਭ-ਸੰਭਾਲ ਲਈ ਅਤੇ ਵਿਆਹ ਵਾਲੀਆਂ ਲੜਕੀਆਂ ਦੇ ਤਿਆਰ ਹੋਣ ਤੇ ਬੈਠਣ ਲਈ ਕਮਰਾ ਤਿਆਰ ਕੀਤਾ ਗਿਆ।
- ਪਾਲਕੀ ਸਾਹਿਬ, ਕੀਰਤਨੀ ਜਥਿਆਂ ਲਈ ਸਟੇਜ ਅਤੇ ਦਰਬਾਰ ਸਾਹਿਬ ਦੀ ਸਜਾਵਟ ਕੀਤੀ ਗਈ। ਕੀਰਤਨੀ ਜਥਿਆਂ ਲਈ ਬਣੇ ਬਾਥਰੂਮਾਂ ਨੂੰ ਰੀਮਾਡਲ ਕੀਤਾ ਗਿਆ (ਪੂਰੀ ਤਰ੍ਹਾਂ ਨਵਿਆਏ ਗਏ) ਅਤੇ ਮੀਟਿੰਗ ਰੂਮ ਵਿੱਚ ਆਧੁਨਿਕ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ।
- ਮਾਇਕ ਪ੍ਰਬੰਧ ਰਾਹੀਂ ਵਿੱਤੀ ਸਥਿਤੀ ਨੂੰ ਮਜਬੂਤ ਕੀਤਾ ਗਿਆ ਅਤੇ 1080 ਡੀਅਰ ਐਵੇਨਿਊ (ਕਮਿਊਨਿਟੀ ਸੈਂਟਰ) ਵਾਲੀ ਜਾਇਦਾਦ ਦੇ ਕਰਜ਼ੇ ਦਾ ਭੁਗਤਾਨ ਕੀਤਾ ਗਿਆ।
- ਰੈਫਰੈਂਡਮ ਰਾਹੀਂ ਸੰਗਤ ਦੇ ਫੈਸਲੇ ਅਨੁਸਾਰ ਪਰਸ਼ਾਦਾ ਤਿਆਰ ਕਰਨ ਵਾਲੀ ਮਸ਼ੀਨ ਲਾਈ ਗਈ ਅਤੇ ਮੈਂਬਰਸ਼ਿਪ ਵਿਵਸਥਾ ਤੇ ਫੀਸ 'ਚ ਸੁਧਾਰ ਕੀਤਾ ਗਿਆ।
- ਗੁਰਮਤਿ ਸਕੂਲ ਵਿੱਚ ਪੁਰਅਸਰ ਮੁਢਲੀ ਪੰਜਾਬੀ/ਗੁਰਮੁਖੀ ਸਿੱਖਿਆ ਲਈ 'ਵਿਜ਼ੂਅਲ ਲਰਨਿੰਗ' ਅਤੇ 'ਡਿਜੀਟਲ ਲਰਨਿੰਗ' ਪਲੈਟਫਾਰਮਾਂ ਦੀ ਸਹੂਲਤ ਸ਼ੁਰੂ ਕੀਤੀ ਗਈ, ਜਿਸ ਨਾ.ਲ ਪੰਜਾਬੀ ਤੇ ਗੁਰਮੁਖੀ ਸਿੱਖਿਆ ਦੇ ਵਿਦਿਆਰਥੀਆਂ ਵਿੱਚ 83% ਦਾ ਵਾਧਾ ਹੋਇਆ।

**ਪਿਛਲੀ ਵਾਰ ਦੀ ਤਰ੍ਹਾਂ ਭਵਿੱਖ ਵਿੱਚ ਵੀ ਲਗਾਤਾਰ ਗੁਰਦੁਆਰਾ ਸਾਹਿਬ ਤੇ ਸੰਗਤ ਦੀ ਸੇਵਾ ਅਤੇ ਪੁਰਜ਼ੋਰ ਨਿਰਮਾਣ ਪੂਰਵਕ ਕਾਰਜਾਂ ਦੀ ਪੂਰਤੀ ਲਈ 'ਪੰਥਕ ਸਲੇਟ' ਵੱਲੋਂ ਚੁਣੇ ਇਨ੍ਹਾਂ ਯੋਗ ਉਮੀਦਵਾਰਾਂ ਨੂੰ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਸਾਹਿਬ ਪੈਲਾਟਾਈਨ) ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਆਪਣਾ ਕੀਮਤੀ ਵੋਟ ਦੇ ਕੇ ਕਾਮਯਾਬ ਕਰੋ ਜੀ**

# 'ਪੰਥਕ ਸਲੇਟ' ਵੱਲੋਂ ਗੁਰੂਘਰ ਦੇ ਸੁਚਾਰੂ ਪ੍ਰਬੰਧਾਂ ਦਾ ਤਹੱਈਆ

**ਪੰਜਾਬੀ ਪਰਵਾਜ਼ ਬਿਊਰੋ**

**ਸ਼ਿਕਾਗੋ:** ਲੰਘੇ ਸ਼ਨਿਚਰਵਾਰ, 21 ਮਾਰਚ ਨੂੰ 'ਪੰਥਕ ਸਲੇਟ' ਵੱਲੋਂ ਕੀਤੇ ਗਏ ਇੱਕ ਇਕੱਠ ਦੌਰਾਨ ਗੁਰੂਘਰ ਦੇ ਸੁਚਾਰੂ ਪ੍ਰਬੰਧਾਂ ਤੇ ਉਦੇਸ਼ਾਂ, ਗੁਰਮਤਿ ਸਕੂਲ ਦੀਆਂ ਗਤੀਵਿਧੀਆਂ, ਭਾਈਚਾਰੇ ਨਾਲ ਰਾਬਤਾ ਗੂੜ੍ਹਾ ਕਰ ਕੇ ਉਨ੍ਹਾਂ ਦੀ ਗੁਰੂਘਰ ਵਿੱਚ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਅਤੇ 'ਕੇਸਾਧਾਰੀ ਸਿੱਖਾਂ ਤੇ ਸਹਿਜਧਾਰੀ ਸਿੱਖਾਂ' ਵਿਚਾਲੇ ਵਧਦੇ ਕਥਿਤ ਫਾਸਲੇ ਨੂੰ ਦੂਰ ਕਰਨ ਸਮੇਤ ਹੋਰਨਾਂ ਵਿਕਾਸ ਕਾਰਜਾਂ 'ਤੇ ਧਿਆਨ ਕੇਂਦਰਿਤ ਕਰਨ ਦਾ ਤਹੱਈਆ ਕੀਤਾ ਗਿਆ ਹੈ। ਹਾਲਾਂਕਿ ਇਸ ਮੀਟਿੰਗ ਦੌਰਾਨ ਕੁਝ ਬੁਲਾਰਿਆਂ ਨੇ ਇਲੈਕਸ਼ਨ ਦੀ ਥਾਂ ਸਿਲੈਕਸ਼ਨ ਕੀਤੇ ਜਾਣ ਦੀ ਗੱਲ ਵੀ ਆਖੀ; ਪਰ ਅਸਲ ਵਿੱਚ ਦੋਵੇਂ ਧਿਰਾਂ ਹੁਣ ਉਸ ਪੜਾਅ ਤੋਂ ਅੱਗੇ ਨਿਕਲ ਗਈਆਂ ਜਾਪਦੀਆਂ ਹਨ।

ਇਸ ਮੌਕੇ 'ਪੰਥਕ ਸਲੇਟ' ਦੇ ਉਮੀਦਵਾਰਾਂ ਨੇ ਵੀ ਆਪਣੇ ਵਿਚਾਰ ਪ੍ਰਗਟਾਏ ਅਤੇ ਕਿਹਾ ਕਿ ਉਹ ਗੁਰਦੁਆਰਾ ਪ੍ਰਬੰਧਾਂ ਨੂੰ ਪਾਰਦਰਸ਼ੀ ਬਣਾਉਣ, ਗੁਰਮਤਿ ਸਿਧਾਂਤ ਤੇ ਸੰਵਿਧਾਨ ਨੂੰ ਸਨਮੁੱਖ ਰੱਖ ਕੇ ਕਾਰਜ ਕਰਨ ਅਤੇ ਬੱਚਿਆਂ ਨੂੰ ਸਿਰਫ ਗੁਰਮਤਿ ਸਕੂਲ ਤੱਕ ਜੋੜਨ ਲਈ ਮਹਿਦੂਦ ਨਹੀਂ ਰਹਿਣਗੇ, ਸਗੋਂ ਗੁਰਦੁਆਰਾ ਸਾਹਿਬ ਤੋਂ ਬਾਹਰ ਵੀ ਉਨ੍ਹਾਂ ਦੀਆਂ ਗਤੀਵਿਧੀਆਂ ਲਈ ਯਤਨਸ਼ੀਲ ਹੋਣਗੇ ਤੇ ਬੱਚਿਆਂ ਦੀ ਪੰਜਾਬੀ ਬੋਲੀ ਨਾਲ ਸਾਂਝ ਯਕੀਨੀ ਬਣਾਉਣ ਲਈ ਭਾਈਚਾਰੇ ਦੇ ਸੁਝਾਵਾਂ ਨਾਲ ਹੀ ਅੱਗੇ ਵਧਣਗੇ। ਸਵਾਲ-ਜਵਾਬ ਦੇ ਸੈਸ਼ਨ ਦੌਰਾਨ ਉਮੀਦਵਾਰਾਂ ਨੇ ਆਪਣੇ ਟੀਚਿਆਂ 'ਤੇ ਧਿਆਨ ਕੇਂਦਰਿਤ ਕੀਤਾ। ਭਾਈਚਾਰੇ ਨਾਲ ਜੁੜੇ ਗੁਰਮਤਿ ਅਤੇ ਸਮਾਜਿਕ ਮੁੱਦਿਆਂ ਉਤੇ ਵੀ ਚਰਚਾ ਹੋਈ; ਕਿਉਂਕਿ ਜਿਉਂ ਜਿਉਂ ਭਾਈਚਾਰਾ ਵਧ ਰਿਹਾ ਹੈ, ਸਮੱਸਿਆਵਾਂ ਵੀ ਦਰਪੇਸ਼ ਹੋ ਰਹੀਆਂ ਹਨ। ਇਸ ਗੱਲ 'ਤੇ ਤਸੱਲੀ ਜਾਹਰ ਕੀਤੀ ਗਈ ਕਿ ਆਪਸੀ ਮਤਭੇਦਾਂ ਦੇ ਬਾਵਜੂਦ ਅਸੀਂ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹਾਂ।

ਇਸ ਮੌਕੇ ਮੰਚ ਸੰਭਾਲਦਿਆਂ 'ਪੰਥਕ ਸਲੇਟ' ਦੇ ਇੱਕ ਨੁਮਾਇੰਦੇ ਸੰਤ ਬਲਬੀਰ ਸਿੰਘ ਨੇ ਦੱਸਿਆ ਕਿ 'ਪੰਥਕ ਸਲੇਟ' 2006 ਵਿੱਚ ਹੋਂਦ ਵਿੱਚ ਆਈ ਸੀ। ਉਸ ਤੋਂ ਪਹਿਲਾਂ ਬਹੁਤ ਕਮੇਟੀਆਂ ਆਈਆਂ, ਉਨ੍ਹਾਂ ਨੇ ਵੀ ਗੁਰਦੁਆਰਾ ਸਾਹਿਬ ਦੀ ਬਿਹਤਰੀ ਲਈ ਬਹੁਤ ਕੰਮ ਕੀਤੇ, ਪਰ ਬਾਅਦ ਵਿੱਚ 'ਪੰਥਕ ਸਲੇਟ' ਨੇ ਵੀ ਕਾਫੀ ਕੁਝ ਕੀਤਾ। ਸਾਲ 2008 ਤੋਂ ਕਾਰਸੇਵਾ ਦਾ ਪ੍ਰਾਜੈਕਟ ਨਿਰੰਤਰ ਚੱਲ ਰਿਹਾ ਹੈ, ਗੁਰਦੁਆਰਾ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਵਧੀ ਹੈ ਅਤੇ ਵਿੱਤੀ ਪ੍ਰਬੰਧ ਵਧੀਆ ਹੋਇਆ ਹੈ; ਆਦਿ। ਉਨ੍ਹਾਂ ਕਿਹਾ ਕਿ ਇਹ ਇਕੱਠ ਸਿਰਫ ਵੋਟਾਂ ਲਈ ਨਹੀਂ, ਸਗੋਂ ਇਹੋ ਸਮਾਂ ਹੈ ਕਿ ਅਸੀਂ ਗੁਰੂਘਰ ਨਾਲ ਜੁੜੇ ਮਸਲਿਆਂ ਨੂੰ ਵਿਚਾਰ ਸਕੀਏ ਤੇ ਉਮੀਦਵਾਰ ਨੂੰ ਉਸ ਸਬੰਧੀ ਸਵਾਲ ਕਰ ਸਕੀਏ।

ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਹਰਕੀਰਤ ਸਿੰਘ ਸੰਧੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 'ਪੰਥਕ ਸਲੇਟ' ਵੱਲੋਂ ਨੌਜਵਾਨਾਂ ਨੂੰ ਉਮੀਦਵਾਰ ਐਲਾਨ ਕੇ ਗੁਰੂਘਰ ਦੀ ਵਾਗਡੋਰ ਉਨ੍ਹਾਂ ਹੱਥ ਦੇਣ ਦਾ ਇੱਕ ਸੰਜੀਦਾ ਉਪਰਾਲਾ ਹੈ। ਉਨ੍ਹਾਂ ਦੱਸਿਆ ਕਿ 'ਪੰਥਕ ਸਲੇਟ' ਨੇ ਸ਼ੁਰੂ ਸ਼ੁਰੂ ਵਿੱਚ ਪਹਿਲੀ ਵਾਰ ਇਮਾਰਤ ਲਈ ਫੰਡਰੇਜ਼ ਕਰਕੇ ਵਿਕਾਸ ਕਾਰਜ ਕੀਤੇ। ਲਾਇਬਰੇਰੀ ਤਾਂ ਜ਼ਰੂਰ ਸੀ, ਪਰ ਉਸ ਨੂੰ ਇੱਕ ਸਿਸਟਮ ਤਹਿਤ ਚਲਾਉਣ ਲਈ ਕੰਮ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲ ਦੀ ਟੀਮ ਨੇ ਬੜੇ ਅਹਿਮ ਫੈਸਲੇ ਵੀ ਲਏ ਅਤੇ ਕੰਮ ਵੀ ਕੀਤੇ। ਇਸ ਵਿੱਚ ਉਨ੍ਹਾਂ ਕਾਰਜਕਾਰੀ ਸਕੱਤਰ ਅੱਛਰ ਸਿੰਘ ਤੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਦੀ ਵਿਸ਼ੇਸ਼ ਭੂਮਿਕਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਸ ਵਾਰ ਸੰਗਤ ਦੀ ਅਹਿਮ ਜ਼ਿੰਮੇਵਾਰੀ ਬਣਦੀ ਹੈ ਕਿ ਜੋ ਸਾਡਾ ਯੂਥ ਆਪਣੀ ਵਿਚਾਰਧਾਰਾ ਅਤੇ ਨਵੀਂ ਸੋਚ ਨੂੰ ਸਾਡੇ ਵਿੱਚ ਲੈ ਕੇ ਆ ਰਿਹਾ ਹੈ, ਉਸ ਨੂੰ ਨਿਰਾਸ਼ ਨਾ ਹੋਣ ਦਈਏ।

ਗੁਰਦੁਆਰੇ ਨਾਲ ਸਬੰਧਤ ਲੰਮੀ ਮਿਆਦ (ਲੌਂਗ-ਟਰਮ) ਕਮੇਟੀ ਦੇ ਚੇਅਰਮੈਨ ਸੁਰਿੰਦਰ ਸਿੰਘ ਸੰਘਾ ਨੇ ਕਿਹਾ ਕਿ ਮੌਜੂਦਾ ਕਮੇਟੀ/ਪੰਥਕ ਸਲੇਟ ਵਧੀਆ ਕੰਮ ਕਰ ਰਹੀ ਹੈ ਅਤੇ ਇਸ ਨੂੰ ਨਿਰੰਤਰਤਾ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਗੁਰਦੁਆਰਾ ਪੈਲਾਟਾਈਨ ਬਣਿਆ ਹੈ, ਮੈਂ ਇਸ ਦੇ ਇਤਿਹਾਸ ਤੋਂ ਜਾਣੂੰ ਹਾਂ ਅਤੇ ਅਸੀਂ ਚਾਹੁੰਦੇ ਹਾਂ ਕਿ ਇਹ ਲਗਾਤਾਰ ਵਧਣਾ ਚਾਹੀਦਾ ਹੈ। ਉਨ੍ਹਾਂ ਉਮੀਦ ਜਤਾਈ ਕਿ ਸਾਨੂੰ ਵੋਟਾਂ ਸਮੇਂ ਨਵੇਂ ਉਮੀਦਵਾਰਾਂ ਦੇ ਵਿਚਾਰ ਘੋਖ ਕੇ ਆਪਣਾ ਬਣਦਾ ਫਰਜ਼ ਨਿਭਾਉਣਾ ਚਾਹੀਦਾ ਹੈ।

ਪੀ.ਸੀ.ਐਸ. ਦੇ ਬੋਰਡ ਆਫ ਗਵਰਨਰਜ਼ ਅਪਿੰਦਰ (ਵਿੱਕ) ਸਿੰਘ ਨੇ ਕਿਹਾ ਕਿ 'ਪੰਥਕ ਸਲੇਟ' ਨੇ ਕਾਫੀ ਕੰਮ ਕੀਤੇ ਹਨ ਅਤੇ ਜਿਨ੍ਹਾਂ ਕੋਲ ਸਮਾਂ ਨਹੀਂ ਹੈ, ਉਨ੍ਹਾਂ ਨੂੰ ਮੈਨੇਜਮੈਂਟ ਕਮੇਟੀ ਵਿੱਚ ਸੇਵਾ ਨਹੀਂ ਲੈਣੀ ਚਾਹੀਦੀ। ਗੁਰਦੁਆਰਾ ਸਾਹਿਬ ਦੀ ਇਮਾਰਤ ਸਾਰੀ ਸੰਗਤ ਦੇ ਸਹਿਯੋਗ ਨਾਲ ਬਣੀ ਹੈ ਤੇ ਇਸ ਨੂੰ ਮੈਨੇਜ ਕਰਨਾ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਕੰਸਟ੍ਰਕਸ਼ਨ ਦੇ ਕੁਝ ਕੰਮ ਚੰਗੇ ਨਹੀਂ ਹੋਏ, ਜਿਸ ਨਾਲ ਕਾਫੀ ਪੈਸਾ ਖਰਾਬ ਹੋਇਆ। ਰੀਅਲ ਐਸਟੇਟ ਬਿਜ਼ਨਸ ਵਿੱਚ ਹੋਣ ਕਾਰਨ ਉਨ੍ਹਾਂ ਸੁਝਾਅ ਦਿੱਤਾ ਕਿ ਗੁਰਦੁਆਰਾ ਸਾਹਿਬ ਦੀ ਮੌਰਗੇਜ ਹੁਣ ਤੱਕ ਪੇਅ-ਆਫ ਹੋ ਜਾਣੀ ਚਾਹੀਦੀ ਸੀ। ਉਨ੍ਹਾਂ ਕਿਹਾ, ਮੇਰਾ ਨਿਜੀ ਵਿਚਾਰ ਹੈ ਕਿ ਸਾਡੇ ਵਿੱਚ ਕੱਟੜਵਾਦ ਨਹੀਂ ਆਉਣਾ ਚਾਹੀਦਾ; ਜ਼ਿੰਦਗੀ 'ਚ ਥੋੜ੍ਹਾ ਓਪਨ ਰਹਿਣਾ ਚਾਹੀਦਾ ਹੈ। ਕੋਈ ਸਹਿਜਧਾਰੀ ਹੈ ਤੇ ਕੋਈ ਅੰਮ੍ਰਿਤਧਾਰੀ ਹੈ, ਪਰ ਅਸੀਂ ਸਾਰੇ ਸਿੱਖ ਹੀ ਹਾਂ। ਜੇ ਅਸੀਂ ਇੱਕਜੁੱਟ ਨਹੀਂ ਹਾਂ ਤਾਂ ਬਾਹਰ ਸਾਨੂੰ ਕੋਈ ਨਹੀਂ ਪੁੱਛੇਗਾ। ਸਾਨੂੰ ਗੁਰਦੁਆਰੇ ਦੇ ਦਾਇਰੇ ਤੋਂ ਬਾਹਰ ਨਿਕਲਣਾ ਚਾਹੀਦਾ ਹੈ।



(ਉਪਰ) ਪੰਥਕ ਸਲੇਟ ਵੱਲੋਂ ਕੀਤੇ ਗਏ ਇਕੱਠ ਦੌਰਾਨ ਸੰਬੋਧਨ ਕਰਦੇ ਹੋਏ ਵੱਖ-ਵੱਖ ਬੁਲਾਰੇ ਅਤੇ (ਹੇਠਾਂ) ਪੰਥਕ ਸਲੇਟ ਦੇ ਉਮੀਦਵਾਰ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ




ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨਾਲ ਜੁੜੇ ਰਹੇ ਬਲਵਿੰਦਰ ਸਿੰਘ ਸੋਹਲ ਨੇ 'ਪੰਥਕ ਸਲੇਟ' ਦੇ ਉਮੀਦਵਾਰਾਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਉਹ ਪਹਿਲੀਆਂ ਕਮੇਟੀਆਂ ਵੱਲੋਂ ਉਲੀਕੇ ਕਾਰਜਾਂ ਨੂੰ ਅੱਗੇ ਤੋਰਨ ਵਿੱਚ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਆਪਾਂ ਪੰਥ ਨੂੰ ਅੱਗੇ ਰੱਖੀਏ ਅਤੇ ਜਿਹੜੀਆਂ ਚੀਜ਼ਾਂ ਬੁਰੀਆਂ ਲੱਗਦੀਆਂ ਹਨ, ਉਨ੍ਹਾਂ ਨੂੰ ਲਾਗੇ ਨਾ ਆਉਣ ਦਈਏ। ਉਨ੍ਹਾਂ ਇੱਕ ਉਮੀਦਵਾਰ ਤਰਲੋਚਨ ਸਿੰਘ ਮੁਲਤਾਨੀ ਵੱਲੋਂ ਧਾਰਮਿਕ ਸਕੱਤਰ ਦੀ ਸੇਵਾ ਦੌਰਾਨ ਗੁਰਬਾਣੀ ਵਿਆਖਿਆ ਕੀਤੇ ਜਾਣ ਦੀ ਤਾਰੀਫ ਕੀਤੀ।

ਸੰਗਤ ਦੀ ਇੱਕ ਮੈਂਬਰ ਜੈਦੀਪ ਕੌਰ ਨੇ ਚੋਣਾਂ 'ਚ ਔਰਤ/ਬੀਬਾ ਉਮੀਦਵਾਰ ਤੋਂ ਔਰਤ ਸਸ਼ਕਤੀਕਰਨ ਦੀ ਆਸ ਪ੍ਰਗਟਾਈ ਅਤੇ ਕੁਝ ਸਮਾਂ ਪਹਿਲਾਂ ਇੱਕ ਸਥਾਨਕ ਔਰਤ ਵੱਲੋਂ ਖੁਦਕੁਸ਼ੀ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਔਰਤਾਂ ਦੀ ਮਾਨਸਿਕ ਦਸ਼ਾ ਤੇ ਘਰੇਲੂ ਸਮੱਸਿਆਵਾਂ ਨਾਲ ਸਬੰਧਤ ਮਾਮਲੇ ਗੁਰਦੁਆਰਾ ਲਾਬੀ ਵਿੱਚ ਵਿਚਾਰੇ ਜਾਣ ਅਤੇ ਗੁਰਦੁਆਰੇ ਵਿੱਚ ਔਰਤਾਂ ਨੂੰ ਇਸ ਸਬੰਧੀ ਇੱਕ ਵੂਮਨ ਯੂਨਿਟ ਬਣਾਉਣੀ ਚਾਹੀਦੀ ਹੈ ਤੇ ਗੁਰਦੁਆਰਾ ਸਾਹਿਬ ਵਿੱਚ ਹੋਰ ਵਧੇਰੇ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਬੱਚਿਆਂ ਨੂੰ ਵਿਲੱਖਣ ਤਰੀਕੇ ਨਾਲ ਸਿੱਖਇਜ਼ਮ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ।

ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਨੁਮਾਇੰਦੇ ਹਰਪ੍ਰੀਤ ਸਿੰਘ ਗਿੱਲ ਨੇ ਸੁਝਾਅ ਦਿੱਤਾ ਕਿ ਸਾਡਾ ਧਿਆਨ ਭਾਈਚਾਰੇ ਨੂੰ ਇੱਕਜੁੱਟ ਕਰਨ ਵੱਲ ਹੋਣਾ ਚਾਹੀਦਾ ਹੈ, ਤਾਂ ਜੋ ਸਾਂਝੇ ਮੰਚ ਦੇ ਤੌਰ 'ਤੇ ਉਮੀਦਵਾਰਾਂ ਦੀ ਚੋਣ ਕਰ ਲਈਏ ਤੇ ਇਲੈਕਸ਼ਨ ਦੀ ਲੋੜ ਨਾ ਪਵੇ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਵੀ ਦੇਣੀ ਚਾਹੀਦੀ ਹੈ, ਕਿਉਂਕਿ ਜਦੋਂ ਬੱਚੇ ਸਕੂਲਾਂ/ਕਾਲਜਾਂ ਵਿੱਚ ਜਾਂਦੇ ਹਨ, ਤਾਂ ਉਸ ਨਾਲ ਬੱਚਿਆਂ ਦੀ ਸ਼ਨਾਖਤ ਬਣਦੀ ਹੈ। ਉਨ੍ਹਾਂ ਕਿਹਾ ਕਿ ਆਪਣੇ ਭਾਈਚਾਰੇ ਵਿੱਚ ਪੜ੍ਹੇ-ਲਿਖੇ ਲੋਕ ਹਨ, ਉਨ੍ਹਾਂ ਨੂੰ ਬੱਚਿਆਂ ਦੇ ਕਰੀਅਰ ਵਿੱਚ ਸੁਪੋਰਟ ਲਈ ਗੁਰਦੁਆਰੇ ਵਿੱਚ ਕੌਂਸਲਿੰਗ ਕਰਨੀ ਚਾਹੀਦੀ ਹੈ।

ਗੁਰੂਘਰ ਦੇ ਵਿੱਤ ਸਕੱਤਰ ਸ਼ਿਵਇੰਦਰਜੀਤ ਸਿੰਘ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੀਆਂ ਗਤੀਵਿਧੀਆਂ ਵਿੱਚ ਬਹੁਤ ਸਮਾਂ ਲੱਗ ਜਾਂਦਾ ਹੈ ਤੇ ਇਹ ਇੱਕ ਵੱਡੀ ਕੁਮਿੱਟਮੈਂਟ ਹੈ। ਉਨ੍ਹਾਂ ਕਿਹਾ ਕਿ ਜੋ ਕਾਰਜ ਹੋਏ ਹਨ, ਉਹ ਗੁਰੂ ਸਾਹਿਬ ਦੀ ਬਖ਼ਸ਼ਿਸ਼ ਤੇ ਸੰਗਤ ਦੇ ਸਹਿਯੋਗ ਨਾਲ ਹੀ ਹੋਏ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਮੈਨੇਜਮੈਂਟ ਨੂੰ ਉਹ ਹੀ ਸੁਚੱਜੇ ਢੰਗ ਨਾਲ ਚਲਾ ਸਕਦੇ ਹਨ, ਜਿਨ੍ਹਾਂ ਕੋਲ ਯੋਗਤਾ ਹੈ। ਉਨ੍ਹਾਂ ਗੁਰੂਘਰ ਦੀਆਂ ਪ੍ਰਾਪਤੀਆਂ ਦਾ ਵੇਰਵਾ ਵੀ ਸਾਂਝਾ ਕੀਤਾ।

ਗੁਰੂਘਰ ਦੇ ਮੌਜੂਦਾ ਬੋਰਡ ਮੈਂਬਰ ਹਰਜੀਤ ਸਿੰਘ ਗਿੱਲ ਨੇ ਇਲੈਕਸ਼ਨ/ਸਿਲੈਕਸ਼ਨ ਸਬੰਧੀ ਵਿਚਾਰ ਪ੍ਰਗਟਾਏ ਕਿ ਸਹਿਮਤੀ ਸਮੇਂ ਥੋੜ੍ਹੀ ਸੰਗਤ ਹੁੰਦੀ ਹੈ ਅਤੇ ਵੋਟਾਂ ਸਮੇਂ ਸਾਰੀ ਸੰਗਤ ਦੀ ਸਹਿਮਤੀ ਹੁੰਦੀ ਹੈ, ਤੇ ਉਦੋਂ ਆਪਾਂ ਸੰਗਤ ਨੂੰ ਜਵਾਬਦੇਹ ਵੀ ਹੁੰਦੇ ਹਾਂ। ਉਨ੍ਹਾਂ ਕਿਹਾ ਕਿ ਜਿੰਨਾ ਯੂਥ (ਖਾਸ ਕਰ ਸੀਰਤ ਕੌਰ ਕਲੇਰ) ਪ੍ਰਬੰਧਾਂ ਵਿੱਚ ਕੰਮ ਕਰ ਰਿਹਾ ਹੈ, ਉਹ ਦੇਖ ਕੇ ਤਿੰਨ ਨੌਜਵਾਨ ਉਮੀਦਵਾਰ ਬਣਾਏ ਗਏ ਹਨ। ਜਿਸ ਤਕਨਾਲੋਜੀ ਨਾਲ ਇਹ ਕੰਮ ਕਰ ਰਹੇ ਹਨ, ਉਸ ਨਾਲ ਹੋਰ ਯੂਥ ਜੁੜਨ ਦੀ ਸੰਭਾਵਨਾ ਹੈ।

ਵਰਿੰਦਰ ਸਿੰਘ ਪਰਮਾਰ ਨੇ ਆਪਣੇ ਜਜ਼ਬਾਤ ਸਾਂਝੇ ਕੀਤੇ ਕਿ ਬੇਸ਼ਕ ਅਸੀਂ ਦਾਹੜੀ ਨਹੀਂ ਰੱਖੀ ਹੋਈ, ਪਰ ਅਸੀਂ ਦਿਲ ਤੋਂ ਸਿੱਖ ਹੀ ਹਾਂ। ਅਸੀਂ ਆਪਸ ਵਿੱਚ ਜਾਤ-ਬਰਾਦਰੀ ਦੀਆਂ ਵੰਡੀਆਂ ਕਰਕੇ ਆਪਣੀ ਕੌਮ, ਆਪਣੇ ਗੁਰੂ ਗ੍ਰੰਥ ਸਾਹਿਬ ਨੂੰ ਛੋਟਾ ਨਾ ਕਰੀਏ; ਸਾਨੂੰ ਸਿੱਖੀ ਦਾ ਦਾਇਰਾ ਛੋਟਾ ਕਰਨ ਦੀ ਥਾਂ ਹੋਰ ਕੌਮਾਂ ਨੂੰ ਵੀ ਨਾਲ ਰਲਾਉਣ ਦੀ ਲੋੜ ਹੈ। ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ ਨੇ ਕਿਹਾ ਕਿ ਸਿਲੈਕਸ਼ਨ ਹੋ ਜਾਂਦੀ ਤਾਂ ਚੰਗਾ ਸੀ, ਕਿਉਂਕਿ ਗੁਰੂਘਰ ਵਿੱਚ ਇਲੈਕਸ਼ਨਾਂ ਚੰਗੀਆਂ ਨਹੀਂ ਲੱਗਦੀਆਂ। ਹਰਮਿੰਦਰ ਸਿੰਘ ਨੇ ਕਿਹਾ ਕਿ ਮੈਂ ਦੋਵੇਂ ਕਮੇਟੀਆਂ ਦਾ ਕੰਮ ਦੇਖਿਆ ਹੈ, ਪਰ 'ਪੰਥਕ ਸਲੇਟ' ਦੀ ਕਮੇਟੀ ਗੁਰਦੁਆਰਾ ਸਾਹਿਬ ਨੂੰ ਅੱਗੇ ਲੈ ਕੇ ਗਈ ਹੈ। ਉਨ੍ਹਾਂ ਕਿਹਾ ਕਿ ਆਪਣੇ ਨਿਜੀ ਮਤਭੇਦ ਛੱਡ ਕੇ ਅਸੀਂ ਸਾਰੇ ਮਿਲ ਕੇ ਰਹੀਏ।

ਇਸ ਮੌਕੇ 'ਪੰਥਕ ਸਲੇਟ' ਦੇ ਉਮੀਦਵਾਰਾਂ ਨੇ ਆਪੋ ਆਪਣੀ ਜਾਣ-ਪਛਾਣ ਕਰਾਉਂਦਿਆਂ ਆਪਣੇ ਪਿਛੋਕੜ/ਪੜ੍ਹਾਈ/ਪੇਸ਼ੇ ਅਤੇ ਗੁਰਦੁਆਰਾ ਸਾਹਿਬ ਨਾਲ ਸਬੰਧਤ ਆਪਣੇ ਉਦੇਸ਼ਾਂ ਬਾਰੇ ਦੱਸਿਆ। ਗੁਰਦੁਆਰਾ ਸਾਹਿਬ ਦੇ ਵਿੱਤੀ ਪ੍ਰਬੰਧਾਂ ਤੇ ਗੁਰਮਤਿ ਸਕੂਲ ਵਿੱਚ ਸੇਵਾ ਨਿਭਾਅ ਰਹੀ ਸੀਰਤ ਕੌਰ ਕਲੇਰ ਨੇ ਉਮੀਦਵਾਰਾਂ ਨਾਲ ਸਵਾਲ-ਜਵਾਬ ਦਾ ਦੌਰ ਚਲਾਇਆ। ਉਸ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਸੇਵਾ ਨੇ ਸਿਖਾਇਆ ਹੈ ਕਿ ਸਾਨੂੰ ਹਮੇਸ਼ਾ ਨਿਮਰ ਰਹਿਣਾ ਚਾਹੀਦਾ ਹੈ।

ਬੀ.ਓ.ਟੀ. ਲਈ ਉਮੀਦਵਾਰ ਗੁਰਕੀਰਤ ਸਿੰਘ ਗਿੱਲ, ਜੋ ਗੁਰਮਤਿ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਅ ਵੀ ਰਹੇ ਹਨ, ਨੇ ਕਿਹਾ ਕਿ ਉਨ੍ਹਾਂ ਦਾ ਵਧੇਰੇ ਧਿਆਨ ਗੁਰਮੁਖੀ ਲਿਪੀ ਵੱਲ ਹੋਵੇਗਾ, ਕਿਉਂਕਿ ਜਿਹੜੇ ਬੱਚੇ ਪੰਜਾਬੀ ਭਾਸ਼ਾ ਨਹੀਂ ਜਾਣਦੇ, ਉਨ੍ਹਾਂ ਨੂੰ ਕੁਝ ਕਮੀ ਮਹਿਸੂਸ ਹੁੰਦੀ ਹੈ। ਕਿਉਂਕਿ ਭਾਸ਼ਾ ਸਾਨੂੰ ਕਲਚਰ, ਧਰਮ ਤੇ ਸਮਾਜ ਨਾਲ ਜੋੜਦੀ ਹੈ। ਉਨ੍ਹਾਂ ਕਿਹਾ ਕਿ ਜੇ ਅਸੀਂ ਬੱਚਿਆਂ ਅਤੇ ਯੂਥ ਨੂੰ ਸਿੱਖੀ ਨਾਲ ਜੋੜਨਾ ਹੈ, ਤਾਂ ਸ਼ੁਰੂਆਤ ਭਾਸ਼ਾ ਤੋਂ ਕਰਨੀ ਪਵੇਗੀ; ਕਿਉਂਕਿ ਇਸ ਨਾਲ ਗੁਰਬਾਣੀ ਦੀ ਸਮਝ ਤੇ ਭਾਈਚਾਰੇ ਨਾਲ ਨੇੜਤਾ ਵਧਦੀ ਹੈ।

ਬੀ.ਓ.ਟੀ. ਲਈ ਮੁੜ ਚੋਣ ਲੜ ਰਹੇ ਤਰਲੋਚਨ ਸਿੰਘ ਮੁਲਤਾਨੀ ਨੇ ਆਪਣੇ ਸੰਬੋਧਨ ਦੌਰਾਨ ਗੁਰਬਾਣੀ ਵਿੱਚ ਸੇਵਾ ਦੇ ਸੰਕਲਪ ਦਾ ਜ਼ਿਕਰ ਕੀਤਾ। ਉਨ੍ਹਾਂ ਕੁਝ ਬੁਲਾਰਿਆਂ ਵੱਲੋਂ ਕੇਸਾਧਾਰੀ ਅਤੇ ਸਹਿਜਧਾਰੀ ਸਿੱਖਾਂ ਦੇ ਸੰਦਰਭ ਵਿੱਚ ਪੈਦਾ ਹੋਏ ਵਿਤਕਰੇ ਦੇ ਹਵਾਲੇ ਨਾਲ ਕਿਹਾ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਸੰਦੇਸ਼ ਇਹੋ ਹੈ ਕਿ ਸਾਰਿਆਂ ਨੂੰ ਨਾਲ ਲੈ ਕੇ ਚਲਣਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਸਾਡੇ ਆਪਣੇ ਅੰਦਰ ਇਹ ਗੱਲ ਆ ਜਾਂਦੀ ਹੈ, ਪਰ ਅਸੀਂ ਸਭ ਬਰਾਬਰ ਹਾਂ। ਸਾਡੀ ਕੋਸ਼ਿਸ਼ ਸਭ ਨੂੰ ਨਾਲ ਲੈ ਕੇ ਚੱਲਣ ਦੀ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨਾਂ ਹੋਰ ਭਗਤਾਂ ਦੀ ਬਾਣੀ ਵੀ ਦਰਜ ਹੈ। ਜ਼ਿਕਰਯੋਗ ਹੈ ਕਿ ਗੁਰਦੁਆਰਾ ਅਹਾਤੇ ਵਿੱਚ ਪਿਛਲੇ ਸਮੇਂ ਦੌਰਾਨ ਸੰਗਤ ਦੇ ਇੱਕ ਹਿੱਸੇ ਵੱਲੋਂ ਇਹ ਨੋਟ ਕੀਤਾ ਗਿਆ ਹੈ ਕਿ 'ਕੇਸਾਧਾਰੀ ਸਿੱਖਾਂ ਤੇ ਸਹਿਜਧਾਰੀ ਸਿੱਖਾਂ' ਵਿਚਾਲੇ ਇੱਕ ਤਰ੍ਹਾਂ ਦੀ ਕਥਿਤ ਕਸ਼ੀਦਗੀ ਹੈ।

ਸੀ.ਆਈ.ਸੀ. ਲਈ ਉਮੀਦਵਾਰ ਕੰਵਲ ਹਰਿੰਦਰ ਸਿੰਘ ਨੇ ਸੰਵਿਧਾਨ ਸਬੰਧੀ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਗੁਰਦੁਆਰਾ ਸਾਹਿਬ ਵਾਸਤੇ ਸਿੱਖ ਰਿਲੀਜੀਅਸ ਸੁਸਾਇਟੀ ਦੇ ਸੰਵਿਧਾਨ ਤੇ ਦਿਸ਼ਾ ਨਿਰਦੇਸ਼ ਹਨ ਅਤੇ ਪਿਛਲੇ ਚਾਰ ਸਾਲਾਂ ਤੋਂ ਕਈ ਨਵੇਂ ਵਿਚਾਰ ਲਾਗੂ ਹੋਏ ਹਨ ਤੇ ਭਵਿੱਖ ਵਿੱਚ ਵੀ ਸੰਵਿਧਾਨ ਤੇ ਨਵੀਨਤਾ ਨੂੰ ਧਿਆਨ ਵਿੱਚ ਰੱਖ ਕੇ ਉਪਰਾਲੇ ਕੀਤੇ ਜਾਣਗੇ। ਬੀ.ਓ.ਟੀ. ਲਈ ਉਮੀਦਵਾਰ ਸਤਿੰਦਰ ਸਿੰਘ ਬ੍ਰਹਮ ਨੇ ਕਿਹਾ ਕਿ ਪ੍ਰਬੰਧਨ ਹੁਨਰ ਹੋਣ ਕਾਰਨ ਮੇਰਾ ਵਿਚਾਰ ਹੈ ਕਿ ਜੇ ਸਾਡੇ ਵਿੱਚ ਕੋਈ ਹੁਨਰ ਹੈ ਤਾਂ ਉਸ ਜ਼ਰੀਏ ਆਪਣੇ ਭਾਈਚਾਰੇ ਨੂੰ ਵੀ ਕੁਝ ਵਾਪਸ ਦਈਏ। ਉਨ੍ਹਾਂ ਕਿਹਾ ਕਿ ਉਹ ਭਾਈਚਾਰੇ ਵਿੱਚ ਇੱਕ ਬ੍ਰਿਜ ਦੀ ਤਰ੍ਹਾਂ ਕੰਮ ਕਰਨਗੇ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਪੈਲਾਟਾਈਨ ਵਿੱਚ ਸਿੱਖ ਭਾਈਚਾਰੇ ਤੋਂ ਇਲਾਵਾ ਗੈਰ-ਸਿੱਖ ਭਾਈਚਾਰੇ ਦੇ ਲੋਕ ਵੀ ਆਉਂਦੇ ਹਨ। ਇਸ ਸਬੰਧੀ ਇੱਕ ਸਵਾਲ ਦੇ ਜਵਾਬ ਵਿੱਚ ਬੀ.ਓ.ਟੀ. ਲਈ ਉਮੀਦਵਾਰ ਪ੍ਰਭਜੀਤ ਕੌਰ ਕਲੇਰ ਨੇ ਕਿਹਾ ਕਿ ਜਦੋਂ ਗੁਰੂ ਘਰ ਵਿਖੇ ਵਿਆਹਾਂ ਜਾਂ ਪ੍ਰੋਗਰਾਮਾਂ ਸਮੇਂ ਵੱਖ-ਵੱਖ ਸੱਭਿਆਚਾਰਾਂ ਦੇ ਲੋਕ ਆਉਂਦੇ ਹਨ, ਤਾਂ ਇਹ ਧਿਆਨ ਵਿੱਚ ਰੱਖਿਆ ਜਾਂਦਾ ਹੈ ਕਿ ਕੋਈ ਬੇਅਦਬੀ ਤਾਂ ਨਹੀਂ ਹੁੰਦੀ! ਉਨ੍ਹਾਂ ਗੁਰਦੁਆਰਾ ਸਾਹਿਬ ਦੀ ਰਹਿਨੁਮਾਈ ਹੇਠ ਬੱਚਿਆਂ ਨੂੰ ਗਤਕਾ ਸਿਖਾਏ ਜਾਣ ਅਤੇ ਲੋਗੋ/ਸਟੈਮਸ ਵਿੱਚ ਪ੍ਰਤਿਭਾ ਨੂੰ ਹੁਲਾਰਾ ਦੇਣ ਲਈ ਕੀਤੀਆਂ ਕੋਸ਼ਿਸ਼ਾਂ ਦਾ ਜ਼ਿਕਰ ਵੀ ਕੀਤਾ।

ਅਖੀਰ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਨੇ ਗੁਰਦੁਆਰਾ ਸੰਦਰਭ ਵਿੱਚ ਆਪਣਾ ਤਜਰਬਾ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਘਰ-ਪਰਿਵਾਰ, ਜੌਬ ਤੇ ਗੁਰਦੁਆਰਾ ਸਾਹਿਬ ਮੇਰੀਆਂ ਤਿੰਨ ਜ਼ਿੰਮੇਵਾਰੀਆਂ ਸਨ। ਜੇ ਅਸੀਂ ਸੇਵਾ ਦੀ ਧਾਰਨਾ ਲੈ ਕੇ ਚੱਲਾਂਗੇ ਤਾਂ ਇਹ ਆਪਣੇ ਆਪ ਤਰਜੀਹੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਕੁਝ ਲੋੜਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਸੀ। ਜਦੋਂ ਸਾਨੂੰ ਸਾਰਿਆਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਹੋ ਗਿਆ ਤੇ ਇਹ ਪਤਾ ਲੱਗ ਗਿਆ ਕਿ ਕਿਹੜਾ ਬੰਦਾ ਕਿਸ ਦੇ ਕਾਬਲ ਹੈ, ਉਨ੍ਹਾਂ ਨੂੰ ਸੰਗਤ ਨੇ ਆਪ ਹੀ ਅੱਗੇ ਕਰ ਦੇਣਾ ਹੈ; ਪਰ ਹਾਲੇ ਅਸੀਂ ਉਥੋਂ ਤੱਕ ਨਹੀਂ ਪਹੁੰਚੇ। ਉਨ੍ਹਾਂ ਕਿਹਾ ਕਿ ਸਾਨੂੰ ਨਿਜੀ ਅਤੇ ਭਾਈਚਾਰਕ ਤੌਰ 'ਤੇ ਸੋਚ ਬਦਲਣੀ ਪੈਣੀ ਹੈ। ਅਸੀਂ ਸਿਰ ਜੋੜ ਕੇ ਇਕੱਠੇ ਕੰਮ ਕਰੀਏ, ਕਿਉਂਕਿ ਜਿਸ ਸਟੇਜ 'ਤੇ ਅੱਜ ਗੁਰਦੁਆਰਾ ਸਾਹਿਬ ਹੈ, ਭਾਈਚਾਰੇ ਦੀਆਂ ਲੋੜਾਂ ਬਹੁਤ ਜ਼ਿਆਦਾ ਹਨ। ਸ. ਕਾਹਲੋਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਲੌਂਗ ਟਰਮ ਕਮੇਟੀ ਅਤੇ ਸੰਗਤ ਮੈਂਬਰਾਂ ਦੀ ਗੁਰਦੁਆਰਾ ਐਵਲਿਊਸ਼ਨ (ਮੁਲੰਕਣ) ਕਮੇਟੀ ਨੇ ਦੋ ਸਾਲ ਲਾ ਕੇ ਸੰਗਤ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਇੱਕ ਪਲਾਨ ਤਿਆਰ ਕੀਤਾ ਹੈ, ਜਿਸ ਲਈ ਭਵਿੱਖ ਦੇ ਖਰਚਿਆਂ ਲਈ ਘੱਟ ਤੋਂ ਘੱਟ 13-14 ਮਿਲੀਅਨ ਡਾਲਰ ਦੀ ਲੋੜ ਹੈ; ਇਸ ਲਈ ਸਾਨੂੰ ਸਾਰਿਆਂ ਨੂੰ ਰਲ-ਮਿਲ ਦੇ ਤੁਰਨਾ ਪੈਣਾ ਹੈ। ਉਨ੍ਹਾਂ ਸੰਗਤ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ।

# ਪੈਲਾਟਾਈਨ ਗੁਰੂਘਰ ਚੋਣਾਂ 'ਚ 'ਦੋਹੀਂ ਦਲੀਂ ਮੁਕਾਬਲੇ' ਦੀ ਸੰਭਾਵਨਾ

*ਸਫਾ ਇੱਕ ਦੀ ਬਾਕੀ...*

ਦੌਰਾਨ ਪੈਦਾ ਹੋਏ ਕੁਝ ਮਤਭੇਦਾਂ ਸਬੰਧੀ ਵੀ ਸੰਗਤ ਦੇ ਕੁਝ ਮੈਂਬਰ ਗੱਲੀਂਬਾਤੀਂ ਉਲ੍ਹਾਮਾ ਦੇਣ ਲੱਗੇ ਹਨ। ਇਸੇ ਤਰ੍ਹਾਂ 'ਪੰਥਕ ਸਲੇਟ' ਦੀ ਸਰਪ੍ਰਸਤੀ ਵਾਲੀ ਪ੍ਰਬੰਧਕ ਕਮੇਟੀ ਦੇ ਸਮੇਂ ਦੌਰਾਨ ਪੈਦਾ ਹੋਈਆਂ ਕਥਿਤ ਅਣਸੁਖਾਵੀਆਂ ਸਥਿਤੀਆਂ ਦਾ ਵੀ ਚਰਚਾ ਛੋਹਿਆ ਗਿਆ ਹੈ। ਪਰ ਜਿਉਂ ਜਿਉਂ ਚੋਣਾਂ ਦਾ ਦਿਨ ਨੇੜੇ ਆ ਰਿਹਾ ਹੈ, ਉਮੀਦਵਾਰਾਂ ਤੇ ਖਾਸਕਰ ਉਨ੍ਹਾਂ ਦੀਆਂ ਸਮਰਥਕ ਧਿਰਾਂ ਸੰਗਤ ਨੂੰ ਪ੍ਰਾਪਤੀਆਂ, ਟੀਚੇ ਤੇ ਮਨੋਰਥ ਦੱਸ ਕੇ ਆਪਣੇ ਹੱਕ ਵਿੱਚ ਫਤਵਾ ਦੇਣ ਲਈ ਉਤਸ਼ਾਹਿਤ ਕਰਨ ਲੱਗੀਆਂ ਹਨ। ਉਂਜ ਇੱਕ-ਦੋ ਗੱਲਾਂ ਨੂੰ ਲੈ ਕੇ ਰੋਲ ਘਚੋਲਾ ਹਾਲੇ ਵੀ ਪਿਆ ਹੋਇਆ ਹੈ। ਲੰਘੇ ਐਤਵਾਰ ਗੁਰਦੁਆਰਾ ਸਾਹਿਬ ਵਿੱਚ ਕਾਫੀ ਸੰਗਤ ਜੁੜੀ ਹੋਈ ਸੀ ਤੇ ਵੱਖ-ਵੱਖ ਢਾਣੀਆਂ ਵਿੱਚ ਜੁੜੀ ਕੁਝ ਸੰਗਤ ਵੱਲੋਂ ਦੋਹਾਂ ਧਿਰਾਂ ਕਾਰਨ ਪੈਦਾ ਹੋਈ ਸਥਿਤੀ 'ਤੇ ਟੀਕਾ-ਟਿੱਪਣੀਆਂ ਕੀਤੀਆਂ ਜਾ ਰਹੀਆਂ ਸਨ।

ਜਿਵੇਂ ਕਿ ਆਮ ਚੋਣਾਂ ਵਿੱਚ ਹੁੰਦਾ ਹੀ ਹੈ- ਵਿਰੋਧੀ ਧਿਰ ਦੀਆਂ ਸੌ ਨਘੋਚਾਂ ਕੱਢਣ ਅਤੇ ਆਪਣੀ ਧਿਰ ਨੂੰ ਯੋਗ ਕਰਾਰ ਦੇਣ ਲਈ ਆਪਣੇ ਪੱਖ ਦੇ ਉਮੀਦਵਾਰਾਂ ਦੇ ਗੁਣ ਗਿਣਾਏ ਜਾ ਰਹੇ ਹਨ, ਜਦ ਕਿ ਇਹ ਦੇਖਣਾ ਦਿਲਚਸਪੀ ਭਰਿਆ ਹੋਵੇਗਾ ਕਿ ਸੰਗਤ ਕਿਨ੍ਹਾਂ ਕਿਨ੍ਹਾਂ ਉਮੀਦਵਾਰਾਂ ਦੇ ਹੱਕ ਵਿੱਚ ਮੋਹਰ ਲਾਉਂਦੀ ਹੈ! ਇਸ ਵਿੱਚ ਦੋ ਰਾਏ ਨਹੀਂ ਕਿ ਗੁਰੂਘਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਸੰਗਤ ਨੂੰ ਹੀ ਸੁਪਰੀਮ ਦਾ ਦਰਜਾ ਹਾਸਲ ਹੈ ਅਤੇ ਪੈਲਾਟਾਈਨ ਗੁਰੂਘਰ ਚੋਣਾਂ ਸਬੰਧੀ ਇਹ ਸੰਗਤ 'ਤੇ ਹੀ ਮੁਨੱਸਰ ਕਰੇਗਾ ਕਿ ਉਹ ਕਿਸ ਕਿਸ ਨੂੰ ਬੋਰਡ ਆਫ ਟਰੱਸਟੀ ਵਿੱਚ ਮੈਂਬਰ ਅਤੇ ਕਿਸ ਨੂੰ ਸੀ.ਆਈ.ਸੀ. ਦੇ ਨਵੇਂ ਮੈਂਬਰ ਵਜੋਂ ਚੁਣਦੀ ਹੈ। ਫਿਲਹਾਲ ਦੋਵੇਂ ਧਿਰਾਂ ਚੋਣਾਂ ਵਿੱਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਆਪੋ ਆਪਣਾ ਤਾਣ ਲਾ ਰਹੀਆਂ ਹਨ ਅਤੇ ਸੰਗਤ ਨੂੰ ਆਪਣੇ ਹੱਕ ਵਿੱਚ ਕਰਨ ਤੇ ਜਿੱਤ ਦੇ ਦਾਅਵੇ ਜਿਹੀਆਂ ਗੱਲਾਂ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ ਹੈ। ਜਿਨ੍ਹਾਂ ਨੂੰ ਵੋਟਾਂ ਲਈ ਫੋਨ ਕਾਲਾਂ ਜਾਂ ਮੈਸੇਜ ਗਏ ਹਨ, ਉਨ੍ਹਾਂ ਵਿੱਚੋਂ ਕੁਝ ਨੇ ਨੋਟਿਸ ਲੈਂਦਿਆਂ ਇਤਰਾਜ਼ ਪ੍ਰਗਟਾਇਆ ਹੈ ਕਿ ਸਿੱਖ ਰਿਲੀਜੀਅਸ ਸੁਸਾਇਟੀ ਦੇ ਮੈਂਬਰਾਂ ਦਾ ਸੰਪਰਕ ਨੰਬਰ ਚੋਣ ਪ੍ਰਚਾਰ ਲਈ ਵਰਤਿਆ ਜਾਣਾ ਗਲਤ ਹੈ। ਇਸੇ ਤਰ੍ਹਾਂ 'ਚੜ੍ਹਦੀ ਕਲਾ ਸੇਵਕ' ਧਿਰ ਵੱਲੋਂ 'ਪੰਥਕ ਸਲੇਟ' ਉਤੇ ਕੱਟੜਵਾਦ ਦਾ ਦੋਸ਼ ਲਾਏ ਜਾਣ ਨੂੰ ਲੈ ਕੇ ਵੀ ਸੰਗਤ ਦੇ ਕੁਝ ਮੈਂਬਰਾਂ ਨੇ ਇਤਰਾਜ਼ ਪ੍ਰਗਟਾਇਆ ਹੈ। ਇੱਕ ਸੱਜਣ ਦੀ ਸਪਸ਼ਟ ਟਿੱਪਣੀ ਸੀ ਕਿ ਸਿੱਖੀ ਨੂੰ ਸਮਰਪਿਤ ਹੋਣਾ ਕੱਟੜਵਾਦ ਨਹੀਂ ਹੈ। ਭਾਈਚਾਰੇ ਦੇ ਕੁਝ ਸੁਹਿਰਦ ਸੱਜਣਾਂ ਦਾ ਕਹਿਣਾ ਹੈ ਕਿ ਗੁਰਦੁਆਰਾ ਚੋਣਾਂ ਵਿੱਚ ਇੱਕ-ਦੂਜੇ ਵਿਰੁੱਧ ਮਾੜੀ ਸ਼ਬਦਾਵਲੀ ਵਰਤਣੀ ਚੰਗੀ ਗੱਲ ਨਹੀਂ। ਜਿਵੇਂ ਕਿ ਕਹਿੰਦੇ ਹਨ- ਪਿਆਰ ਤੇ ਜੰਗ ਵਿੱਚ ਸਭ ਜਾਇਜ਼ ਹੈ; ਪਰ ਸਿਆਸਤ ਖਾਸਕਰ ਹੁਣ ਗੁਰਦੁਆਰਾ ਸਿਆਸਤ ਵਿੱਚ ਇਹ ਵਰਤਾਰਾ ਆਮ ਹੋ ਗਿਆ ਹੈ।

ਚੇਤੇ ਰਹੇ, ਬੇਸ਼ੱਕ ਧਿਰਾਂ ਨਾਲ ਜੁੜੀ ਸੰਗਤ ਆਪਣੇ ਹਮਾਇਤੀਆਂ ਦਾ ਸਮਰਥਨ ਕਰਦਿਆਂ ਫੈਸਲਾ ਲੈਂਦੀ ਹੈ, ਪਰ ਇੱਕ ਪਹਿਲੂ ਇਹ ਵੀ ਹੈ ਸੰਗਤ ਦਾ ਇੱਕ ਹਿੱਸਾ ਉਹ ਵੀ ਹੈ, ਜੋ ਖੁਲ੍ਹੇਆਮ ਧਿਰਾਂ ਦੇ ਹੱਕ ਵਿੱਚ ਖੜ੍ਹਾ ਨਜ਼ਰ ਨਹੀਂ ਆਉਂਦਾ; ਉਂਜ ਕਈ ਵਾਰ ਨਤੀਜੇ ਬਦਲਣ ਲਈ 'ਤੁਰਪ ਦਾ ਪੱਤਾ' ਉਨ੍ਹਾਂ ਦੇ ਹੱਥ ਹੀ ਹੁੰਦਾ ਹੈ। ਕਿਉਂਕਿ ਧਿਰਾਂ ਨੂੰ ਕਈ ਵਾਰ ਇਹ ਅੰਦਾਜ਼ਾ ਲਾਉਣਾ ਔਖਾ ਹੋ ਜਾਂਦਾ ਹੈ ਕਿ ਸੰਗਤ ਦਾ ਜੋ ਹਿੱਸਾ ਗੁਰੂਘਰ ਵਿੱਚ ਨਿਰਪੱਖ ਤੌਰ 'ਤੇ/ਚੁੱਪ ਵੱਟ ਕੇ ਵਿਚਰ ਰਿਹਾ ਹੈ ਜਾਂ ਜਿਸ ਨੂੰ ਕਿਸੇ ਵਿਸ਼ੇਸ਼ ਧਿਰ ਨਾਲ ਕੋਈ ਖਾਸ ਲੇਗਾ-ਦੇਗਾ ਨਹੀਂ, ਉਹ ਆਪਣੀ ਵੋਟ ਦਾ ਇਸਤੇਮਾਲ ਕਿਸ ਨੂੰ ਚੁਣਨ ਲਈ ਕਰੇਗਾ!

ਖ਼ੈਰ! ਇੱਕ ਗੱਲ ਜਿਹੜੀ ਸਾਹਮਣੇ ਆ ਰਹੀ ਹੈ, ਉਹ ਇਹ ਹੈ ਕਿ ਇਸ ਵਾਰ ਸੰਗਤ ਕਿਸੇ ਇੱਕ ਧਿਰ ਜਾਂ ਸਲੇਟ ਦੇ ਹੱਕ ਵਿੱਚ ਨਹੀਂ ਹੈ, ਸਗੋਂ ਵਿਅਕਤੀਗਤ ਤੌਰ 'ਤੇ ਅਤੇ ਯੋਗਤਾ ਦੇ ਆਧਾਰ 'ਤੇ ਵੋਟਾਂ ਭੁਗਤਣ ਦੀ ਸੰਭਾਵਨਾ ਵੱਧ ਹੈ। ਜਿਸ ਤਰ੍ਹਾਂ ਦੋਵੇਂ ਧਿਰਾਂ ਗੁਰਦੁਆਰਾ ਪ੍ਰਬੰਧਨ ਵਿੱਚ ਨੌਜਵਾਨ ਵਰਗ ਦੀ ਸ਼ਮੂਲੀਅਤ ਦੀ ਗੱਲ ਕਰਦੀਆਂ ਹਨ, ਉਸ ਦੇ ਮੱਦੇਨਜ਼ਰ ਫਿਲਹਾਲ 'ਪੰਥਕ ਸਲੇਟ' ਦਾ ਹੱਥ ਉਤੇ ਹੈ, ਕਿਉਂਕਿ ਇਸ ਵਿੱਚ ਤਿੰਨ ਨੌਜਵਾਨਾਂ- ਗੁਰਕੀਰਤ ਸਿੰਘ ਗਿੱਲ, ਅਮਨਦੀਪ ਸਿੰਘ ਤੇ ਪ੍ਰਭਜੀਤ ਕੌਰ ਕਲੇਰ ਨੂੰ ਉਮੀਦਵਾਰ ਨਾਮਜ਼ਦ ਕੀਤਾ ਗਿਆ ਹੈ।

ਇਸੇ ਦੌਰਾਨ ਬੀ.ਓ.ਟੀ. ਲਈ 'ਪੰਥਕ ਸਲੇਟ' ਦੇ ਇੱਕ ਉਮੀਦਵਾਰ ਤਰਲੋਚਨ ਸਿੰਘ ਮੁਲਤਾਨੀ ਦੀ ਨਾਮਜ਼ਦਗੀ ਰੱਦ ਕਰਨ ਜਾਂ ਬਹਾਲ ਰੱਖਣ ਸਬੰਧੀ ਵੀ ਭੰਬਲਭੂਸਾ ਬਣਿਆ ਹੋਇਆ ਹੈ। ਵਿਰੋਧੀ ਧਿਰ 'ਚੜ੍ਹਦੀ ਕਲਾ ਸੇਵਕ' ਅਤੇ ਉਸ ਦੇ ਹਮਾਇਤੀਆਂ ਵੱਲੋਂ ਸ. ਮੁਲਤਾਨੀ ਦੀ ਨਾਮਜ਼ਦਗੀ ਰੱਦ ਕਰਨ ਦਾ ਮੁੱਦਾ ਇਹ ਕਹਿ ਕੇ ਚੁੱਕਿਆ ਗਿਆ ਹੈ ਕਿ ਉਹ ਗੁਰਦੁਆਰਾ ਪੈਲਾਟਾਈਨ ਦੀ ਚੋਣ ਲੜਨ ਸਬੰਧੀ ਆਪਣੀ ਟਰਮ (ਵਾਰੀ) ਪੂਰੀ ਕਰ ਚੁਕੇ ਹਨ, ਇਸ ਲਈ ਇਨ੍ਹਾਂ ਚੋਣਾਂ ਲਈ ਮੈਂਬਰਸ਼ਿਪ ਚੋਣ ਕਮੇਟੀ ਵੱਲੋਂ ਉਨ੍ਹਾਂ ਨੂੰ ਅਯੋਗ ਕਰਾਰ ਦੇਣਾ ਚਾਹੀਦਾ ਹੈ; ਪਰ ਚੋਣ ਕਮੇਟੀ ਨੇ ਉਕਤ ਇਤਰਾਜ਼ ਖਾਰਜ ਕਰਦਿਆਂ ਸ. ਮੁਲਤਾਨੀ ਦੀ ਚੋਣ ਲੜਨ ਦੀ ਦਾਅਵੇਦਾਰੀ ਨੂੰ ਬਹਾਲ ਰੱਖਿਆ ਹੈ; ਜਦਕਿ ਦੂਜੀ ਧਿਰ ਵੱਲੋਂ ਇਸ ਸਬੰਧੀ ਹਾਲੇ ਵੀ ਇਤਰਾਜ਼ ਜਤਾਇਆ ਜਾ ਰਿਹਾ ਹੈ। ਸੰਗਤ ਦੇ ਇੱਕ ਹਿੱਸੇ ਵਿੱਚ ਇਹ ਚਰਚਾ ਛਿੜ ਪਈ ਹੈ ਕਿ ਸ. ਮੁਲਤਾਨੀ ਦਾ ਕੁਨਬਾ/ਰਿਸ਼ਤੇਦਾਰੀਆਂ ਦਾ ਦਾਇਰਾ ਵੱਡਾ ਹੋਣ ਕਾਰਨ ਉਹ ਚੋਣ ਜਿੱਤ ਸਕਦੇ ਹਨ, ਪਰ ਸੰਵਿਧਾਨਕ ਪੇਚੀਦਗੀ ਕਾਰਨ ਮਾਮਲਾ ਉਲਝਣ ਵਾਲਾ ਬਣਿਆ ਹੋਇਆ ਹੈ।

ਖ਼ੈਰ! ਇਸ ਸਭ ਦੇ ਚੱਲਦਿਆਂ ਭਾਈਚਾਰੇ ਦੇ ਇੱਕ ਸੁਹਿਰਦ ਸੱਜਣ ਦਾ ਵਿਚਾਰ ਹੈ ਕਿ ਕਿਸੇ ਵੀ ਖੇਤਰ ਵਿੱਚ ਇੱਕ ਮਜਬੂਤ ਵਿਰੋਧੀ ਧਿਰ ਦਾ ਹੋਣਾ ਜ਼ਰੂਰੀ ਹੈ, ਤਾਂ ਜੋ ਦੂਜੀ ਧਿਰ ਦੀ ਜਵਾਬਦੇਹੀ ਹੁੰਦੀ ਰਹੇ। ਇਸੇ ਤਰ੍ਹਾਂ ਇਲੈਕਸ਼ਨ ਦੀ ਥਾਂ ਸਿਲੈਕਸ਼ਨ ਨੂੰ ਤਰਜੀਹ ਦਿੰਦੇ ਇੱਕ ਹੋਰ ਸੱਜਣ ਦੀ ਟਿੱਪਣੀ ਸੀ ਕਿ ਜੇ ਨਾਮਜ਼ਦਗੀਆਂ ਭਰਨ ਸਮੇਂ ਹਰ ਉਮੀਦਵਾਰ ਤੋਂ ਘੱਟੋ-ਘੱਟ ਪੰਜ-ਪੰਜ ਸੌ ਡਾਲਰ ਫੀਸ ਵਜੋਂ ਲਏ ਜਾਂਦੇ ਹੁੰਦੇ, ਜੋ 'ਨੌਨ ਰਿਫੰਡੇਬਲ' ਹੁੰਦੀ ਤਾਂ ਉਮੀਦਵਾਰਾਂ ਦੀ ਗਿਣਤੀ ਘੱਟ ਹੋਣੀ ਸੀ ਤੇ ਚੋਣਾਂ ਹੋਣ ਦੀ ਸਥਿਤੀ ਵੀ ਸ਼ਾਇਦ ਪੈਦਾ ਨਾ ਹੁੰਦੀ।

ਸੰਗਤ ਦੇ ਕੁਝ ਮੈਂਬਰ ਹਾਲੇ ਵੀ ਚੋਣਾਂ ਦੇ ਹੱਕ ਵਿੱਚ ਨਹੀਂ ਹਨ ਅਤੇ ਉਹ ਦੋਹਾਂ ਧਿਰਾਂ ਦੇ ਨੁਮਾਇੰਦਿਆਂ ਨੂੰ ਆਖ ਰਹੇ ਹਨ ਕਿ ਚੋਣਾਂ ਦੇ ਚੱਕਰ ਵਿੱਚ ਪੈਣ ਨਾਲੋਂ ਸਿਲੈਕਸ਼ਨ ਕਰ ਲੈਂਦੇ ਤਾਂ ਚੰਗਾ ਰਹਿੰਦਾ। ਇਹ ਵੀ ਵਿਚਾਰ ਆ ਰਿਹਾ ਹੈ ਕਿ 'ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ' ਵਾਂਗ ਹੁਣ ਵੀ 'ਇਲੈਕਸ਼ਨ ਦੀ ਥਾਂ ਸਿਲੈਕਸ਼ਨ' ਕਰਨ ਬਾਰੇ ਵਿਚਾਰ ਕਰ ਲੈਣੀ ਚਾਹੀਦੀ ਹੈ। ਇਸੇ ਤਰ੍ਹਾਂ ਗੁਰਦੁਆਰਾ ਚੋਣ ਕਮੇਟੀ ਵੱਲੋਂ ਪਿਛਲੇ ਦਿਨੀਂ ਸਿਲੈਕਸ਼ਨ/ਸਹਿਮਤੀ ਬਾਰੇ ਸੱਦੀ ਗਈ ਮੀਟਿੰਗ ਲਈ ਨਾਮਜ਼ਦ ਕੀਤੇ ਗਏ ਨਿਰੀਖਕ (ਅਬਜ਼ਰਬਰ) ਹਰਦਿਆਲ ਸਿੰਘ ਦਿਓਲ ਨੇ ਵੀ ਸੰਗਤ ਨੂੰ ਸੰਬੋਧਨ ਹੁੰਦਿਆਂ ਅਪੀਲ ਕੀਤੀ ਸੀ ਕਿ ਹੁਣ ਸੰਗਤ ਹੀ ਦਬਾਅ ਪਾ ਕੇ ਉਮੀਦਵਾਰਾਂ ਨੂੰ ਸਿਲੈਕਸ਼ਨ ਲਈ ਮਨਾ ਸਕਦੀ ਹੈ। ਪਰ ਸ਼ਾਇਦ ਧੜੇਬੰਦੀਆਂ ਦੀ ਸ਼ਸ਼ਕੇਰ ਦਾ ਅਸਰ ਹੈ ਕਿ ਹੁਣ ਦੋਵੇਂ ਧਿਰਾਂ ਚੋਣਾਂ ਲਈ ਬਜ਼ਿਦ ਹਨ। ਇੱਕ ਸੱਜਣ ਦਾ ਬੜਾ ਦਿਲਚਸਪ ਵਿਅੰਗ ਹੈ ਕਿ ਜਿਨ੍ਹੇ ਸੇਵਾ ਹੀ ਕਰਨੀ ਹੈ, ਉਸ ਨੂੰ ਅਹੁਦੇਦਾਰੀ ਦੀ ਕੀ ਲੋੜ? ਆਖਰ ਦੋਵੇਂ ਧਿਰਾਂ ਚੋਣਾਂ ਜਿੱਤਣ ਲਈ ਇੰਨੀਆਂ ਤਰਲੋਮੱਛੀ ਕਿਉਂ ਹਨ- ਕੀ ਇਹ ਸਾਰਾ ਮਾਜਰਾ ਗੁਰਦੁਆਰਾ ਪ੍ਰਬੰਧਨ ਨੂੰ ਕੰਟਰੋਲ ਕਰਨ ਦਾ ਹੈ ਜਾਂ ਗੱਲ ਕੋਈ ਹੋਰ ਹੈ!

ਇਸੇ ਦੌਰਾਨ ਸਿੱਖ ਰਿਲੀਜੀਅਸ ਸੁਸਾਇਟੀ ਦੀ ਸੰਵਿਧਾਨ ਆਮਲ ਕਮੇਟੀ (ਸੀ.ਆਈ.ਸੀ.) ਦੇ ਸਾਬਕਾ ਚੇਅਰਮੈਨ ਹਰਵਿੰਦਰ ਪਾਲ ਸਿੰਘ ਨੇ ਐਤਵਾਰ 29 ਮਾਰਚ ਦੇ ਦੀਵਾਨ ਹਾਲ ਦੀ ਸਮਾਪਤੀ ਤੋਂ ਬਾਅਦ ਕਰੀਬ ਡੇਢ ਵਜੇ ਸੰਗਤ ਅਤੇ ਚੋਣ ਮੈਦਾਨ ਵਿੱਚ ਖੜੇ ਸੇਵਾਦਾਰਾਂ ਨੂੰ ਆਖ਼ਰੀ ਮੌਕੇ 'ਤੇ ਸਮਝੌਤੇ ਵਾਸਤੇ ਹਾਜ਼ਰ ਹੋਣ ਦੀ ਅਪੀਲ ਕੀਤੀ ਹੈ। ਉਨ੍ਹਾਂ ਉਮੀਦ ਜਤਾਈ ਕਿ ਸਭ ਹੁੰਮਹੁਮਾ ਕੇ ਇਸ ਮੌਕੇ ਦਾ ਹਿੱਸਾ ਬਣਨਗੇ। ਉਨ੍ਹਾਂ ਇਸ ਮੌਕੇ ਨੂੰ ਮਨਜ਼ੂਰੀ ਦੇਣ ਵਾਸਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਹੈ।

ਦੂਜੇ ਪਾਸੇ ਮੈਂਬਰਸ਼ਿਪ ਚੋਣ ਕਮੇਟੀ ਦੇ ਚੇਅਰਮੈਨ ਹਰਵਿੰਦਰ ਸਿੰਘ ਘੋਤੜਾ ਅਨੁਸਾਰ ਚੋਣਾਂ ਦੇ ਪ੍ਰਬੰਧ ਸਬੰਧੀ ਰੂਪ-ਰੇਖਾ ਉਲੀਕ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਚੋਣਾਂ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਉਪਰੰਤ ਨਤੀਜਾ ਐਲਾਨ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 15 ਸੌ ਤੋਂ ਉਤੇ ਵੋਟਾਂ ਬਣੀਆਂ ਹੋਈਆਂ ਹਨ ਅਤੇ ਮੈਂਬਰ ਸ਼ਨਾਖਤੀ ਕਾਰਡ ਦਿਖਾ ਕੇ ਵੋਟ ਪਾ ਸਕਦੇ ਹਨ; ਆਈ.ਡੀ. ਤੋਂ ਬਿਨਾ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ। ਚੋਣਾਂ ਗੁਰਮਤਿ ਸਕੂਲ ਵਾਲੇ ਪਾਸੇ ਹੋਣਗੀਆਂ, ਜਿਸ ਬਾਰੇ ਪ੍ਰਬੰਧਾਂ ਲਈ ਬੋਰਡ ਆਫ ਟਰੱਸਟੀਜ਼ ਨੂੰ ਦੱਸ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਚੋਣ ਪ੍ਰਕ੍ਰਿਆ ਦੌਰਾਨ ਸੇਵਾ ਲਈ ਵਾਲੰਟੀਅਰ ਸੰਗਤ ਮੈਂਬਰਾਂ 'ਚੋਂ ਲਏ ਜਾਣਗੇ, ਉਮੀਦਵਾਰਾਂ ਦਾ ਕੋਈ ਪਰਿਵਾਰਕ ਮੈਂਬਰ ਜਾਂ ਨਜ਼ਦੀਕੀ ਨਹੀਂ ਲਿਆ ਜਾਵੇਗਾ; ਕਿਉਂਕਿ ਸਾਡੇ ਲਈ ਸਾਰੇ ਉਮੀਦਵਾਰ ਇੱਕੋ ਹਨ, ਕੋਈ ਭੇਦਭਾਵ ਨਹੀਂ ਰੱਖਿਆ ਜਾਵੇਗਾ। ਸ. ਘੋਤੜਾ ਨੇ ਦੱਸਿਆ ਕਿ ਸੁਰੱਖਿਆ ਦੇ ਮੱਦੇਨਜ਼ਰ ਗੁਰਦੁਆਰਾ ਸਾਹਿਬ ਦੇ ਮੁੱਖ ਦੁਆਰ ਉਤੇ ਪੁਲਿਸ ਕਰਮਚਾਰੀ ਤਾਇਨਾਤ ਹੋਵੇਗਾ। ਉਨ੍ਹਾਂ ਚੋਣ ਕਮੇਟੀ ਵੱਲੋਂ ਸਾਰੇ ਉਮੀਦਵਾਰਾਂ, ਉਨ੍ਹਾਂ ਦੇ ਸਮਰਥਕਾਂ ਅਤੇ ਸਮੁੱਚੀ ਸੰਗਤ ਨੂੰ ਚੋਣ ਵਾਲੇ ਦਿਨ ਆਪਸੀ ਇਤਫਾਕ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਚੋਣ ਪ੍ਰਬੰਧਾਂ ਲਈ ਚੋਣ ਕਮੇਟੀ ਦੀ ਸੈਕਟਰੀ ਇਮਾਨਪ੍ਰੀਤ ਕੌਰ ਗਿੱਲ ਤੇ ਹੋਰ ਕਮੇਟੀ ਮੈਂਬਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।



# ਲਾਲਜੀਤ ਸਿੰਘ ਭੁੱਲਰ ਨੇ 'ਆਪ' ਲਈ ਸਿਆਸੀ ਸੰਕਟ ਖੜ੍ਹਾ ਕੀਤਾ

***ਸਾਬਕਾ ਟਰਾਂਸਪੋਰਟ ਮੰਤਰੀ ਦੇ ਸਤਾਏ ਅਫਸਰ ਨੇ ਖੁਦਕੁਸ਼ੀ ਕੀਤੀ *ਪਰਿਵਾਰ ਅਤੇ ਵਿਰੋਧੀ ਪਾਰਟੀਆਂ ਨੇ ਸੀ.ਬੀ.ਆਈ. ਦੀ ਜਾਂਚ ਮੰਗੀ**

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਦੇ ਮਾਝਾ ਖੇਤਰ ਦੇ ਪੱਟੀ ਅਸੈਂਬਲੀ ਹਲਕੇ ਦੇ ਐਮ.ਐਲ.ਏ. ਅਤੇ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੰਮ੍ਰਿਤਸਰ ਵੇਅਰਹਾਊਸ ਦੇ ਜ਼ਿਲ੍ਹਾ ਮੁਖੀ ਨੂੰ ਕਥਿਤ ਤੌਰ 'ਤੇ ਖੁਦਕੁਸ਼ੀ ਲਈ ਮਜਬੂਰ ਕਰਕੇ ਆਮ ਆਦਮੀ ਪਾਰਟੀ ਲਈ ਇੱਕ ਨਵਾਂ ਸਿਆਸੀ ਸੰਕਟ ਖੜ੍ਹਾ ਕਰ ਦਿੱਤਾ ਹੈ। ਸਾਰੀਆਂ ਵਿਰੋਧੀ ਸਿਆਸੀ ਪਾਰਟੀਆਂ ਪੀੜਤ ਪਰਿਵਾਰ ਦੇ ਪੱਖ ਵਿੱਚ ਆ ਗਈਆਂ ਹਨ ਅਤੇ ਮਾਮਲੇ ਦੀ ਸੀ.ਬੀ.ਆਈ. ਤੋਂ ਜਾਂਚ ਦੀ ਮੰਗ ਕਰ ਰਹੀਆਂ ਹਨ। ਇਹ ਮੁੱਦਾ ਲੋਕ ਸਭਾ ਵਿੱਚ ਵੀ ਗੂੰਜਿਆ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜੇ ਸੰਸਦ ਮੈਂਬਰ ਲਿਖ ਕੇ ਦੇ ਦੇਣ ਤਾਂ ਉਹ ਸੀ.ਬੀ.ਆਈ. ਤੋਂ ਜਾਂਚ ਲਈ ਤਿਆਰ ਹਨ।

ਲਾਲਜੀਤ ਸਿੰਘ ਭੁੱਲਰ ਵੱਲੋਂ ਪੰਜਾਬ ਵੇਅਰਹਾਊਸ ਵਿਭਾਗ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਅਫਸਰ ਗਗਨਦੀਪ ਸਿੰਘ ਰੰਧਾਵਾ ਨੂੰ ਪੱਟੀ ਵਿਖੇ ਆਪਣੇ ਘਰ/ਦਫਤਰ ਵਿੱਚ ਬੁਲਾ ਕੇ ਨਾ ਸਿਰਫ ਬੇਇੱਜ਼ਤ ਕੀਤਾ ਗਿਆ, ਸਗੋਂ ਉਸ ਦੀ ਕੁੱਟਮਾਰ ਵੀ ਕੀਤੀ ਗਈ। ਇਹ ਸਭ ਕੁਝ ਇਸ ਲਈ ਕਿ ਸੰਬੰਧਤ ਮੰਤਰੀ ਅਫਸਰ ਦੇ ਮਹਿਕਮੇ ਦੇ ਬਣਨ ਵਾਲੇ ਗੁਦਾਮਾਂ ਦਾ ਠੇਕਾ ਆਪਣੇ ਪਿਉ ਸੁਖਦੇਵ ਸਿੰਘ ਭੁੱਲਰ ਨੂੰ ਦਿਵਾਉਣਾ ਚਾਹੁੰਦਾ ਸੀ। ਪਰਿਵਾਰ ਅਨੁਸਾਰ ਗਗਨਦੀਪ ਕਹਿੰਦਾ ਰਿਹਾ ਕਿ ਟੈਂਡਰ ਪਾਸ ਕਰਨਾ ਉਸ ਦੇ ਅਖ਼ਤਿਆਰ 'ਚ ਨਹੀਂ। ਅੰਮ੍ਰਿਤਸਰ ਦੇ ਰਣਜੀਤ ਐਵੇਨਿਊ ਥਾਣੇ ਵਿੱਚ ਗਗਨਦੀਪ ਸਿੰਘ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਮਾਮਲੇ ਵਿੱਚ ਕੇਸ ਦਰਜ ਕਰ ਲਿਆ ਗਿਆ। ਲਾਲਜੀਤ ਸਿੰਘ ਭੁੱਲਰ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਪੀ.ਏ. ਦਿਲਬਾਗ ਸਿੰਘ ਦੇ ਵੀ ਐਫ.ਆਈ.ਆਰ. ਵਿੱਚ ਨਾਮ ਹਨ। ਐਫ.ਆਈ.ਆਰ. ਵਿੱਚ ਕਿਹਾ ਗਿਆ ਹੈ ਕਿ ਸੁਖਦੇਵ ਸਿੰਘ ਭੁੱਲਰ ਇਹ ਆਖ ਕੇ ਆਪਣੇ ਪੁੱਤਰ ਨੂੰ ਉਕਸਾਉਂਦਾ ਰਿਹਾ ਕਿ ਤੂੰ ਕਾਹਦਾ ਮੰਤਰੀ ਹੈਂ, ਇੱਕ ਛੋਟਾ ਜਿਹਾ ਟੈਂਡਰ ਵੀ ਨਹੀਂ ਪਾਸ ਕਰਵਾ ਸਕਿਆ। ਮੰਤਰੀ ਦਾ ਪੀ.ਏ. ਵੀ ਧੌਲ ਧੱਫਾ ਕਰਨ ਵਿੱਚ ਸ਼ਾਮਲ ਸੀ। ਇਹ ਸਾਰਾ ਭਾਣਾ ਇਸ ਦੇ ਬਾਵਜੂਦ ਵਾਪਰਿਆ ਕਿ ਮਰਨ ਵਾਲੇ ਸ਼ਖਸ ਨੇ ਪੰਜਾਬ ਰਾਜ ਗੁਦਾਮ ਨਿਗਮ ਦੇ ਮੈਨੇਜਿੰਗ ਡਾਇਰੈਕਟਰ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਨੂੰ ਆਪਣੇ ਨਾਲ ਹੋਈ ਵਾਪਰੀ ਦੀ ਜਾਣਕਾਰੀ ਦਿੱਤੀ ਸੀ ਤੇ ਆਪਣੇ ਲਈ ਇਨਸਾਫ ਦੀ ਮੰਗ ਕੀਤੀ ਸੀ।

ਉਨ੍ਹਾਂ ਆਪਣੇ ਪੱਤਰ ਵਿੱਚ ਲਿਖਿਆ ਕਿ, "13 ਮਾਰਚ 2026 ਨੂੰ ਲਾਲਜੀਤ ਸਿੰਘ ਭੁੱਲਰ ਨੇ ਉਨ੍ਹਾਂ ਨੂੰ ਆਪਣੇ ਪੱਟੀ ਵਿਖੇ ਮੌਜੂਦ ਦਫਤਰ ਵਿੱਚ ਬੁਲਾਇਆ ਸੀ। ਇਸ ਦੌਰਾਨ ਉਨ੍ਹਾਂ ਨੇ ਮੇਰੇ ਨਾਲ ਕੁੱਟਮਾਰ ਕੀਤੀ ਅਤੇ ਬਹੁਤ ਹੀ ਮੰਦੀ ਭਾਸ਼ਾ ਦੀ ਵਰਤੋਂ ਕੀਤੀ। ਗਾਲ੍ਹਾਂ ਦਾ ਪ੍ਰਯੋਗ ਕੀਤਾ ਗਿਆ। ਮੈਨੂੰ ਧਮਕੀਆਂ ਵੀ ਦਿੱਤੀਆਂ ਗਈਆਂ ਕਿ ਤੈਨੂੰ ਅਤੇ ਤੇਰੇ ਪਰਿਵਾਰ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਉਨ੍ਹਾਂ ਵੱਲੋਂ ਮੇਰੇ ਨਾਲ ਕੁੱਟ ਮਾਰ ਕਰਕੇ ਜ਼ਬਰਦਸਤੀ ਇੱਕ ਵੀਡੀਓ ਬਣਾਈ ਗਈ, ਜਿਸ ਵਿੱਚ ਮੈਥੋਂ ਕਬੂਲ ਕਰਵਾਇਆ ਗਿਆ ਕਿ ਮੈਂ ਬਾਬਾ ਨਾਗਾ ਉਸਮਾਂ ਤੋਂ 10 ਲੱਖ ਰੁਪਏ ਲੈ ਕੇ ਟੈਂਡਰ ਉਨ੍ਹਾਂ ਨੂੰ ਦੇ ਦਿੱਤਾ ਹੈ। ਜਦਕਿ ਟੈਂਡਰ ਪ੍ਰਕਿਰਿਆ ਵਿੱਚ ਮੇਰੇ ਵੱਲੋਂ ਅਤੇ ਕਮੇਟੀ ਵੱਲੋਂ ਸਿਰਫ ਸਾਂਝੀ ਨਿਰੀਖਣ ਰਿਪੋਰਟ ਬਣਾ ਕੇ ਮੁੱਖ ਦਫਤਰ ਨੂੰ ਭੇਜੀ ਗਈ ਸੀ। ਕਿਸੇ ਦਾ ਟੈਂਡਰ ਪਾਸ ਕਰਨਾ ਜਾਂ ਰੱਦ ਕਰਨਾ ਮੇਰੇ ਇਕੱਲੇ ਦੇ ਵੱਸ ਵਿੱਚ ਨਹੀਂ ਹੈ।"

ਡਿਪਟੀ ਕਮਿਸ਼ਨਰ ਸਮੇਤ ਸੰਬੰਧਤ ਉੱਚ ਅਧਿਕਾਰੀਆਂ ਨੂੰ ਭੇਜਿਆ ਗਿਆ ਇਹ ਪੱਤਰ ਗਗਨਦੀਪ ਸਿੰਘ ਵੱਲੋਂ 16 ਮਾਰਚ ਨੂੰ ਲਿਖਿਆ ਗਿਆ। ਗਗਨਦੀਪ ਦੇ ਪਰਿਵਾਰ ਦਾ ਦੋਸ਼ ਹੈ ਕਿ ਉੱਚ ਅਧਿਕਾਰੀਆਂ ਨੂੰ ਜਾਣਕਾਰੀ ਦੇਣ ਦੇ ਬਾਵਜੂਦ ਮਰਨ ਵਾਲੇ ਦੇ ਬਚਾਅ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਉਧਰ ਦਿਲਚਸਪ ਜਾਣਕਾਰੀ ਇਹ ਹੈ ਕਿ ਪੰਜਾਬ 'ਆਪ' ਦੇ ਪ੍ਰਧਾਨ ਅਮਨ ਅਰੋੜਾ ਸਮੇਤ ਮਨੀਸ਼ ਸਿਸੋਦੀਆ ਦੀ ਅਗਵਾਈ ਵਿੱਚ ਦਿੱਲੀ ਵਾਲੀ ਲੌਬੀ ਲਾਲਜੀਤ ਸਿੰਘ ਭੁੱਲਰ ਦਾ ਬਚਾਅ ਕਰਨ ਦੇ ਯਤਨ ਕਰਦੀ ਰਹੀ। ਉਸ ਦੇ ਹੱਕ ਵਿੱਚ ਸੋਸ਼ਲ ਮੀਡੀਆ 'ਤੇ ਪੋਸਟਾਂ ਪਾਈਆਂ ਗਈਆਂ ਕਿ ਉਹ ਅਜਿਹਾ ਕਰ ਹੀ ਨਹੀਂ ਸਕਦਾ। ਇਸ ਤੋਂ ਇਲਾਵਾ ਪੰਚਾਂ-ਸਰਪੰਚਾਂ ਨੂੰ ਉਸ ਦੇ ਹੱਕ ਵਿੱਚ ਖਲੋਣ ਲਈ ਲਾਮਬੰਦ ਕੀਤਾ ਗਿਆ। ਆਮ ਆਦਮੀ ਪਾਰਟੀ ਦੇ ਅੰਦਰਲੇ ਸਰੋਤ ਦੱਸਦੇ ਹਨ ਕਿ ਮੁੱਖ ਮੰਤਰੀ ਇਸ ਘਟਨਾ 'ਤੇ ਕਾਫੀ ਨਾਰਾਜ਼ ਨਜ਼ਰ ਆਏ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਬੀਤੇ ਦਿਨਾਂ ਵਿੱਚ ਆਪਣੇ ਰਾਜ ਦੌਰਾਨ ਕੀਤੀਆਂ ਗਈਆਂ ਪ੍ਰਾਪਤੀਆਂ ਗਿਣਾ ਕੇ ਚੋਣ ਮੁਹਿੰਮ ਦੀ ਤਿਆਰੀ ਵਿੱਚ ਰੁਝੇ ਹੋਏ ਹਨ। ਇਸ ਪ੍ਰਚਾਰ ਦਾ ਅਸਰ ਵੀ ਵਿਖਾਈ ਦੇ ਰਿਹਾ ਸੀ ਅਤੇ 'ਆਪ' ਦੀ ਪੰਜਾਬ ਵਿੱਚ ਸਥਿਤੀ ਕੁਝ ਸੁਧਰਨ ਵੀ ਲੱਗੀ ਸੀ, ਪਰ ਲਾਲਜੀਤ ਸਿੰਘ ਵਾਲੀ ਘਟਨਾ ਨੇ ਇਹ ਸਾਰੇ ਪ੍ਰਭਾਵ ਉਲਟੇ ਕਰ ਦਿੱਤੇ ਹਨ। ਜੇ ਇਸ ਕੇਸ ਨੂੰ ਚੰਗੀ ਤਰ੍ਹਾਂ ਹੈਂਡਲ ਨਾ ਕੀਤਾ ਗਿਆ ਤਾਂ ਇਹ ਮਾਮਲਾ ਆਮ ਆਦਮੀ ਪਾਰਟੀ ਦਾ ਭੱਠਾ ਬਿਠਾਉਣ ਵਿੱਚ ਕੇਂਦਰੀ ਭੂਮਿਕਾ ਨਿਭਾਅ ਸਕਦਾ ਹੈ। ਵਿਰੋਧੀ ਪਾਰਟੀਆਂ ਨੇ ਇਸ ਮਸਲੇ ਨੂੰ ਚੁੱਕਣ ਵਿੱਚ ਦੇਰ ਵੀ ਨਹੀਂ ਲਾਈ। ਬੜੀ ਦੇਰ ਬਾਅਦ ਇਹ ਪਹਿਲੀ ਵਾਰ ਹੈ ਕਿ ਪੰਜਾਬ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਇਸ ਮੁੱਦੇ 'ਤੇ ਇਕੱਠੀਆਂ ਹੋ ਗਈਆਂ ਹਨ।



ਲਾਲਜੀਤ ਸਿੰਘ ਭੁੱਲਰ ਅਤੇ (ਸੱਜੇ) ਗਗਨਦੀਪ ਸਿੰਘ ਰੰਧਾਵਾ

ਉਂਝ ਮੁੱਖ ਮੰਤਰੀ ਨੇ ਇਹ ਕਦਮ ਸਹੀ ਤੇ ਸਮੇਂ ਸਿਰ ਚੁੱਕਿਆ ਕਿ ਭੁੱਲਰ ਤੋਂ ਟਰਾਂਸਪੋਰਟ ਮੰਤਰਾਲਾ ਵਾਪਸ ਲੈ ਲਿਆ ਹੈ। ਮੁੱਖ ਮੰਤਰੀ ਨੇ ਕਿਹਾ ਹੈ ਕਿ ਟਰਾਂਸਪੋਰਟ ਮੰਤਰੀ ਤੋਂ ਅਸਤੀਫਾ ਇਸ ਕਰਕੇ ਲਿਆ ਗਿਆ ਹੈ ਤਾਂ ਕਿ ਜਾਂਚ ਨਿਰਪੱਖ ਢੰਗ ਨਾਲ ਕਰਵਾਈ ਜਾ ਸਕੇ। ਉਂਝ ਗਗਨਦੀਪ ਸਿੰਘ ਦਾ ਪਰਿਵਾਰ ਜਾਂਚ ਹਾਈਕੋਰਟ ਦੇ ਕਿਸੇ ਸਿਟਿੰਗ ਜੱਜ ਜਾਂ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕਰ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਵੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਅਫਸਰਸ਼ਾਹੀ ਨੂੰ ਗਲਤ ਕੰਮ ਕਰਨ ਲਈ ਮਜਬੂਰ ਕਰ ਰਹੀ ਹੈ। ਵਿਰੋਧੀ ਪਾਰਟੀਆਂ ਦੇ ਆਗੂਆਂ ਨੇ 21 ਮਾਰਚ ਨੂੰ ਇਸ ਮਾਮਲੇ ਵਿੱਚ ਕੇਸ ਦਰਜ ਕਰਵਾਉਣ ਲਈ ਥਾਣੇ ਦਾ ਘਿਰਾਓ ਵੀ ਕੀਤਾ। ਇਸ ਮੌਕੇ ਅਕਾਲੀ ਦਲ (ਬਾਦਲ) ਦੇ ਆਗੂ ਸੁਖਬੀਰ ਸਿੰਘ ਬਾਦਲ, ਕਾਂਗਰਸ ਵੱਲੋਂ ਪ੍ਰਤਾਪ ਸਿੰਘ ਬਾਜਵਾ ਸਾਬਕਾ, ਓਮ ਪ੍ਰਕਾਸ਼ ਸੈਨੀ, ਬਿਕਰਮਜੀਤ ਸਿੰਘ ਮਜੀਠੀਆ, ਸਾਬਕਾ ਮੰਤਰੀ ਅਨਿਲ ਜੋਸ਼ੀ ਅਤੇ ਹਰਮਿੰਦਰ ਸੰਧੂ ਸਮੇਤ ਕਈ ਸੀਨੀਅਰ ਆਗੂ ਮੌਜੂਦ ਸਨ। ਬਿਕਰਮਜੀਤ ਸਿੰਘ ਮਜੀਠੀਆ ਨੇ ਵੀ ਇਸ ਮਾਮਲੇ ਵਿੱਚ ਸੀ.ਬੀ.ਆਈ. ਦੀ ਜਾਂਚ ਦੀ ਮੰਗ ਕੀਤੀ। ਭਾਰਤੀ ਜਨਤਾ ਪਾਰਟੀ ਦੇ ਕੌਮੀ ਬੁਲਾਰੇ ਆਰ.ਪੀ. ਸਿੰਘ, ਪੰਜਾਬ ਪ੍ਰਧਾਨ ਸੁਨੀਲ ਜਾਖੜ, ਸੁਖਬੀਰ ਸਿੰਘ ਬਾਦਲ, ਦਲਜੀਤ ਸਿੰਘ ਚੀਮਾ ਨੇ ਵੀ ਇਸ ਮਾਮਲੇ ਵਿੱਚ ਸਾਬਕਾ ਮੰਤਰੀ ਨੂੰ ਫੌਰੀ ਗ੍ਰਿਫਤਾਰ ਕਰਨ ਅਤੇ ਸੀ.ਬੀ.ਆਈ. ਜਾਂ ਹਾਈਕੋਰਟ ਦੇ ਸਿਟਿੰਗ ਜੱਜ ਕੋਲੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਜਦਕਿ ਮੁੱਖ ਮੰਤਰੀ ਨੇ ਇਸ ਦੀ ਜਾਂਚ ਦਾ ਮਾਮਲਾ ਪੰਜਾਬ ਦੇ ਮੁੱਖ ਸਕੱਤਰ ਨੂੰ ਸੌਂਪਿਆ ਹੈ। ਮੁੱਖ ਮੰਤਰੀ ਨੇ ਅਜਿਹੀਆਂ ਕਾਰਵਾਈ ਤੋਂ ਪਾਰਟੀ ਆਗੂਆਂ ਨੂੰ ਗੁਰੇਜ਼ ਕਰਨ ਲਈ ਕਿਹਾ ਹੈ। ਉਨ੍ਹਾਂ ਆਤਮ ਹੱਤਿਆ ਕਰ ਗਏ ਅਫਸਰ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਇਜ਼ਹਾਰ ਵੀ ਕੀਤਾ ਹੈ।

ਦੂਜੇ ਪਾਸੇ, 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕੀਤੀ ਕਿ "ਹਾਲ ਹੀ ਵਿੱਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇੱਕ ਮੰਤਰੀ 'ਤੇ ਗੰਭੀਰ ਇਲਜ਼ਾਮ ਲੱਗੇ। ਸਾਡੀ ਸਰਕਾਰ ਨੇ ਬਿਨਾਂ ਕਿਸੇ ਦੇਰੀ ਜਾਂ ਪੱਖਪਾਤ ਦੇ ਉਸ ਮੰਤਰੀ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਅਤੇ ਉਸ ਨੂੰ ਨਾ ਸਿਰਫ਼ ਅਹੁਦੇ ਤੋਂ ਹਟਾਇਆ, ਸਗੋਂ ਗ੍ਰਿਫ਼ਤਾਰ ਵੀ ਕਰਵਾਇਆ। ਦੂਜੇ ਪਾਸੇ ਕੁਝ ਸਮਾਂ ਪਹਿਲਾਂ ਹਰਿਆਣਾ ਵਿੱਚ ਇੱਕ ਏ.ਡੀ.ਜੀ.ਪੀ. ਨੇ ਖ਼ੁਦਕੁਸ਼ੀ ਕਰ ਲਈ। ਕਈ ਲੋਕਾਂ 'ਤੇ ਗੰਭੀਰ ਇਲਜ਼ਾਮ ਲੱਗੇ, ਪਰ ਉਨ੍ਹਾਂ ਦੀ ਪੂਰੀ ਪਾਰਟੀ ਅਤੇ ਸਰਕਾਰ ਦੋਸ਼ੀਆਂ ਦੇ ਹੱਕ ਵਿੱਚ ਨਿੱਤਰ ਆਈ। ਇਹੀ ਫ਼ਰਕ ਹੈ- ਆਮ ਆਦਮੀ ਪਾਰਟੀ ਅਤੇ ਭਾਜਪਾ ਵਿੱਚ। ਜਦੋਂ ਗੱਲ ਇਨਸਾਫ ਦੀ ਹੋਵੇ ਤਾਂ ਆਮ ਆਦਮੀ ਪਾਰਟੀ ਆਪਣੀ ਹੀ ਸਰਕਾਰ ਦੇ ਮੰਤਰੀ 'ਤੇ ਵੀ ਕਾਰਵਾਈ ਕਰਨ ਤੋਂ ਪਿੱਛੇ ਨਹੀਂ ਹਟਦੀ, ਜਦਕਿ ਭਾਜਪਾ ਆਪਣੇ ਲੋਕਾਂ ਨੂੰ ਬਚਾਉਣ ਲਈ ਨਿਆਂ ਦੀ ਹੀ ਬਲੀ ਚੜ੍ਹਾ ਦਿੰਦੀ ਹੈ।"

ਯਾਦ ਰਹੇ, ਗਗਨਦੀਪ ਸਿੰਘ ਵੱਲੋਂ ਮਰਨ ਤੋਂ ਪਹਿਲਾਂ ਇੱਕ ਪੱਤਰ ਲਿਖ ਕੇ ਅਤੇ ਵੀਡੀਓ ਬਣਾ ਕੇ ਸਾਰਾ ਮਾਮਲਾ ਬਿਆਨਿਆ ਗਿਆ ਹੈ। ਇਹ ਇੱਕ ਕਿਸਮ ਦੀ 'ਡਾਈਂਗ ਡੈਕਲੇਰੇਸ਼ਨ' ਹੀ ਹੈ। ਡਾਈਂਗ ਡੈਕਲੇਰੇਸ਼ਨ ਨੂੰ ਕਤਲ ਕੇਸ ਵਿੱਚ ਸਭ ਤੋਂ ਵੱਡਾ ਸਬੂਤ ਮੰਨਿਆ ਜਾਂਦਾ ਹੈ।

## ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ

ਪੰਜਾਬ ਦੇ ਕਿਸੇ ਚੈਨਲ ਦਾ ਬਟਨ ਦੱਬੋ ਸਹੀ, ਨੈਗੇਟਿਵ ਖ਼ਬਰਾਂ ਦੀ ਲੜੀ ਚੱਲ ਪੈਂਦੀ ਹੈ। ਇੱਕ ਤੇ ਮੀਡੀਏ ਦੀ ਇਹ ਸਮੱਸਿਆ ਹੈ ਕਿ ਖ਼ਬਰਾਂ ਆਪਣੀ ਤਾਸੀਰ ਪੱਖੋਂ ਆਮ ਤੌਰ 'ਤੇ ਹੁੰਦੀਆਂ ਹੀ ਨੈਗੇਟਿਵ ਹਨ। ਕਾਰਨ ਇਸ ਦਾ ਇਹ ਕਿ ਖ਼ਬਰਾਂ ਘੜਨ ਦੀ ਕਲਾਸੀਕਲ ਸਿੱਖਿਆ ਅਨੁਸਾਰ ਜਦੋਂ ਆਮ ਨਾਰਮਲ ਜ਼ਿੰਦਗੀ ਚੱਲਦੀ ਹੋਵੇ ਤਾਂ ਇਸ ਦੀ ਕੋਈ ਖ਼ਬਰ ਨਹੀਂ ਬਣਦੀ। ਜਦੋਂ ਕੋਈ ਵਰਤਾਰਾ ਸਹਿ-ਸੁਭਾਅ ਤੁਰੀ ਜਾਂਦੀ ਜ਼ਿੰਦਗੀ ਨੂੰ ਵੱਢ ਮਾਰਦਾ ਹੈ, ਖ਼ਬਰ ਬਣਦੀ ਹੀ ਉਦੋਂ ਹੈ। ਇੱਕ ਆਮ ਉਦਾਹਰਣ ਇਹ ਦਿੱਤੀ ਜਾਂਦੀ ਹੈ ਕਿ ਜੇ ਕੁੱਤਾ ਬੰਦੇ ਨੂੰ ਵੱਢ ਲਵੇ, ਇਹ ਖ਼ਬਰ ਨਹੀਂ ਹੈ। ਜੇ ਬੰਦਾ ਕੁੱਤੇ ਨੂੰ ਵੱਢ ਲਵੇ ਖ਼ਬਰ ਉਦੋਂ ਬਣਦੀ ਹੈ।

ਇਸੇ ਲਈ ਸ਼ਾਇਦ ਪੱਤਰਕਾਰ ਲਾਣਾ ਖ਼ਬਰ ਬਣਾਉਣ ਲਈ ਅਣਹੋਣੀਆਂ ਦੇ ਵਾਪਰਨ ਦੀ ਉਮੀਦ ਨੂੰ ਸੁੰਘਦਾ ਰਹਿੰਦਾ ਹੈ। ਜਿੰਨੀ ਵੱਡੀ ਅਣਹੋਣੀ, ਉਨੀ ਵੱਡੀ ਸੁਰਖ਼ੀ। ਜਿਸ ਦਿਨ ਕੋਈ ਵੱਡਾ ਹਾਦਸਾ ਵਾਪਰ ਜਾਵੇ ਅਤੇ ਸੈਂਕੜੇ ਲੋਕ ਮਰ ਜਾਣ ਤਾਂ ਨਿਊਜ਼ ਡੈਸਕ 'ਤੇ ਕੰਮ ਕਰਦੇ ਸੰਪਾਦਕਾਂ ਨੂੰ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ, ਵੱਡੀ ਘਟਨਾ ਹੀ ਸੁਰਖ਼ੀ ਬਣ ਕੇ ਡਿੱਗਦੀ ਹੈ। ਹਿੰਦੋਸਤਾਨ/ਪੰਜਾਬ ਵਿੱਚ ਇਹ ਹੋਰ ਵੀ ਸੌਖਾ ਹੈ, ਕਿਉਂਕਿ ਹਰ ਆਏ ਦਿਨ ਕੋਈ ਘੁਟਾਲਾ, ਕੋਈ ਪੁਲਿਸ ਮੁਕਾਬਲਾ, ਹਿਰਾਸਤੀ ਹੱਤਿਆਵਾਂ, ਕੋਈ ਸੜਕ ਹਾਦਸਾ, ਕੋਈ ਰੇਲ ਹਾਦਸਾ, ਕੋਈ ਹਵਾਈ ਹਾਦਸਾ, ਕੋਈ ਜਾਤੀ ਜਬਰ, ਕਿਸੇ ਮੰਤਰੀ ਸੰਤਰੀ, ਕਿਸੇ ਪੁਲਿਸ ਅਫਸਰ, ਕਿਸੇ ਹੋਰ ਵੱਡੇ ਅਫਸਰ ਵੱਲੋਂ ਕਿਸੇ ਮੁਲਾਜ਼ਮ/ਸਧਾਰਣ ਬੰਦੇ ਨੂੰ ਮਰਨ ਲਈ ਮਜਬੂਰ ਕਰਨਾ। ਧਰਮ ਆਧਾਰਤ ਕਤਲੇਆਮ, ਧਮਕੀਆਂ, ਧੋਖੇ ਬੇਈਮਾਨੀਆਂ, ਬੇਇਨਸਾਫੀਆਂ- ਇਹ ਸਾਰਾ ਕੁਝ ਵਾਪਰਦਾ ਹੀ ਰਹਿੰਦਾ ਹੈ। ਫਿਰ ਵੀ ਸਾਡੇ ਚੈਨਲ ਹਰ ਨਵੀਂ ਘਟਨਾ ਬਾਰੇ ਪੰਜ ਚਾਰ ਦਿਨ ਰੱਜ ਕੇ ਖ਼ਰੂਦ ਕਰਦੇ ਹਨ। ਮਹਿਰਾਂ ਨੂੰ ਸੱਦਦੇ ਹਨ। ਘਟਨਾ ਕਿਉਂ ਵਾਪਰੀ? ਦੋਸ਼ੀ ਫੜੇ ਕਿਉਂ ਨਹੀਂ ਗਏ? ਐਫ.ਆਈ.ਆਰ. ਦਰਜ ਕਿਉਂ ਨਹੀਂ ਹੋਈ? ਕੀ ਹੋਣਾ ਚਾਹੀਦਾ? ਕਿਵੇਂ ਹੋਣਾ ਚਾਹੀਦਾ? ਇਸ ਸਾਰੇ ਕੁਝ ਬਾਰੇ ਸੰਵਿਧਾਨ ਵਿੱਚ ਸੁੱਤੇ ਪਏ ਕਾਨੂੰਨਾਂ ਬਾਰੇ ਸੈਂਕੜੇ ਚੈਨਲ ਸਾਰਾ ਕੁਝ ਦੱਸਦੇ ਹਨ, ਪਰ ਹੁੰਦਾ ਅਖੀਰ ਨੂੰ ਕੁਝ ਨਹੀਂ। ਕੁਝ ਸਮਾਂ ਪਾ ਕੇ ਕਥਿਤ ਦੋਸ਼ੀ ਵੀ ਬਰੀ ਹੋ ਜਾਂਦੇ ਹਨ। ਪੰਚਾਂ ਦਾ ਕਿਹਾ ਸਿਰ ਮੱਥੇ, ਪੰਤਾਲਾ ਉਥੇ ਦਾ ਉਥੇ। ਨਾਲੇ ਜਦੋਂ ਬਚਾਅ ਵਾਲੇ ਪੱਖ ਵਿੱਚ ਦਿੱਲੀ ਹੋਵੇ, ਫੇਰ ਲਾਲਜੀਤ ਸਿੰਘ ਭੁੱਲਰ ਵਰਗਿਆਂ ਦਾ ਕੋਈ ਵਾਲ ਵੀ ਵਿੰਗਾ ਕਿਵੇਂ ਕਰ ਸਕਦਾ ਹੈ!

'ਪੰਜਾਬੀ ਪਰਵਾਜ਼' ਵਿੱਚ ਇਸ਼ਤਿਹਾਰ ਦੇਣ ਲਈ
ਸੰਪਰਕ ਕਰੋ ਫੋਨ: 224-386-4548

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC - DBA Punjabi Parwaz
Address:
827 E. Kings Row, Unit# 7, Palatine, IL 60074
Managed by:
Anureet Kaur & Kuljeet Singh
Punjab Incharge:
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

# ਖਾੜੀ ਜੰਗ ਦੇ ਖਾਤਮੇ ਲਈ ਮੋਦੀ ਵੱਲੋਂ ਕੂਟਨੀਤੀ ਤੇ ਗੱਲਬਾਤ ਦੀ ਵਕਾਲਤ

**ਜਸਵੀਰ ਸਿੰਘ ਮਾਂਗਟ**

***ਮੌਜੂਦਾ ਹਾਲਾਤ ਦੀ ਕਰੋਨਾ ਕਾਲ ਨਾਲ ਤੁਲਨਾ *ਦੇਸ਼ ਦੇ ਆਗੂਆਂ ਤੇ ਲੋਕਾਂ ਨੂੰ ਇਕਜੁਟ ਰਹਿਣ ਦੀ ਅਪੀਲ***

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਗ ਸ਼ੁਰੂ ਹੋਣ ਤੋਂ 24 ਦਿਨ ਬਾਅਦ ਇਰਾਨ, ਇਜ਼ਰਾਇਲ ਅਤੇ ਅਮਰੀਕਾ ਵਿਚਕਾਰ ਚੱਲ ਰਹੀ ਜੰਗ 'ਤੇ ਆਪਣਾ ਪੱਖ, 'ਨਿਰਪੱਖ' ਢੰਗ ਨਾਲ ਪੇਸ਼ ਕੀਤਾ ਹੈ। ਲੋਕ ਸਭਾ ਵਿੱਚ ਇਸ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਖਾੜੀ ਖੇਤਰ ਵਿੱਚ ਚੱਲ ਰਹੀ ਜੰਗ ਦਾ ਮਸਲਾ ਆਪਸੀ ਗੱਲਬਾਤ ਅਤੇ ਕੂਟਨੀਤੀ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ। ਨਾਲ ਉਨ੍ਹਾਂ ਇਰਾਨ ਦੀ ਟੇਢੇ ਢੰਗ ਨਾਲ ਆਲੋਚਨਾ ਕਰਦਿਆਂ ਕਿਹਾ ਕਿ ਹੌਰਮੂਜ਼ ਦੇ ਅੰਤਰਰਾਸ਼ਟਰੀ ਪਾਣੀਆਂ ਵਿੱਚ ਸਮੁੰਦਰੀ ਮਾਰਗ ਨੂੰ ਬੰਦ ਕਰਨਾ ਠੀਕ ਨਹੀਂ ਹੈ। ਇਸ ਨਾਲ ਇਸ ਖੇਤਰ ਦੇ ਹੋਰ ਮੁਲਕਾਂ ਦਾ ਕਾਰੋਬਾਰ ਵੀ ਚਲਦਾ ਹੈ। ਉਨ੍ਹਾਂ ਚਲਦੀ ਗੱਲਬਾਤ ਦੌਰਾਨ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ 'ਤੇ ਬਿਨਾ ਕਾਰਨ ਕੀਤੇ ਗਏ ਹਮਲੇ ਤੇ ਆਇਤੁਲਾ ਖੁਮੇਨੀ ਸਮੇਤ ਇਰਾਨ ਦੇ ਕਈ ਫੌਜੀ ਅਫਸਰਾਂ ਨੂੰ ਮਾਰਨ ਅਤੇ ਇਸ ਨਾਲ ਜੰਗ ਸ਼ੁਰੂ ਹੋਣ ਬਾਰੇ ਕੁਝ ਨਾ ਕਹਿਣ ਵਿੱਚ ਹੀ ਭਲਾ ਸਮਝਿਆ। ਉਂਝ ਉਨ੍ਹਾਂ ਇਸ ਖੇਤਰ ਵਿੱਚ ਕੰਮ ਕਰਦੇ ਭਾਰਤੀ ਕਾਮਿਆਂ ਅਤੇ ਸੈਲਾਨੀਆਂ ਬਾਰੇ ਜ਼ਰੂਰ ਚਿੰਤਾ ਜ਼ਾਹਰ ਕੀਤੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਖਾੜੀ ਮੁਲਕਾਂ ਵਿੱਚ ਕੰਮ ਕਰਦੇ ਭਾਰਤੀ ਸਫਾਰਤਖਾਨੇ ਉਥੇ ਕੰਮ ਕਰਦੇ ਭਾਰਤੀ ਕਾਮਿਆਂ ਅਤੇ ਸੈਲਾਨੀਆਂ ਵਗੈਰਾ ਨੂੰ ਲੋੜੀਂਦੀਆਂ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿੱਚ ਸਾਡੇ ਇੱਕ ਕਰੋੜ ਕਾਮੇ ਕੰਮ ਕਰਦੇ ਹਨ। ਇਸ ਤੋਂ ਇਲਾਵਾ ਪਾਣੀ ਵਾਲੇ ਜਹਾਜ਼ਾਂ ਵਿੱਚ ਵੀ ਸਾਡੇ ਬਹੁਤ ਸਾਰੇ ਲੋਕ ਕੰਮ ਕਰਦੇ ਹਨ। ਇਸ ਲਈ ਭਾਰਤ ਦੇ ਮਾਨਵੀ ਸਰੋਕਾਰ ਇਸ ਖੇਤਰ ਨਾਲ ਗਹਿਰੀ ਤਰ੍ਹਾਂ ਜੁੜੇ ਹੋਏ ਹਨ। ਇਸ ਤੋਂ ਇਲਾਵਾ ਹੌਰਮੂਜ਼ ਚੈਨਲ ਦੇ ਬੰਦ ਹੋਣ ਨਾਲ ਜਿਸ ਤਰ੍ਹਾਂ ਸਾਰੀ ਦੁਨੀਆਂ ਪ੍ਰਭਾਵਤ ਹੋ ਰਹੀ ਹੈ, ਉਸੇ ਤਰ੍ਹਾਂ ਭਾਰਤੀ ਆਰਥਿਕਤਾ 'ਤੇ ਵੀ ਇਸ ਦੇ ਪ੍ਰਭਾਵ ਪੈ ਰਹੇ ਹਨ। ਹੌਰਮੂਜ਼ ਲਾਂਘਾ ਫਾਰਸ ਦੀ ਖਾੜੀ ਦਾ ਉਮਾਨ ਅਤੇ ਇਰਾਨ ਵਿਚਾਲੇ 33 ਕਿਲੋਮੀਟਰ ਚੌੜਾ ਖੇਤਰ ਹੈ, ਜਿਸਨੂੰ ਜੰਗ ਛਿੜਨ ਬਾਅਦ ਇਰਾਨ ਨੇ ਬੰਦ ਕਰ ਦਿੱਤਾ ਹੈ।

ਪ੍ਰਧਾਨ ਮੰਤਰੀ ਨੇ ਮੌਜੂਦਾ ਸਥਿਤੀ ਦੀ ਕਰੋਨਾ ਕਾਲ ਨਾਲ ਤੁਲਨਾ ਕਰਦਿਆਂ ਕਿਹਾ ਕਿ ਸੰਕਟ ਵਾਲੀਆਂ ਹਾਲਤਾਂ ਵਿੱਚ ਵੀ ਸਾਨੂੰ ਆਪਣਾ ਧੀਰਜ ਬਣਾ ਕੇ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖਾੜੀ ਜੰਗ ਦੇ ਮਸਲੇ 'ਤੇ ਭਾਰਤੀ ਸੰਸਦ ਵਿੱਚੋਂ ਇਕਜੁੱਟ ਆਵਾਜ਼ ਬਾਹਰ ਜਾਣੀ ਚਾਹੀਦੀ ਹੈ। ਉਨ੍ਹਾਂ ਭਾਰਤੀ ਨਾਗਰਿਕਾਂ ਤੋਂ ਵੀ ਕਰੋਨਾ ਕਾਲ ਵਾਂਗ ਏਕਤਾ ਬਣਾਈ ਰੱਖਣ ਅਤੇ ਮਿਲ ਕੇ ਸੰਕਟ ਵਿੱਚੋਂ ਨਿਕਲਣ ਲਈ ਕੰਮ ਕਰਨ ਦੀ ਅਪੀਲ ਕੀਤੀ।

ਇੱਥੇ ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਮੌਜੂਦਾ ਖਾੜੀ ਜੰਗ ਸ਼ੁਰੂ ਹੋਣ ਤੋਂ ਇੱਕ-ਦੋ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਜ਼ਰਾਇਲ ਦਾ ਦੌਰਾ ਕੀਤਾ ਸੀ ਅਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਕਾਫੀ ਨੇੜਤਾ ਵਿਖਾਈ ਸੀ। ਇਰਾਨ ਅਤੇ ਅਮਰੀਕਾ ਵੱਲੋਂ 28 ਫਰਵਰੀ ਨੂੰ ਚਲਦੀ ਗੱਲਬਾਤ ਛੱਡ ਕੇ ਇਰਾਨ 'ਤੇ ਅਚਾਨਕ ਕੀਤੇ ਗਏ ਹਮਲੇ ਅਤੇ ਇਰਾਨ ਦੇ ਸੁਪਰੀਮ ਲੀਡਰ ਆਇਤੁਲਾ ਖੁਮੇਨੀ ਦੀ ਮੌਤ 'ਤੇ ਭਾਰਤ ਵੱਲੋਂ ਕੋਈ



ਪ੍ਰਤੀਕਰਮ ਪ੍ਰਗਟ ਨਹੀਂ ਸੀ ਕੀਤਾ ਗਿਆ। ਭਾਰਤ ਨੇ ਇਸ 'ਤੇ ਰਸਮੀ ਅਫਸੋਸ ਜ਼ਾਹਰ ਕਰਨ ਲਈ ਵੀ ਕਈ ਦਿਨ ਲਏ, ਜਦੋਂ ਵਿਦੇਸ਼ ਸਕੱਤਰ ਨੇ ਭਾਰਤ ਵਿਚਲੇ ਇਰਾਨੀ ਸਫਾਰਤਖਾਨੇ ਵਿੱਚ ਪੁੱਜ ਕੇ ਲਿਖਤੀ ਰੂਪ ਵਿੱਚ ਆਪਣਾ ਅਫਸੋਸ ਜ਼ਾਹਰ ਕੀਤਾ। ਵਿਰੋਧੀ ਧਿਰ ਦੇ ਆਗੂਆਂ ਖਾਸ ਕਰਕੇ ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਇਸ ਮੁੱਦੇ ਨੂੰ ਲੈ ਕੇ ਪ੍ਰਧਾਨ ਮੰਤਰੀ ਦੀ ਜ਼ਬਰਦਸਤ ਆਲੋਚਨਾ ਕੀਤੀ ਸੀ। ਆਮ ਆਦਮੀ ਪਾਰਟੀ ਦੇ ਆਗੂ ਤਾਂ ਆਪਣਾ ਅਫਸੋਸ ਜ਼ਾਹਰ ਕਰਨ ਲਈ ਇਰਾਨ ਵੀ ਪੁੱਜੇ ਸਨ।

ਇੱਥੇ ਇਹ ਪੱਖ ਵੀ ਧਿਆਨਯੋਗ ਹੈ ਕਿ ਹੌਰਮੂਜ਼ ਸਟਰੇਟ ਬੰਦ ਹੋਣ ਨਾਲ ਉਥੇ ਭਾਰਤ ਦੇ 22 ਤੇਲ ਢੋਣ ਵਾਲੇ ਜਹਾਜ਼ ਫਸੇ ਖੜ੍ਹੇ ਹਨ, ਜਦਕਿ ਦੋ ਜਹਾਜ਼ ਭਾਰਤ ਦੇ ਪ੍ਰਧਾਨ ਮੰਤਰੀ ਨੇ ਇਰਾਨੀ ਵਿਦੇਸ਼ ਮੰਤਰੀ ਨਾਲ ਗੱਲਬਾਤ ਕਰਨ ਤੋਂ ਬਾਅਦ ਲੰਘਵਾ ਲਏ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਨੂੰ ਇਸ ਮਸਲੇ 'ਤੇ ਸੰਬੋਧਨ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਦੇਸ਼ ਕੋਲ ਕਾਫੀ ਮਾਤਰਾ ਵਿੱਚ ਤੇਲ ਤੇ ਗੈਸ ਅਤੇ ਰਸਾਇਣਕ ਖਾਦਾਂ ਦੇ ਭੰਡਾਰ ਹਨ, ਇਸ ਲਈ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ। ਝੂਠੀਆਂ ਖਬਰਾਂ ਤੋਂ ਬਚਿਆ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਤੇਲ ਅਤੇ ਗੈਸ ਦੇ ਨਾਲ-ਨਾਲ ਖਾੜੀ ਦੇ ਦੇਸ਼ ਵੱਡੀ ਮਾਤਰਾ ਵਿੱਚ ਰਸਾਇਣਕ ਖਾਦਾਂ ਅਤੇ ਹੀਲੀਅਮ ਵੀ ਬਰਾਮਦ ਕਰਦੇ ਹਨ। ਹੌਰਮੂਜ਼ ਸਮੁੰਦਰੀ ਲਾਂਘਾ ਇਰਾਨ ਵੱਲੋਂ ਬੰਦ ਕਰ ਦਿੱਤੇ ਜਾਣ ਨਾਲ ਦੁਨੀਆਂ ਭਰ ਵਿੱਚ ਇਸ ਸਾਰੇ ਕੁਝ ਦੀ ਕਿੱਲਤ ਮਹਿਸੂਸ ਹੋਣ ਲੱਗੀ ਹੈ। ਇਰਾਨ ਵੱਲੋਂ ਅਮਰੀਕਾ ਦੇ ਸਹਿਯੋਗੀ ਖਾੜੀ ਮੁਲਕਾਂ ਦੇ ਗੈਸ ਅਤੇ ਤੇਲ ਰਿਫਾਈਨਰੀਆਂ 'ਤੇ ਕੀਤੇ ਗਏ ਹਮਲਿਆਂ ਨਾਲ ਯੂਰਪ ਵਿੱਚ ਗੈਸ ਦਾ ਸੰਕਟ ਅਸਰਅੰਦਾਜ਼ ਹੋਣ ਲੱਗਾ ਹੈ। ਇਸ ਦੇ ਸਿੱਟੇ ਵਜੋਂ ਸਾਰੀ ਦੁਨੀਆਂ ਵਿੱਚ ਹੀ ਸਿੱਕੇ ਦੇ ਫੈਲਾਅ ਅਤੇ ਮਹਿੰਗਾਈ ਨੇ ਵੀ ਮਾਰ ਕਰਨੀ ਸ਼ੁਰੂ ਕਰ ਦਿੱਤੀ ਹੈ। ਕੁਝ ਦਿਨ ਪਹਿਲਾਂ ਅਮਰੀਕੀ ਸਦਰ ਡੋਨਾਲਡ ਟਰੰਪ ਨੇ ਇਰਾਨ ਨੂੰ ਧਮਕੀ ਦਿੱਤੀ ਸੀ ਕਿ ਉਹ ਹੌਰਮੂਜ਼ ਸਟਰੇਟ 'ਤੇ ਲਾਇਆ ਨਾਕਾ ਹਟਾ ਲਵੇ, ਨਹੀਂ ਤਾਂ ਉਸ ਦੇ ਬਿਜਲੀ ਪੈਦਾ ਕਰਨ ਵਾਲੇ ਸਰੋਤਾਂ ਨੂੰ ਤਬਾਹ ਕਰ ਦਿੱਤਾ ਜਾਵੇਗਾ। ਇਸ ਐਕਸ਼ਨ ਲਈ ਇਰਾਨ ਨੂੰ ਟਰੰਪ ਨੇ 48 ਘੰਟੇ ਦੀ ਮੋਹਲਤ ਦਿੱਤੀ ਸੀ। ਪਰ 48 ਘੰਟੇ ਪੂਰੇ ਹੋਣ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਨੇ ਆਖ ਦਿੱਤਾ ਕਿ ਬੀਤੇ ਦੋ ਦਿਨ ਦੀ ਇਰਾਨ ਦੇ ਨੁਮਾਇੰਦਿਆਂ ਨਾਲ ਗੱਲਬਾਤ ਵਿੱਚ ਇਰਾਨ ਨੇ ਸਕਾਰਾਤਮਕ ਰੁਖ ਅਖਤਿਆਰ ਕੀਤਾ ਹੈ। ਇਸ ਲਈ ਅਗਲੇ ਪੰਜ ਦਿਨ ਇਰਾਨ ਦੇ ਊਰਜਾ ਟਿਕਾਣਿਆਂ 'ਤੇ ਕੋਈ ਹਮਲਾ ਨਹੀਂ ਕੀਤਾ ਜਾਵੇਗਾ।

ਕੁਝ ਇਰਾਨੀ ਬੁੱਧੀਜੀਵੀਆਂ ਦਾ ਆਖਣਾ ਹੈ ਕਿ ਇਰਾਨ ਨਾਲ ਅਮਰੀਕਾ ਦੀ ਕੋਈ ਗੱਲਬਾਤ ਨਹੀਂ ਚੱਲ ਰਹੀ। ਅਮਰੀਕੀ ਸਦਰ ਵੱਲੋਂ ਅਜਿਹੇ ਬਿਆਨ ਮਾਰਕੀਟ ਨੂੰ ਪ੍ਰਭਾਵਤ ਕਰਨ ਲਈ ਦਿੱਤੇ ਜਾ ਰਹੇ ਹਨ। ਸੋਮਵਾਰ ਨੂੰ ਟਰੰਪ ਵੱਲੋਂ ਇਹ ਬਿਆਨ ਦਿੱਤੇ ਜਾਣ ਤੋਂ ਬਾਅਦ ਕਿ ਅਗਲੇ ਪੰਜ ਦਿਨ ਲਈ ਇਰਾਨ ਦੇ ਊਰਜਾ ਸਰੋਤਾਂ 'ਤੇ ਕੋਈ ਹਮਲਾ ਨਹੀਂ ਕੀਤਾ ਜਾਵੇਗਾ, ਨਾਲ ਅੰਤਰਰਾਸ਼ਟਰੀ ਮਾਰਕਿਟ ਵਿੱਚ ਤੇਲ ਦੇ ਭਾਅ 110 ਡਾਲਰ ਪ੍ਰਤੀ ਬੈਰਲ ਤੋਂ ਘਟ ਕੇ 85 ਡਾਲਰ ਪ੍ਰਤੀ ਬੈਰਲ ਰਹਿ ਗਏ ਹਨ। ਇਸ ਨਾਲ ਅਮਰੀਕੀ ਸਟਾਕ ਐਕਸਚੇਂਜ ਵੀ ਉਪਰ ਉਠਿਆ। ਜਿਉਂ ਹੀ ਤੇਲ ਦੀਆਂ ਕੀਮਤਾਂ ਵਧਣ ਲਗਦੀਆਂ ਹਨ, ਇਸ ਨਾਲ ਸਟਾਕ ਅਕਸਚੇਂਜ ਵੀ ਡਿੱਕ ਡੋਲੇ ਖਾਣ ਲਗਦੇ ਹਨ। ਟਰੰਪ ਵੱਲੋਂ ਉਪਰੋਕਤ ਬਿਆਨ ਸਟਾਕ ਮਾਰਕਿਟ ਰਾਹੀਂ ਆਪਣੇ ਚਹੇਤਿਆਂ ਨੂੰ ਲਾਭ ਪਹੁੰਚਾਉਣ ਲਈ ਵੀ ਦਿੱਤੇ ਗਏ ਹੋ ਸਕਦੇ ਹਨ।

ਉਂਝ ਅਪੁਸ਼ਟ ਸੂਤਰਾਂ ਤੋਂ ਅਜਿਹੀ ਜਾਣਕਾਰੀ ਵੀ ਸਾਹਮਣੇ ਆ ਰਹੀ ਹੈ ਕਿ ਮਿਸਰ ਸਾਉਦੀ ਅਰਬ ਅਤੇ ਤੁਰਕੀ ਦੇ ਵਿਦੇਸ਼ ਮੰਤਰੀਆਂ ਦੀ ਇੱਕ ਮੀਟਿੰਗ ਆਪਸ ਵਿੱਚ ਹੋਈ ਹੈ, ਜਿਸ ਵਿੱਚ ਖਾੜੀ ਜੰਗ ਨੂੰ ਖਤਮ ਕਰਨ ਲਈ ਕੂਟਨੀਤਿਕ ਯਤਨ ਮੁੜ ਆਰੰਭ ਕੀਤੇ ਜਾਣ ਨੂੰ ਲੈ ਕੇ ਚਰਚਾ ਹੋਈ ਹੈ। ਇਰਾਨ ਵੱਲੋਂ ਵਾਰ-ਵਾਰ ਹਮਲੇ ਕੀਤੇ ਜਾਣ ਦੇ ਬਾਵਜੂਦ ਖਾੜੀ ਦੇ ਦੂਜੇ ਦੇਸ਼ ਇਸ ਲੜਾਈ ਨੂੰ ਵਧਾਉਣ ਤੋਂ ਗੁਰੇਜ਼ ਕਰ ਰਹੇ ਹਨ। ਉਮਾਨ ਨੇ ਵੀ ਇੱਕ ਸੁਲਾਹਕੁਲ ਬਿਆਨ ਦਿੰਦਿਆਂ ਕਿਹਾ ਹੈ ਕਿ ਇਹ ਜੰਗ ਇਰਾਨ ਵੱਲੋਂ ਸ਼ੁਰੂ ਨਹੀਂ ਕੀਤੀ ਗਈ ਹੈ। ਹਾਲਾਂਕਿ ਇਰਾਨ ਉਮਾਨ 'ਤੇ ਵੀ ਹਮਲੇ ਕਰ ਚੁੱਕਾ ਹੈ।


ਕੁਝ ਦਿਨ ਪਹਿਲਾਂ ਜਦੋਂ ਇਜ਼ਰਾਇਲ ਨੇ ਇਰਾਨ ਦੇ ਤੇਲ ਭੰਡਾਰਾਂ 'ਤੇ ਵੱਡੇ ਹਮਲੇ ਕੀਤੇ ਸਨ ਤਾਂ ਅਮਰੀਕੀ ਸਦਰ ਨੇ ਕਿਹਾ ਸੀ ਕਿ ਇਹ ਹਮਲਾ ਉਸ ਨਾਲ ਮਸ਼ਵਰੇ ਤੋਂ ਬਾਅਦ ਨਹੀਂ ਕੀਤਾ ਗਿਆ ਅਤੇ ਉਸ ਨੇ ਨੇਤਨਯਾਹੂ ਨੂੰ ਅਜਿਹੇ ਹਮਲੇ ਨਾ ਕਰਨ ਲਈ ਕਿਹਾ ਹੈ। ਹੁਣ ਊਰਜਾਂ ਸਰੋਤਾਂ 'ਤੇ ਹਮਲਿਆਂ ਨੂੰ ਪੰਜ ਦਿਨਾਂ ਤੱਕ ਰੋਕਣ ਦਾ ਐਲਾਨ ਕਰਨ ਵੇਲੇ ਵੀ ਟਰੰਪ ਨੇ ਨੇਤਨਯਾਹੂ ਦਾ ਕੋਈ ਜ਼ਿਕਰ ਨਹੀਂ ਕੀਤਾ। ਇਸ ਤੋਂ ਲਗਦਾ ਹੈ ਕਿ ਨੇਤਨਯਾਹੂ ਅਤੇ ਟਰੰਪ ਵਿਚਾਲੇ ਦੂਰੀਆਂ ਵਧ ਰਹੀਆਂ ਹਨ। ਟਰੰਪ ਇਰਾਨ ਨਾਲ ਜੰਗ ਵਿੱਚੋਂ ਬਾਹਰ ਨਿਕਲਣ ਦੇ ਯਤਨ ਵਿੱਚ ਹਨ; ਪਰ ਇਹ ਸਵਾਲ ਵੀ ਅੰਤਰਰਾਸ਼ਟਰੀ ਸੰਬੰਧਾਂ ਦੇ ਮਾਹਿਰਾਂ ਵੱਲੋਂ ਪੁੱਛਿਆ ਜਾ ਰਿਹਾ ਹੈ ਕਿ ਕੀ ਨੇਤਨਯਾਹੂ ਟਰੰਪ ਨੂੰ ਇੱਕਪਾਸੜ ਤੌਰ 'ਤੇ ਜੰਗ ਵਿੱਚੋਂ ਬਾਹਰ ਨਿਕਲਣ ਦੇਣਗੇ? ਇਹ ਪੱਖ ਤੇ ਸਪਸ਼ਟ ਹੀ ਹੈ ਕਿ ਅਮਰੀਕਾ ਵਿਚਲੀ ਯਹੂਦੀ ਲਾਬੀ ਦੇ ਦਬਾਅ ਵਿੱਚ ਹੀ ਟਰੰਪ ਨੇ 28 ਫਰਵਰੀ ਨੂੰ ਇਰਾਨ 'ਤੇ ਹਮਲਾ ਕੀਤਾ ਸੀ, ਜਿਸ ਤੋਂ ਬਾਅਦ ਲੜਾਈ ਰੁਕਣ ਦਾ ਨਾਂ ਨਹੀਂ ਲੈ ਰਹੀ। ਜਦਕਿ ਟਰੰਪ ਅਤੇ ਨੇਤਨਯਾਹੂ ਨੂੰ ਯਕੀਨ ਸੀ ਕਿ ਖਮੇਨੀ ਅਤੇ ਕੁਝ ਹੋਰ ਆਗੂਆਂ ਨੂੰ ਮਾਰਨ ਤੋਂ ਬਾਅਦ ਉਹ ਇਰਾਨ ਵਿੱਚ ਸੱਤਾ ਪਲਟਣ ਵਿੱਚ ਕਾਮਯਾਬ ਹੋ ਜਾਣਗੇ, ਪਰ ਹੋਇਆ ਇਸ ਦੇ ਬਿਲਕੁਲ ਹੀ ਉਲਟ। ਸੁਪਰੀਮ ਆਗੂ ਨੂੰ ਮਾਰਨ ਦੀ ਘਟਨਾ ਨੇ ਸਗੋਂ ਇਰਾਨ ਨੂੰ ਹੋਰ ਇਕਜੁੱਟ ਕਰ ਦਿੱਤਾ ਹੈ।

ਇਸ ਦੌਰਾਨ ਇਰਾਨ ਜੰਗ ਰੋਕਣ ਤੋਂ ਪਹਿਲਾਂ ਮੁੜ ਹਮਲਾ ਨਾ ਕਰਨ ਦੀ ਗਾਰੰਟੀ ਅਤੇ ਹੋਏ ਨੁਕਸਾਨ ਲਈ ਹਰਜਾਨਾ ਮੰਗ ਰਿਹਾ ਹੈ। ਟਰੰਪ ਵੱਲੋਂ ਪੰਜ ਦਿਨਾਂ ਲਈ ਇਰਾਨ ਦੇ ਉਰਜਾ ਟਿਕਾਣਿਆਂ 'ਤੇ ਹਮਲਾ ਨਾ ਕਰਨ ਦੇ ਬਿਆਨ ਦੇਣ ਤੋਂ ਬਾਅਦ ਵੀ ਇਰਾਨ ਵੱਲੋਂ ਫਿਲਹਾਲ ਕੋਈ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ ਗਿਆ ਹੈ।









# ਸੰਸਾਰ ਹੈਪੀਨੈਸ ਇੰਡੈਕਸ 'ਚ ਪਛੜੇ ਅੰਗਰੇਜ਼ੀ ਭਾਸ਼ੀ ਮੁਲਕ

ਪੰਜਾਬੀ ਪਰਵਾਜ਼ ਬਿਊਰੋ

***ਫਿਨਲੈਂਡ ਦੀ ਝੰਡੀ, ਕੋਸਟਾ ਰੀਕਾ ਦਾ ਨੰਬਰ ਚੌਥਾ *ਭਾਰਤ 116ਵੇਂ ਸਥਾਨ 'ਤੇ***

ਸੰਯੁਕਤ ਰਾਸ਼ਟਰ ਸਸਟੇਅਨੇਬਲ ਡਿਵੈਲਪਮੈਂਟ ਨੈਟਵਰਕ, ਗੈਲਪ ਵਰਲਡ ਪੋਲ ਅਤੇ ਔਕਸਫੋਰਡ ਵੈਲਬੀਂਗ ਸੈਂਟਰ ਵੱਲੋਂ ਸਾਂਝੇ ਤੌਰ 'ਤੇ ਹਾਲ ਹੀ ਵਿੱਚ ਜਾਰੀ ਕੀਤੀ ਗਈ 'ਵਰਲਡ ਹੈਪੀਨੈਸ ਰਿਪੋਰਟ' ਵਿੱਚ ਕੈਨੇਡਾ ਅਤੇ ਅਮਰੀਕਾ ਸਮੇਤ ਆਸਟਰੇਲੀਆ, ਇੰਗਲੈਂਡ ਅਤੇ ਨਿਊਜ਼ੀਲੈਂਡ ਨੀਚੇ ਵੱਲ ਖਿਸਕ ਗਏ ਹਨ। ਕੈਨੇਡਾ ਦਾ ਇਸ ਰਿਪੋਰਟ ਵਿੱਚ ਸਥਾਨ 25ਵਾਂ ਹੈ, ਜਦੋਂਕਿ ਅਮਰੀਕਾ 23ਵੇਂ ਸਥਾਨ 'ਤੇ ਹੈ। ਪਿਛਲੇ ਸਾਲ ਵਰਲਡ ਹੈਪੀਨੈਸ ਰਿਪੋਰਟ ਵਿੱਚ ਕੈਨੇਡਾ ਦਾ ਸਥਾਨ 15ਵਾਂ ਸੀ। ਭਾਰਤ ਦਾ ਸਥਾਨ ਇਸ ਰਿਪੋਰਟ ਵਿੱਚ 116ਵਾਂ ਹੈ, ਜਦਕਿ ਚੀਨ ਦਾ 65ਵਾਂ। ਇਸ ਤੋਂ ਉਲਟ ਯੂਗੋਸਲਾਵੀਆ ਦੇ ਟੁੱਟਣ ਤੋਂ ਬਾਅਦ ਹੋਂਦ ਵਿੱਚ ਆਏ ਸਰਬੀਆ, ਕਸੋਵੋ ਅਤੇ ਸਲੋਵਾਕੀਆ ਵਰਗੇ ਮੁਲਕ ਕਈ ਦਰਜੇ ਉਪਰਲੀ ਪੌੜੀ ਚੜ੍ਹ ਗਏ ਹਨ। ਕੇਂਦਰੀ ਅਮਰੀਕਾ ਦੇ ਮੁਲਕ ਕੋਸਟਾ ਰੀਕਾ ਨੇ ਖੁਸ਼ਹਾਲੀ ਦੀ ਦ੍ਰਿਸ਼ਟੀ ਤੋਂ ਹੈਰਾਨਕੁਨ ਵਿਕਾਸ ਕੀਤਾ ਹੈ ਅਤੇ ਰਿਪੋਰਟ ਵਿੱਚ ਫਿਨਲੈਂਡ, ਆਈਸਲੈਂਡ ਅਤੇ ਡੈਨਮਾਰਕ ਤੋਂ ਬਾਅਦ ਚੌਥੇ ਸਥਾਨ 'ਤੇ ਦਰਜ ਹੋਇਆ ਹੈ। ਸੰਸਾਰ ਹੈਪੀਨੈਸ ਦੀ ਦ੍ਰਿਸ਼ਟੀ ਤੋਂ ਪਾਕਿਸਤਾਨ ਦੀ ਸਥਿਤੀ ਵੀ ਭਾਰਤ ਨਾਲੋਂ ਬੇਹਤਰ ਹੈ।

ਇਸ ਰਿਪੋਰਟ ਬਾਰੇ ਉਪਰੋਕਤ ਸੰਸਥਾਵਾਂ ਵੱਲੋਂ ਬਣਾਏ ਗਏ ਸੰਪਾਦਕੀ ਬੋਰਡ ਦਾ ਆਖਣਾ ਹੈ ਕਿ "ਉੱਤਰੀ ਅਮਰੀਕਾ ਅਤੇ ਪੱਛਮੀ ਯੂਰਪ ਵਿੱਚ ਨੌਜਵਾਨ ਪੀੜ੍ਹੀ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਦੇ ਮੁਕਾਬਲੇ ਕਾਫੀ ਘੱਟ ਖੁਸ਼ ਹੈ।" ਰਿਪੋਰਟ ਨੂੰ ਸਮੇਟਦਿਆਂ ਐਡੀਟੋਰੀਅਲ ਬੋਰਡ ਨੇ ਲਿਖਿਆ ਹੈ ਕਿ "ਇਸ ਸਮੇਂ ਦੌਰਾਨ ਇਨ੍ਹਾਂ ਮੁਲਕਾਂ ਵਿੱਚ ਸੋਸ਼ਲ ਮੀਡੀਆ ਦੀ ਵਰਤੋਂ ਬਹੁਤ ਜ਼ਿਆਦਾ ਵਧੀ ਹੈ। ਬਹੁਤ ਸਾਰੇ ਲੋਕਾਂ ਦਾ ਖਿਆਲ ਹੈ ਕਿ ਸੋਸ਼ਲ ਮੀਡੀਆ ਦੀ ਇਹ ਵਧੀ ਵਰਤੋਂ ਹੀ ਮਨੁਖੀ ਖੁਸ਼ੀ ਦਾ ਹਨਨ ਕਰ ਰਹੀ ਹੈ। ਪਰ ਕੀ ਇਹ ਦਲੀਲ ਦਰੁਸਤ ਵਿਸ਼ਲੇਸ਼ਣ ਦਾ ਸਾਹਮਣਾ ਕਰ ਸਕਦੀ ਹੈ? ਫਿਰ ਉਨ੍ਹਾਂ ਮੁਲਕਾਂ ਬਾਰੇ ਕੀ ਕਿਹਾ ਜਾਵੇ, ਜਿਨ੍ਹਾਂ ਦੀ ਸਥਿਤੀ ਬੇਹਤਰ ਹੈ ਅਤੇ ਉਹ ਸੋਸ਼ਲ ਮੀਡੀਆ ਦੀ ਵਰਤੋਂ ਇਸੇ ਪੱਧਰ 'ਤੇ ਕਰਦੇ ਹਨ, ਜਿਸ ਪੱਧਰ 'ਤੇ ਇਹ ਅੰਗਰੇਜ਼ੀ ਭਾਸ਼ੀ ਮੁਲਕਾਂ ਵਿੱਚ ਹੁੰਦੀ ਹੈ?

ਆਪਣੀ ਖੋਜ ਨੂੰ ਆਧਾਰ ਬਣਾ ਕੇ ਇਹ ਰਿਪੋਰਟ ਦੱਸਦੀ ਹੈ ਕਿ ਜਿਹੜੇ ਅੱਲ੍ਹੜ ਮੁੰਡੇ-ਕੁੜੀਆਂ 7 ਘੰਟੇ ਤੋਂ ਜ਼ਿਆਦਾ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ, ਉਹ ਉਨ੍ਹਾਂ ਬੱਚਿਆਂ ਤੋਂ ਕਿਤੇ ਘੱਟ ਤੰਦਰੁਸਤ ਹਨ, ਜਿਹੜੇ ਸੋਸ਼ਲ ਮੀਡੀਆ ਦੀ ਵਰਤੋਂ ਸਿਰਫ ਇੱਕ ਘੰਟਾ ਜਾਂ ਇਸ ਤੋਂ ਘੱਟ ਕਰਦੇ ਹਨ। ਰਿਪੋਰਟ ਦਰਜ ਕਰਦੀ ਹੈ ਕਿ "ਅਮਰੀਕਾ ਦੇ ਇੱਕ ਕਾਲਜ ਦੇ ਵਿਦਿਆਰਥੀ ਆਖਦੇ ਹਨ ਕਿ ਸੋਸ਼ਲ ਮੀਡੀਆ ਹੋਣਾ ਹੀ ਨਹੀਂ ਚਾਹੀਦਾ। ਉਹ ਦੂਸਰਿਆਂ ਨੂੰ ਵੇਖੋ ਵੇਖੀ ਹੀ ਇਸ ਦੀ ਵਰਤੋਂ ਕਰੀ ਜਾਂਦੇ ਹਨ।" ਉਂਝ



ਉਪਰੋਕਤ ਦਲੀਲ ਦੇ ਉਲਟ ਲਾਤੀਨੀ ਅਮੀਰੀਕਾ ਵਿੱਚ ਹੋਈ ਖੋਜ ਇਹ ਦੱਸਦੀ ਹੈ ਕਿ ਸੋਸ਼ਲ ਮੀਡੀਆ ਮੰਚ ਮਹੱਤਵਪੂਰਨ ਹਨ। "ਸਮਾਜਿਕ ਮੇਲ-ਜੋਲ ਨੂੰ ਵਧਾਉਣ ਲਈ ਕਾਇਮ ਕੀਤੇ ਗਏ ਸੋਸ਼ਲ ਮੀਡੀਆ ਮੰਚ ਮਨੁੱਖੀ ਪ੍ਰਸੰਨਤਾ ਅਤੇ ਸੰਤੁਸ਼ਟੀ ਵਿੱਚ ਵਾਧਾ ਕਰਦੇ ਹਨ, ਜਦੋਂ ਕਿ ਐਲਗੋਰਿਧਮਾਂ ਵੱਲੋਂ ਸੰਚਾਲਿਤ ਸੋਸ਼ਲ ਮੀਡੀਆ ਮੈਟਰ ਮਨੁੱਖੀ ਮਾਨਸਿਕਤਾ 'ਤੇ ਉਲਟ ਪ੍ਰਭਾਵ ਸਿਰਜਦਾ ਹੈ।

ਇੰਜ ਇਸ ਵਰ੍ਹੇ ਦੀ ਇਹ 'ਵਰਲਡ ਹੈਪੀਨੈਸ ਰਿਪੋਰਟ' ਅਖੀਰ ਵਿੱਚ ਸਿੱਟਾ ਕੱਢਦੀ ਹੈ ਕਿ ਸੋਸ਼ਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਕਰਨ ਵਾਲੇ ਲੋਕ ਇਸ ਤੋਂ ਮਾੜੇ ਰੁਖ ਪ੍ਰਭਾਵਤ ਹੋ ਸਕਦੇ ਹਨ; ਖਾਸ ਕਰਕੇ ਪੱਛਮੀ ਯੂਰਪ ਅਤੇ ਅੰਗਰੇਜ਼ੀ ਭਾਸ਼ੀ ਮੁਲਕਾਂ ਵਿੱਚ। ਜਿੱਥੋਂ ਤੱਕ ਬੱਚਿਆਂ ਅਤੇ ਅੱਲ੍ਹੜ ਉਮਰ ਜਵਾਨਾਂ ਵਿੱਚ ਸੋਸ਼ਲ ਮੀਡੀਆ ਦੀ ਵਰਤੋਂ ਦਾ ਸਵਾਲ ਹੈ, ਰਿਪੋਰਟ ਪ੍ਰੋਡਕਟ ਸੇਫਟੀ ਦੇ ਨੁਕਤੇ ਤੋਂ ਇਸ ਨੂੰ ਅਸੁਰੱਖਿਅਤ ਮੰਨਦੀ ਹੈ। ਇਸ ਸੰਬੰਧ ਵਿੱਚ ਤੱਥ ਵੰਨ-ਸਵੰਨੇ ਸੋਮਿਆਂ ਤੋਂ ਇਕੱਤਰ ਕੀਤੇ ਗਏ ਹਨ। ਇਹ ਰਿਪੋਰਟ ਨੌਜਵਾਨ ਮੁੰਡੇ-ਕੁੜੀਆਂ, ਮਾਪਿਆਂ, ਅਧਿਆਪਕਾਂ, ਡਾਕਟਰਾਂ, ਕਾਰਪੋਰੇਟ ਡਾਕੂਮੈਂਟਾਂ ਆਦਿ ਤੋਂ ਇਕੱਤਰ ਕੀਤੇ ਗਏ ਤੱਥਾਂ, ਲੰਮੇ ਦਾਅ ਦੇ (ਲੋਂਗੀਚਿਊਡਨਲ) ਅਧਿਅਨਾਂ ਅਤੇ ਸੋਸ਼ਲ ਮੀਡੀਆ ਦੀ ਘੱਟ ਵਰਤੋਂ ਦੇ ਤਜਰਬਿਆਂ ਆਦਿ ਤੋਂ ਇਕੱਤਰ ਕੀਤੀ ਗਈ ਜਾਣਕਾਰੀ ਉੱਪਰ ਆਧਾਰਤ ਹੈ।

ਇੱਥੇ ਜ਼ਿਕਰਯੋਗ ਹੈ ਕਿ ਨਵੀਂ ਸਦੀ ਦੇ ਆਰੰਭ ਨਾਲ ਮਨੁੱਖੀ ਵਿਕਾਸ ਨੂੰ ਸਿਰਫ ਆਰਥਕ ਦ੍ਰਿਸ਼ਟੀ ਤੋਂ ਵੇਖਣ ਦਾ ਰੁਝਾਨ ਘਟ ਗਿਆ ਹੈ। ਇਸ ਨੂੰ ਮਨੁੱਖੀ ਖੁਸ਼ੀ, ਸਮਾਜਕ ਤੇ ਮਨੋਵਿਗਿਆਨਕ ਸਿਹਤ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਵਧੇਰੇ ਵੇਖਿਆ ਜਾਣ ਲੱਗਾ ਹੈ। ਇਸ ਤਰ੍ਹਾਂ ਮਨੁੱਖੀ ਵਿਕਾਸ ਨੂੰ ਮਨੁੱਖ ਦੀ ਅੰਦਰੂਨੀ (ਸਬਜੈਕਟਿਵ) ਸੰਤੁਸ਼ਟੀ ਨੂੰ ਵੀ ਹੁਣ ਵਿਕਾਸਯੋਗ ਯੋਗਤਾ ਵਜੋਂ ਮਿਣਿਆ ਜਾਣ ਲੱਗਾ ਹੈ। ਮਨੁੱਖ ਦੀ ਸਮਾਜਿਕ, ਭਾਵੁਕ ਅਤੇ ਮਨੋਵਿਗਿਆਨਕ ਤੰਦਰੁਸਤੀ ਦਾ ਮਹੱਤਵ ਆਰਥਕ ਵਿਕਾਸ ਨਾਲ ਜੋੜ ਕੇ ਵੇਖਿਆ ਜਾਣ ਲੱਗਾ ਹੈ।

ਪੰਜਾਬ ਵਿੱਚ 1990ਵਿਆਂ ਵਿੱਚ ਡਾ. ਗੁਰਭਗਤ ਸਿੰਘ ਅਤੇ ਬਾਅਦ ਵਿੱਚ ਹਰਸਿਮਰਨ ਸਿੰਘ (ਅਨੰਦਪੁਰ ਸਾਹਿਬ) ਵੱਲੋਂ ਰਾਜਨੀਤਿਕ ਸੰਕਲਪ ਵਜੋਂ ਵਿਕਸਤ ਕੀਤੇ ਗਏ ਮਨੁੱਖੀ ਵਿਕਾਸ ਦੀ ਥਾਂ 'ਵਿਗਾਸ' (ਵਿਸਮਾਦ) ਦੇ ਸੰਕਲਪ ਨੂੰ ਵੀ ਮਾਨਵੀ ਬਿਹਤਰੀ ਦੇ ਸੰਕਲਪਾਂ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਮਨੋਵਿਗਿਆਨ ਦੇ ਖੇਤਰ ਵਿੱਚ ਇਹ 'ਫਲੋਰਿਸ਼ਿੰਗ' ਦੇ ਸੰਕਲਪ ਵਜੋਂ ਵਿਚਾਰਿਆ ਜਾਣ ਲੱਗਾ ਹੈ। ਕੋਰੇ ਅਤੇ ਲੋਪੇਜ਼ (2003) ਨੇ ਇਸ ਨੂੰ ਮਨੋਵਿਗਿਆਨ ਦੇ ਖੇਤਰ ਵਿੱਚ ਲਿਆਂਦਾ। ਯਾਦ ਰਹੇ, 2014 ਵਿੱਚ ਵਰਲਡ ਹੈਪੀਨੈਸ ਇੰਡੈਕਸ ਵਿੱਚ ਕੈਨੇਡਾ ਦਾ ਨੰਬਰ ਪੰਜਵਾਂ ਸੀ ਅਤੇ 2026 ਵਿੱਚ ਇਹ ਖਿਸਕ ਕੇ 25ਵੇਂ ਸਥਾਨ 'ਤੇ ਚਲਾ ਗਿਆ ਹੈ। ਉਂਝ ਇਨ੍ਹਾਂ ਮੁਲਕਾਂ ਵਿੱਚ ਵਰਲਡ ਹੈਪੀਨੈਸ ਰਿਪੋਰਟ ਨੂੰ ਵੀ ਹੁਣ ਜੀ.ਡੀ.ਪੀ. ਵਾਂਗ ਆਪਣੀਆਂ ਕੌਮੀ ਨੀਤੀਆਂ ਘੜਨ ਲਈ ਡੂੰਘੀ ਤਰ੍ਹਾਂ ਵਿਚਾਰਿਆ ਜਾਂਦਾ ਹੈ।

ਵਰਲਡ ਹੈਪੀਨੈਸ ਰਿਪੋਰਟ ਵਿੱਚ ਸਭ ਤੋਂ ਨਿਚਲਾ ਸਥਾਨ ਅਫਾਗਨਿਸਤਾਨ ਦਾ ਹੈ। ਦੱਖਣੀ ਏਸ਼ੀਆ ਦਾ ਇਹ ਮੁਲਕ 147ਵੇਂ ਸਥਾਨ 'ਤੇ ਹੈ। ਮਲਾਵੀ ਅਤੇ ਸਿਅਰਾ ਲਿਓਨ ਜਿਹੇ ਮੁਲਕ ਵੀ ਅਫਗਾਨਿਸਤਾਨ ਦੇ ਲਾਗੇ-ਚਾਗੇ ਹੀ ਹਨ। ਰਿਪੋਰਟ ਨੋਟ ਕਰਦੀ ਹੈ ਕਿ ਪਿਛਲੇ ਸਾਲ ਆਸਟਰੇਲੀਆ ਨੇ 10 ਸੋਸ਼ਲ ਮੀਡੀਆ ਮੰਚਾਂ ਲਈ ਪਾਬੰਦੀ ਦੀ ਉਮਰ 13 ਸਾਲ ਤੋਂ ਵਧਾ ਕੇ 16 ਸਾਲ ਕਰ ਦਿੱਤੀ ਹੈ। ਸਪੇਨ, ਡੈਨਮਾਰਕ ਅਤੇ ਫਰਾਂਸ ਜਿਹੇ ਮੁਲਕ ਵੀ ਇਸ ਕਿਸਮ ਦੀਆਂ ਪਾਬੰਦੀਆਂ ਬਾਰੇ ਸੋਚ ਰਹੇ ਹਨ। ਰਿਪੋਰਟ ਨੂੰ ਮੁਕੰਮਲ ਕਰਦਿਆਂ ਆਸ ਪ੍ਰਗਟ ਕੀਤੀ ਗਈ ਹੈ ਕਿ ਇਹ ਰਿਪੋਰਟ ਉਪਰੋਕਤ ਕਿਸਮ ਦੀਆਂ ਨੀਤੀਆਂ ਘੜਨ ਵਿੱਚ ਮੁਲਕਾਂ ਦੇ ਨੀਤੀਘਾੜੀਆਂ ਦੀ ਮਦਦ ਕਰਨ ਲਈ ਸਹਾਈ ਸਿੱਧ ਹੋਵੇਗੀ।

ਵਰਲਡ ਹੈਪੀਨੈਸ ਰਿਪੋਰਟ 2026 ਵਿੱਚ ਸਿਖਰਲੇ 10 ਮੁਲਕ ਫਿਨਲੈਂਡ, ਆਈਸਲੈਂਡ, ਡੈਨਮਾਰਕ, ਕੋਸਟਾ ਰੀਕਾ, ਸਵੀਡਨ, ਨੌਰਵੇ, ਇਜ਼ਰਾਇਲ, ਲਗਜ਼ਮਬਰਗ ਅਤੇ ਸਵਿਟਜ਼ਰਲੈਂਡ ਹਨ। ਅਮਰੀਕਾ ਦਾ ਨੰਬਰ 23ਵਾਂ ਅਤੇ ਕੈਨੇਡਾ ਦਾ 25ਵਾਂ ਹੈ। ਇੰਜ ਕੈਨੇਡਾ ਦਾ ਨੰਬਰ ਅਮਰੀਕਾ, ਸਾਉਦੀ ਅਰਬ, ਪੋਲੈਂਡ ਤੋਂ ਪਿੱਛੇ ਅਤੇ ਤਾਈਵਾਨ, ਬਿਲਜੇ, ਲਿਥੂਨੀਆ ਅਤੇ ਇੰਗਲੈਂਡ ਤੋਂ ਥੋੜ੍ਹਾ ਜਿਹਾ ਉੱਪਰ ਹੈ। ਰਿਪੋਰਟ ਵਿੱਚ ਖੁਸ਼ੀ ਦੀ ਵਿਆਖਿਆ ਆਰਥਕਤਾ, ਸਮਾਜਿਕ ਮਾਨਸਿਕ ਤੰਦਰੁਸਤੀ, ਜ਼ਿੰਦਗੀ ਦੀ ਕਦਰ ਅਤੇ ਜ਼ਿੰਦਗੀ ਤੋਂ ਸੰਤੁਸ਼ਟੀ ਦੇ ਆਧਾਰ 'ਤੇ ਕੀਤੀ ਗਈ ਹੈ। ਜਾਣਕਾਰੀ ਇਕੱਤਰ ਕਰਨ ਲਈ ਵਰਤੇ ਗਏ ਢੰਗ-ਤਰੀਕਿਆਂ ਬਾਰੇ ਜਾਣਕਾਰੀ ਦਿੰਦਿਆਂ ਲਿਖਿਆ ਗਿਆ ਹੈ, "ਸਾਡੀ ਖੁਸ਼ਹਾਲ ਮੁਲਕਾਂ ਬਾਰੇ ਇਹ ਤਰਤੀਬ ਜ਼ਿੰਦਗੀ ਦੇ ਮੁਲੰਕਣ ਸੰਬੰਧੀ ਕੀਤੇ ਜਾਂਦੇ ਇੱਕ ਸੰਕਲਪਿਕ ਸਵਾਲ "ਕੈਂਟਰਿਲ ਲੈਡਰ" ਉੱਪਰ ਆਧਾਰਤ ਹੈ। ਇਸ ਸਕੇਲ ਵਿੱਚ 0-10 ਤੱਕ ਗਰੇਡਿੰਗ ਕੀਤੀ ਜਾਂਦੀ ਹੈ। ਜ਼ਿੰਦਗੀ ਵਿੱਚ ਖੁਸ਼ਹਾਲੀ ਨੂੰ ਮਿਣਨ ਦੀ ਦ੍ਰਿਸ਼ਟੀ ਤੋਂ ਕੈਂਟਰਿਲ ਲੈਡਰ ਲੋਕਾਂ ਨੂੰ ਆਪਣੇ ਬਾਰੇ ਸਭ ਤੋਂ ਮਹੱਤਵਸ਼ੀਲ ਚੀਜ਼ਾਂ ਬਾਰੇ ਖੁਦ ਆਪ ਨਿਰਣਾ ਕਰਨ ਦੀ ਇਜਾਜ਼ਤ ਦਿੰਦਾ ਹੈ। ਖੁਸ਼ੀ ਨੂੰ ਮਾਪਣ ਦਾ ਇਹ ਢੰਗ ਜਮਹੂਰੀ ਵੀ ਹੈ ਅਤੇ ਸਦੀਵੀ (ਯੂਨੀਵਰਸਲ) ਵੀ।

# ਟਰੰਪ ਇਜ਼ਰਾਇਲੀ ਲਾਬੀ ਦੇ ਸਾਏ ਹੇਠ

*ਸਫਾ ਇੱਕ ਦੀ ਬਾਕੀ...*

ਕਤਰ ਦੇ ਵਿਦੇਸ਼ ਮੰਤਰੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਕਿਸੇ ਦੇਸ਼ ਨੂੰ ਕੋਈ ਵੀ ਵਿਰੋਧੀ ਦੇਸ਼ ਨਕਸ਼ੇ ਤੋਂ ਨਹੀਂ ਮਿਟਾ ਸਕਦਾ। ਇਰਾਨ ਹਜ਼ਾਰਾਂ ਸਾਲਾਂ ਤੋਂ ਇੱਥੇ ਹੈ ਅਤੇ ਇਸ ਨੇ ਭਵਿੱਖ ਵਿੱਚ ਇੱਥੇ ਹੀ ਰਹਿਣਾ ਹੈ ਤੇ ਇਸ ਲਈ ਅਸੀਂ ਆਪਣੇ ਗੁਆਂਢੀਆਂ ਨਾਲ ਵਿਗਾੜ ਨਹੀਂ ਸਕਦੇ; ਜਦਕਿ ਦੁਬਈ ਵਿੱਚ ਦੁਨੀਆਂ ਭਰ ਦੀ ਹਰਾਮ ਦੀ ਕਮਾਈ ਲੱਗੀ ਹੋਈ ਹੈ, ਇਸ ਲਈ ਇਹ ਕੁਰਪਟ ਬਾਣੀਏ ਲੜਨ ਦੀ ਜੁਰਅਤ ਨਹੀਂ ਕਰ ਸਕਦੇ। ਕੁਵੈਤ ਅਯਾਸ਼ ਸ਼ੇਖ 'ਵਿਅਗਰਾ' ਨੇ ਅਪੰਗ ਕੀਤੇ ਹੋਏ ਹਨ। ਉਨ੍ਹਾਂ ਦੇ ਗੋਡਿਆਂ ਦਾ ਗਰੀਸ ਪਹਿਲਾਂ ਹੀ ਮੁੱਕਾ ਹੋਇਆ। ਅਮਰੀਕੀ ਫੌਜੀਆਂ ਨੇ ਇਨ੍ਹਾਂ ਦੀਆਂ ਤੀਵੀਆਂ ਵੇਸਵਾਵਾਂ ਬਣਾ ਦਿੱਤੀਆਂ ਹਨ। ਸੋ, ਲਾ-ਪਾ ਕੇ ਸਾਊਦੀ ਅਰਬ ਰਹਿ ਜਾਂਦਾ ਹੈ, ਜਿਹੜਾ ਥੋੜ੍ਹੇ ਬਹੁਤੇ ਕੰਨ ਚੁੱਕਦਾ। ਉਸ ਨੇ ਇਰਾਨ ਦੇ ਸਫੀਰ ਵਾਪਸ ਭੇਜ ਦਿੱਤੇ ਹਨ ਅਤੇ ਆਪਣੇ ਹਵਾਈ ਅੱਡਿਆਂ ਤੋਂ ਅਮਰੀਕੀ ਫੌਜੀ ਜਹਾਜ਼ਾਂ ਨੂੰ ਉਡਾਣ ਭਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ।

ਸਾਊਦੀ ਅਰਬ ਦਾ ਪਾਕਿਸਤਾਨ ਨਾਲ ਰਣਨੀਤਿਕ ਰੱਖਿਆ ਸਮਝੌਤਾ ਹੋ ਚੁੱਕਾ ਹੈ। ਇਹ ਨਾਟੋ ਸਟਾਈਲ ਸਮਝੌਤਾ ਹੀ ਹੈ। ਦੋਹਾਂ ਵਿੱਚੋਂ ਕਿਸੇ ਇੱਕ 'ਤੇ ਵੀ ਹਮਲਾ ਹੋਵੇ ਤਾਂ ਇਹ ਦੋਹਾਂ ਮੁਲਕਾਂ 'ਤੇ ਹਮਲਾ ਮੰਨਿਆ ਜਾਵੇਗਾ। ਇਸ ਸਮਝੌਤੇ ਨੇ ਆਰਥਿਕ ਤੌਰ 'ਤੇ ਟੁੱਟੇ ਹੋਏ ਪਾਕਿਸਤਾਨ ਨੂੰ ਕੁਝ ਤਾਕਤ ਬਖਸ਼ੀ ਹੈ। ਇਸੇ ਕਰਕੇ ਸ਼ਾਇਦ ਪਾਕਿਸਤਾਨ ਹੁਣ ਅੰਤਰਰਾਸ਼ਟਰੀ ਕੂਟਨੀਤੀ ਵਿੱਚ ਖੁੱਲ੍ਹ ਕੇ ਖੇਡਣਾ ਚਾਹੁੰਦਾ ਹੈ। ਇਰਾਨ ਨਾਲ ਅਮਰੀਕਾ ਦਾ ਸਮਝੌਤਾ ਕਰਵਾਉਣ ਲਈ ਸਾਡਾ ਇਹ ਗੁਆਂਢੀ ਮੁਲਕ ਵਿਚੋਲਾ ਬਣਦਾ ਨਜ਼ਰ ਆ ਰਿਹਾ ਹੈ। ਇਸ ਸੰਭਾਵਨਾ ਨੂੰ ਵੇਖਦਿਆਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਦੇਸ਼ ਦੇ ਮੇਨ ਸਟਰੀਮ ਮੀਡੀਆ ਵੱਲੋਂ ਵਿਚੋਲਗੀ ਲਈ ਉਭਾਰਿਆ ਜਾ ਰਿਹਾ। ਪਰ ਪਾਕਿਸਤਾਨ ਦੇ ਮੁਕਾਬਲੇ ਭਾਰਤ ਦੇ ਨੰਬਰ ਇਸ ਕਰਕੇ ਘਟ ਗਏ ਹਨ, ਕਿਉਂਕਿ ਨਰਿੰਦਰ ਮੋਦੀ ਨੇ ਇਰਾਨ ਜੰਗ ਸ਼ੁਰੂ ਹੋਣ ਤੋਂ ਐਨ ਪਹਿਲਾਂ ਇਜ਼ਰਾਇਲ ਦਾ ਦੌਰਾ ਕਰਕੇ ਇਰਾਨ ਨੂੰ ਕਿਸੇ ਹੱਦ ਤੱਕ ਨਾਰਾਜ਼ ਕਰ ਲਿਆ ਹੈ। ਜਦਕਿ ਇਸ ਦੇ ਮੁਕਾਬਲੇ ਪਾਕਿਸਤਾਨ ਦੀ ਇਰਾਨ ਅਤੇ ਅਮਰੀਕਾ- ਦੋਹਾਂ ਪਾਸਿਆਂ ਵੱਲ ਦਾਲ ਗਲ਼ਦੀ ਹੈ। ਇਸ ਲਈ ਤਕੜੀ ਸੰਭਾਵਨਾ ਇਹੋ ਹੈ ਕਿ ਅਮਰੀਕਾ-ਇਰਾਨ ਵਿਚਕਾਰ ਸਮਝੌਤੇ ਲਈ ਪਾਕਿਸਤਾਨ ਹੀ ਮੁੱਖ ਧੁਰਾ ਬਣੇਗਾ। ਇਸ ਵਿੱਚ ਤੁਰਕੀ, ਮਿਸਰ ਅਤੇ ਕਤਰ ਦੀ ਭੂਮਿਕਾ ਵੀ ਵੇਖੀ ਜਾ ਸਕਦੀ ਹੈ।

ਕਾਂਗਰਸ ਪਾਰਟੀ ਦੇ ਇਕ ਬੁਲਾਰੇ ਨੇ ਕਿਹਾ ਕਿ ਉਪਰੇਸ਼ਨ ਸੰਧੂਰ ਤੋਂ ਬਾਅਦ ਨਰਿੰਦਰ ਮੋਦੀ ਨੇ ਭਾਰਤ ਦੀ ਵਿਦੇਸ਼ ਨੀਤੀ ਲਗਪਗ ਬੇਅਸਰ ਕਰ ਦਿੱਤੀ ਹੈ। ਇਸ ਤਰ੍ਹਾਂ ਕੁੱਲ ਮਿਲਾ ਕਿ ਭਾਵੇਂ ਇਰਾਨ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਵਿੱਚ ਬਿਨਾ ਸ਼ਰਤ ਪੈਣ ਤੋਂ ਇਨਕਾਰ ਕਰ ਰਿਹਾ ਹੈ, ਪਰ ਜੰਗ ਦੀ ਪਿੱਠਭੂਮੀ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਗੱਲਬਾਤ ਚੱਲਦੀ ਰਹੇਗੀ। ਪਾਕਿਸਤਾਨ ਦੀ ਨਾ ਸਿਰਫ ਦੋਹਾਂ ਧਿਰਾਂ ਵਿੱਚ ਬਣਦੀ ਹੈ, ਸਗੋਂ ਇੱਥੇ ਅਮਰੀਕਾ ਦੇ ਫੌਜੀ ਬੇਸ ਵੀ ਨਹੀਂ ਹਨ। ਪਾਕਿਸਤਾਨ ਨੇ 28 ਫਰਵਰੀ ਨੂੰ ਹੋਏ ਹਮਲੇ ਦੀ ਨਿੰਦਿਆ ਕਰਦਿਆਂ ਖੁਮੇਨੀ ਦੀ ਮੌਤ ਉੱਪਰ ਅਫਸੋਸ ਵੀ ਜ਼ਾਹਰ ਕੀਤਾ ਸੀ; ਜਦਕਿ ਭਾਰਤ ਨੇ ਇਹ ਹਿੰਮਤ ਨਹੀਂ ਕੀਤੀ। ਸਾਡਾ ਇੱਕ ਗੁਆਂਢੀ ਛੋਟੇ ਜਿਹੇ ਮੁਲਕ, ਸ੍ਰੀ ਲੰਕਾ ਨੇ ਡੁੱਬ ਰਹੇ ਇਰਾਨੀ ਨੇਵੀ ਫੌਜੀਆਂ ਨੂੰ ਨਾ ਸਿਰਫ ਸਾਂਭਿਆ ਸਗੋਂ ਉਸ ਨੇ ਅਮਰੀਕੀ ਜਹਾਜ਼ਾਂ ਨੂੰ ਆਪਣੇ ਮੁਲਕ ਵਿੱਚੋਂ ਉਡਾਨ ਭਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ। ਇਸ ਪੱਖ ਤੋਂ ਹਿੰਦੁਸਤਾਨ ਬਹੁਤ ਕਮਜ਼ੋਰ ਨਜ਼ਰ ਆਇਆ। ਹਾਲਾਂਕਿ ਇਰਾਨੀ ਨੇਵੀ ਦਾ ਇਹ ਜਹਾਜ਼ ਭਾਰਤ ਵਿੱਚ ਟਰੇਨਿੰਗ ਲਈ ਮਹਿਮਾਨ ਵਜੋਂ ਆਇਆ ਸੀ ਅਤੇ ਅਮਰੀਕਾ ਵੱਲੋਂ ਹਮਲੇ ਕਾਰਨ ਜ਼ਖਮੀ ਹੋ ਗਿਆ ਸੀ। ਇਰਾਨ ਸ੍ਰੀ ਲੰਕਾ ਨੂੰ ਆਪਣਾ ਦੋਸਤ ਵੀ ਸਵੀਕਾਰਨ ਲੱਗਾ ਹੈ। ਪੂਰੀ ਸਥਿਤੀ ਵਿੱਚ ਇਰਾਨ-ਅਮਰੀਕਾ ਸਮਝੌਤੇ ਦੇ ਸੰਦਰਭ ਵਿੱਚ ਪਾਕਿਸਤਾਨ ਝੰਡੀ ਪੁੱਟਦਾ ਨਜ਼ਰ ਆ ਰਿਹਾ ਹੈ। ਭਾਰਤ ਨੇ ਜੇ ਆਪਣੀ ਨੀਤੀ ਗੁੱਟ ਨਿਰਲੇਪ ਵੀ ਰੱਖੀ ਹੁੰਦੀ ਤਾਂ ਇਸ ਭੂਮਿਕਾ ਲਈ ਉਸ ਦੇ ਮੌਕੇ ਜ਼ਿਆਦਾ ਸਾਜ਼ਗਾਰ ਹੋਣੇ ਸਨ।




# ਤਾਨਾਸ਼ਾਹ ਹੁੰਦੀ ਜਾ ਰਹੀ ਹੈ ਦੁਨੀਆ

## ਵੀ-ਡੈਮ ਰਿਪੋਰਟ ਦੀ ਚੇਤਾਵਨੀ-ਭਾਰਤ ਸਣੇ ਵੱਡੇ ਮੁਲਕਾਂ 'ਚ ਲੋਕਤੰਤਰ ਕਮਜ਼ੋਰ, ਦੁਨੀਆ ਦੀ 74 ਫ਼ੀਸਦੀ ਆਬਾਦੀ ਤਾਨਾਸ਼ਾਹੀ ਹੇਠ

**ਕਮਲ ਦੁਸਾਂਝ**

ਦੁਨੀਆ ਦੇ ਰਾਜਨੀਤਿਕ ਨਕਸ਼ੇ 'ਤੇ ਇੱਕ ਖ਼ਾਮੋਸ਼ ਪਰ ਗੰਭੀਰ ਬਦਲਾਅ ਵਾਪਰ ਰਿਹਾ ਹੈ। ਜਮਹੂਰੀਅਤ ਦੀ ਚਮਕ ਹੌਲ਼ੀ-ਹੌਲਲੀ ਧੁੰਦਲੀ ਪੈਂਦੀ ਜਾ ਰਹੀ ਹੈ ਅਤੇ ਤਾਨਾਸ਼ਾਹੀ ਰੁਝਾਨ ਮਜਬੂਤ ਹੁੰਦੇ ਜਾ ਰਹੇ ਹਨ। ਵੀ-ਡੈਮ ਇੰਸਟੀਚਿਊਟ ਵੱਲੋਂ ਜਾਰੀ 'ਡੈਮੋਕਰੇਸੀ ਰਿਪੋਰਟ 2026' ਇਸ ਹਕੀਕਤ ਨੂੰ ਬੇਪਰਦਾ ਕਰਦੀ ਹੈ। ਰਿਪੋਰਟ ਦਾ ਕੇਂਦਰੀ ਸੰਦੇਸ਼ ਸਪੱਸ਼ਟ ਹੈ- ਦੁਨੀਆ ਇੱਕ "ਡੈਮੋਕਰੇਟਿਕ ਰਿਸੈਸ਼ਨ" ਦੇ ਦੌਰ ਵਿੱਚ ਦਾਖ਼ਲ ਹੋ ਚੁੱਕੀ ਹੈ, ਜਿੱਥੇ ਲੋਕਤੰਤਰ ਪਿੱਛੇ ਹਟ ਰਿਹਾ ਹੈ ਅਤੇ ਸੱਤਾ ਹੋਰ ਕੇਂਦਰਿਤ ਹੋ ਰਹੀ ਹੈ।

ਰਿਪੋਰਟ ਅਨੁਸਾਰ, ਅੱਜ ਦੁਨੀਆ ਦੇ ਲਗਭਗ 74 ਫ਼ੀਸਦੀ ਲੋਕ ਤਾਨਾਸ਼ਾਹੀ ਪ੍ਰਣਾਲੀਆਂ ਹੇਠ ਜੀਅ ਰਹੇ ਹਨ। ਇਹ ਸਿਰਫ਼ ਇੱਕ ਅੰਕੜਾ ਨਹੀਂ, ਸਗੋਂ ਵਿਸ਼ਵ ਪੱਧਰ 'ਤੇ ਘਟਦੀ ਆਜ਼ਾਦੀ ਅਤੇ ਘਟਦੇ ਨਾਗਰਿਕ ਅਧਿਕਾਰਾਂ ਦੀ ਸਾਫ਼ ਤਸਵੀਰ ਹੈ। ਲੋਕਤੰਤਰ ਹੁਣ ਬਹੁਤ ਸਾਰੀਆਂ ਥਾਵਾਂ 'ਤੇ ਸਿਰਫ਼ ਚੋਣਾਂ ਤੱਕ ਹੀ ਸੀਮਿਤ ਰਹਿ ਗਿਆ ਹੈ, ਜਿੱਥੇ ਲੋਕਾਂ ਦੀ ਅਸਲ ਹਿੱਸੇਦਾਰੀ ਅਤੇ ਅਸਰ ਘਟਦਾ ਜਾ ਰਿਹਾ ਹੈ।

ਰਿਪੋਰਟ ਹੋਰ ਦੱਸਦੀ ਹੈ ਕਿ ਗਲੋਬਲ ਪੱਧਰ 'ਤੇ ਲੋਕਤੰਤਰ ਦੀ ਗੁਣਵੱਤਾ ਹੁਣ ਲਗਭਗ 1978 ਦੇ ਦਰਜੇ 'ਤੇ ਵਾਪਸ ਆ ਗਈ ਹੈ। 1974 ਵਿੱਚ ਸ਼ੁਰੂ ਹੋਈ ਜਮਹੂਰੀਕਰਨ ਦੀ 'ਤੀਜੀ ਲਹਿਰ', ਜਿਸ ਨੇ ਕਈ ਦੇਸ਼ਾਂ ਵਿੱਚ ਲੋਕਤੰਤਰ ਨੂੰ ਮਜਬੂਤ ਕੀਤਾ ਸੀ, ਹੁਣ ਆਪਣੀ ਰਫ਼ਤਾਰ ਗੁਆ ਬੈਠੀ ਹੈ। ਪਿਛਲੇ ਪੰਜਾਹ ਸਾਲਾਂ ਵਿੱਚ ਹੋਈ ਪ੍ਰਗਤੀ ਅੱਜ ਹੌਲ਼ੀ-ਹੌਲ਼ੀ ਖ਼ਤਮ ਹੋਣ ਦੇ ਕੰਢੇ 'ਤੇ ਹੈ।

ਇਸ ਗਿਰਾਵਟ ਦੀ ਇੱਕ ਵੱਡੀ ਅਤੇ ਹੈਰਾਨੀਜਨਕ ਮਿਸਾਲ ਅਮਰੀਕਾ ਹੈ। ਪਹਿਲੀ ਵਾਰ ਉਸਨੂੰ 'ਲਿਬਰਲ ਡੈਮੋਕਰੇਸੀ' ਦੀ ਸ਼੍ਰੇਣੀ ਵਿੱਚ ਨਹੀਂ ਰੱਖਿਆ ਗਿਆ। ਸੰਸਥਾਵਾਂ 'ਤੇ ਵਧਦਾ ਦਬਾਅ, ਰਾਜਨੀਤਿਕ ਧਰੁਵੀਕਰਨ ਅਤੇ ਜਵਾਬਦੇਹੀ ਦੇ ਮਕੈਨਿਜ਼ਮ ਦੀ ਕਮਜ਼ੋਰੀ- ਇਹ ਸਾਰੇ ਤੱਤ ਇਸ ਬਦਲਾਅ ਨੂੰ ਦਰਸਾਉਂਦੇ ਹਨ। ਇਹ ਦਰਸਾਉਂਦਾ ਹੈ ਕਿ ਲੋਕਤੰਤਰ ਦੀ ਕਮਜ਼ੋਰੀ ਸਿਰਫ਼ ਵਿਕਾਸਸ਼ੀਲ ਦੇਸ਼ਾਂ ਤੱਕ ਹੀ ਸੀਮਿਤ ਨਹੀਂ ਰਹੀ।

ਭਾਰਤ ਦੀ ਸਥਿਤੀ ਵੀ ਚਿੰਤਾ ਦਾ ਵਿਸ਼ਾ ਹੈ। ਰਿਪੋਰਟ ਮੁਤਾਬਕ ਭਾਰਤ 2017 ਤੋਂ 'ਚੋਣਾਵੀ ਤਾਨਾਸ਼ਾਹੀ' ਦੀ ਸ਼੍ਰੇਣੀ ਵਿੱਚ ਹੈ। ਲਿਬਰਲ ਡੈਮੋਕਰੇਸੀ ਇੰਡੈਕਸ ਵਿੱਚ ਭਾਰਤ 179 ਦੇਸ਼ਾਂ ਵਿੱਚੋਂ 105ਵੇਂ ਸਥਾਨ 'ਤੇ ਹੈ, ਜਦਕਿ ਚੋਣਾਵੀ ਲੋਕਤੰਤਰ ਵਿੱਚ 106ਵਾਂ ਅਤੇ ਸਮਾਨਤਾਵਾਦੀ ਸੂਚਕਾਂਕ ਵਿੱਚ 138ਵਾਂ ਸਥਾਨ ਦਰਸਾਉਂਦਾ ਹੈ ਕਿ ਗਿਰਾਵਟ ਕਈ ਪੱਧਰਾਂ 'ਤੇ ਹੋ ਰਹੀ ਹੈ। ਇਹ ਗਿਰਾਵਟ ਅਚਾਨਕ ਨਹੀਂ, ਸਗੋਂ ਲੰਮੇ ਸਮੇਂ ਤੋਂ ਚੱਲ ਰਹੀ ਇੱਕ ਪ੍ਰਕਿਰਿਆ ਹੈ, ਜਿਸ ਵਿੱਚ ਸੰਸਥਾਵਾਂ ਦੀ ਖੁਦਮੁਖਤਿਆਰੀ ਹੌਲ਼ੀ-ਹੌਲ਼ੀ ਘਟਦੀ ਗਈ ਹੈ।



ਦੱਖਣੀ ਅਤੇ ਮੱਧ ਏਸ਼ੀਆ ਦੀ ਤਸਵੀਰ ਹੋਰ ਵੀ ਨਾਜ਼ੁਕ ਹੈ। ਇਸ ਖੇਤਰ ਵਿੱਚ ਸਿਰਫ਼ 2 ਫ਼ੀਸਦੀ ਲੋਕ ਹੀ ਅਸਲ ਚੋਣਾਵੀ ਲੋਕਤੰਤਰ ਦਾ ਲਾਭ ਮਾਣ ਰਹੇ ਹਨ ਅਤੇ ਇਹ ਵੀ ਮੁੱਖ ਤੌਰ 'ਤੇ ਨੇਪਾਲ ਅਤੇ ਭਾਰਤ ਤੱਕ ਸੀਮਿਤ ਦੱਸਿਆ ਗਿਆ ਹੈ। ਬਾਕੀ ਖੇਤਰ ਵਿੱਚ ਜਮਹੂਰੀ ਸੰਸਥਾਵਾਂ ਦੀ ਕਮਜ਼ੋਰੀ, ਸੱਤਾ ਦਾ ਕੇਂਦਰੀਕਰਨ ਅਤੇ ਨਾਗਰਿਕ ਅਧਿਕਾਰਾਂ ਦੀ ਘਟਦੀ ਹੱਦ ਸਾਫ਼ ਤੌਰ 'ਤੇ ਦਿਖਾਈ ਦਿੰਦੀ ਹੈ।

ਰਿਪੋਰਟ ਅਨੁਸਾਰ ਲੋਕਤੰਤਰ ਦੀ ਇਸ ਕਮਜ਼ੋਰੀ ਦੇ ਕੁਝ ਸਪੱਸ਼ਟ ਕਾਰਨ ਹਨ। ਸਭ ਤੋਂ ਪਹਿਲਾਂ ਮੀਡੀਆ ਅਤੇ ਲਿਖਣ-ਬੋਲਣ ਦੀ ਆਜ਼ਾਦੀ 'ਤੇ ਵਧਦੀਆਂ ਪਾਬੰਦੀਆਂ ਹਨ। ਪੱਤਰਕਾਰਾਂ 'ਤੇ ਦਬਾਅ, ਸਰਕਾਰਾਂ ਦੀ ਆਲੋਚਨਾ ਕਰਨ ਵਾਲਿਆਂ 'ਤੇ ਕਾਰਵਾਈ ਅਤੇ ਵਿਰੋਧੀ ਧਿਰ ਨੂੰ ਹਾਸ਼ੀਏ 'ਤੇ ਧੱਕਣਾ-ਇਹ ਸਭ ਜਮਹੂਰੀ ਪ੍ਰਣਾਲੀ ਨੂੰ ਅੰਦਰੋਂ ਖੋਖਲਾ ਕਰ ਰਹੇ ਹਨ। ਜਿੱਥੇ ਆਵਾਜ਼ਾਂ ਨੂੰ ਦਬਾਇਆ ਜਾਂਦਾ ਹੈ, ਉੱਥੇ ਲੋਕਤੰਤਰ ਦੀ ਰੂਹ ਕਮਜ਼ੋਰ ਹੋ ਜਾਂਦੀ ਹੈ।

ਮੀਡੀਆ ਸੈਂਸਰਸ਼ਿਪ ਇਸ ਦੌਰ ਦਾ ਸਭ ਤੋਂ ਵੱਡਾ ਹਥਿਆਰ ਬਣ ਚੁੱਕੀ ਹੈ। ਰਿਪੋਰਟ ਮੁਤਾਬਕ ਲਗਭਗ 73 ਫ਼ੀਸਦੀ ਮਾਮਲਿਆਂ ਵਿੱਚ ਸਰਕਾਰਾਂ ਮੀਡੀਆ 'ਤੇ ਕੰਟਰੋਲ ਰਹੀਆਂ ਹਨ। ਜਾਣਕਾਰੀ ਨੂੰ ਰੋਕਣਾ, ਤੱਥਾਂ ਨੂੰ ਮੋੜਨਾ ਜਾਂ ਆਲੋਚਨਾਤਮਕ ਆਵਾਜ਼ਾਂ ਨੂੰ ਖ਼ਾਮੋਸ਼ ਕਰਨਾ- ਇਹ ਤਰੀਕੇ ਹੁਣ ਆਮ ਹੋ ਚੁੱਕੇ ਹਨ। ਇਸ ਨਾਲ ਲੋਕਾਂ ਤੱਕ ਸੱਚ ਪਹੁੰਚਣ ਦੀ ਪ੍ਰਕਿਰਿਆ ਪ੍ਰਭਾਵਿਤ ਹੁੰਦੀ ਹੈ।

ਇਸਦੇ ਨਾਲ ਹੀ ਜਵਾਬਦੇਹੀ ਦੀ ਪ੍ਰਣਾਲੀ ਵੀ ਕਮਜ਼ੋਰ ਹੋ ਰਹੀ ਹੈ। 21 ਦੇਸ਼ਾਂ ਵਿੱਚ ਸਰਕਾਰੀ ਫੈਸਲਿਆਂ ਦੀ ਆਲੋਚਨਾਤਮਕ ਜਾਂਚ ਘਟਾਈ ਜਾ ਰਹੀ ਹੈ। ਜਦੋਂ ਸੰਸਥਾਵਾਂ ਆਪਣਾ ਕੰਮ ਢੰਗ ਨਾਲ ਨਹੀਂ ਕਰਦੀਆਂ, ਤਾਂ ਸੱਤਾ ਬਿਨਾ ਰੋਕ-ਟੋਕ ਦੇ ਕੇਂਦਰਿਤ ਹੋਣ ਲੱਗਦੀ ਹੈ। ਇਹ ਹਾਲਤ ਲੋਕਤੰਤਰ ਲਈ ਖ਼ਤਰਨਾਕ ਹੈ।

ਸਿਵਲ ਸਮਾਜ ਦਾ ਘਟਦਾ ਦਾਇਰਾ ਵੀ ਇੱਕ ਵੱਡਾ ਮੁੱਦਾ ਹੈ। ਅਮਰੀਕਾ ਅਤੇ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਨਾਗਰਿਕ ਸੰਸਥਾਵਾਂ ਦੀ ਭੂਮਿਕਾ ਘਟ ਰਹੀ ਹੈ। ਲੋਕਾਂ ਦੀ ਭਾਗੀਦਾਰੀ ਨੀਤੀਗਤ ਫੈਸਲਿਆਂ ਵਿੱਚ ਘਟਦੀ ਜਾ ਰਹੀ ਹੈ। ਜਮਹੂਰੀ ਪ੍ਰਕਿਰਿਆ ਸਿਰਫ਼ ਵੋਟ ਪਾਉਣ ਤੱਕ ਹੀ ਸੀਮਿਤ ਹੋ ਰਹੀ ਹੈ, ਜਦਕਿ ਵਿਚਾਰ-ਵਟਾਂਦਰੇ ਅਤੇ ਸਾਂਝੇ ਫੈਸਲੇ ਦੀ ਰਵਾਇਤ ਕਮਜ਼ੋਰ ਪੈ ਰਹੀ ਹੈ।

ਇਸ ਤੋਂ ਇਲਾਵਾ ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਕਈ ਦੇਸ਼ਾਂ ਵਿੱਚ ਸੱਤਾ ਦਾ ਕੇਂਦਰੀਕਰਨ ਤੇਜ਼ੀ ਨਾਲ ਵਧ ਰਿਹਾ ਹੈ। ਫੈਸਲੇ ਕੁਝ ਹੱਥਾਂ ਵਿੱਚ ਕੇਂਦਰਿਤ ਹੋ ਰਹੇ ਹਨ ਅਤੇ ਸਥਾਨਕ ਜਾਂ ਖੇਤਰੀ ਸੰਸਥਾਵਾਂ ਦੀ ਭੂਮਿਕਾ ਘੱਟ ਰਹੀ ਹੈ। ਇਹ ਰੁਝਾਨ ਲੋਕਤੰਤਰ ਦੇ ਮੂਲ ਸਿਧਾਂਤ- ਵੰਡੇ ਹੋਏ ਅਧਿਕਾਰ ਅਤੇ ਸੰਤੁਲਨ ਨੂੰ ਕਮਜ਼ੋਰ ਕਰਦਾ ਹੈ। ਨੌਜਵਾਨ ਪੀੜ੍ਹੀ ਵਿੱਚ ਵੀ ਲੋਕਤੰਤਰ ਪ੍ਰਤੀ ਨਿਰਾਸ਼ਾ ਦੇ ਸੰਕੇਤ ਮਿਲ ਰਹੇ ਹਨ। ਜਦੋਂ ਉਹ ਆਪਣੇ ਆਲੇ-ਦੁਆਲੇ ਸੰਸਥਾਵਾਂ ਨੂੰ ਕਮਜ਼ੋਰ ਹੁੰਦਾ ਵੇਖਦੇ ਹਨ, ਤਾਂ ਉਨ੍ਹਾਂ ਦਾ ਵਿਸ਼ਵਾਸ ਘਟਦਾ ਹੈ। ਇਹ ਲੰਬੇ ਸਮੇਂ ਵਿੱਚ ਲੋਕਤੰਤਰ ਲਈ ਇੱਕ ਹੋਰ ਵੱਡੀ ਚੁਣੌਤੀ ਬਣ ਸਕਦੀ ਹੈ।

ਨਤੀਜਾ ਸਪੱਸ਼ਟ ਹੈ- ਦੁਨੀਆ ਇੱਕ ਨਾਜ਼ੁਕ ਮੋੜ 'ਤੇ ਖੜੀ ਹੈ। ਜੇ ਸੰਸਥਾਵਾਂ ਦੀ ਖੁਦਮੁਖਤਿਆਰੀ ਨੂੰ ਮਜਬੂਤ ਨਾ ਕੀਤਾ ਗਿਆ, ਆਜ਼ਾਦੀਆਂ ਦੀ ਰੱਖਿਆ ਨਾ ਕੀਤੀ ਗਈ ਅਤੇ ਸੱਤਾ ਦੇ ਕੇਂਦਰੀਕਰਨ ਨੂੰ ਨਾ ਰੋਕਿਆ ਗਿਆ, ਤਾਂ ਲੋਕਤੰਤਰ ਦੀ ਗਿਰਾਵਟ ਹੋਰ ਤੇਜ਼ ਹੋ ਸਕਦੀ ਹੈ। ਅੱਜ ਦੀ ਲੋੜਾਂ ਦੀ ਲੋੜ ਇਹ ਹੈ ਕਿ ਦੇਸ਼ ਆਪਣੇ ਜਮਹੂਰੀ ਢਾਂਚਿਆਂ ਨੂੰ ਮਜਬੂਤ ਕਰਨ, ਮੀਡੀਆ ਦੀ ਆਜ਼ਾਦੀ ਨੂੰ ਯਕੀਨੀ ਬਣਾਉਣ, ਨਿਆਂਪਾਲਿਕਾ ਅਤੇ ਹੋਰ ਸੰਸਥਾਵਾਂ ਦੀ ਖੁਦਮੁਖਤਿਆਰੀ ਨੂੰ ਬਚਾਉਣ ਤੇ ਨਾਗਰਿਕਾਂ ਦੀ ਹਿੱਸੇਦਾਰੀ ਨੂੰ ਵਧਾਉਣ। ਨਹੀਂ ਤਾਂ 'ਗੁੰਮ ਹੋ ਰਿਹਾ ਲੋਕਤੰਤਰ' ਕੱਲ੍ਹ ਦੀ ਸਥਾਈ ਹਕੀਕਤ ਬਣ ਸਕਦਾ ਹੈ- ਜਿੱਥੇ ਚੋਣਾਂ ਤਾਂ ਹੋਣਗੀਆਂ, ਪਰ ਅਸਲ ਆਜ਼ਾਦੀ ਪੂਰੀ ਤਰ੍ਹਾਂ ਗੁਆਚ ਜਾਵੇਗੀ।

# ਇਨਕਲਾਬੀ ਸੂਰਮੇ ਬਾਬਾ ਬੂਝਾ ਸਿੰਘ ਜੀ ਨੂੰ ਯਾਦ ਕਰਦਿਆਂ

**ਗੁਰਭਜਨ ਗਿੱਲ (ਪ੍ਰੋ.)**

**ਬਾਬਾ ਬੂਝਾ ਸਿੰਘ ਇਨਕਲਾਬੀ ਦੇਸ਼ ਭਗਤ ਸੂਰਮੇ ਸਨ, ਜੋ ਗਦਰ ਪਾਰਟੀ ਦੇ ਦੂਜੇ ਦੌਰ ਵਿੱਚ ਅਰਜਨਟਾਈਨਾ ਵਿਖੇ ਸਰਗਰਮ ਹੋਏ। ਬਰਾਸਤਾ ਮਾਸਕੋ ਭਾਰਤ ਪਰਤ ਕੇ ਉਹ ਕਮਿਊਨਿਸਟ ਪਾਰਟੀ 'ਚ ਸ਼ਾਮਲ ਹੋਏ। ਪਾਰਟੀ ਨੀਤੀਆਂ ਨਾਲ ਅਸਹਿਮਤੀ ਕਾਰਨ ਤੇਜਾ ਸਿੰਘ ਸੁਤੰਤਰ ਤੇ ਹੋਰ ਸਾਥੀਆਂ ਨਾਲ ਮਿਲ ਕੇ ਲਾਲ ਕਮਿਊਨਿਸਟ ਪਾਰਟੀ ਬਣਾ ਲਈ। ਸਾਰੇ ਸਾਥੀ ਮੁੜ ਫਿਰ ਕਮਿਊਨਿਸਟ ਪਾਰਟੀ 'ਚ ਆ ਗਏ।**

**ਨਵਾਂ ਸ਼ਹਿਰ ਦੇ ਬੰਗਾ ਨੇੜੇ ਪਿੰਡ ਚੱਕ ਮਾਈਦਾਸ ਦੇ ਜੰਮਪਲ ਬਾਬਾ ਬੂਝਾ ਸਿੰਘ ਨੂੰ ਜੁਝਾਰੂ ਲੋਕ-ਨਾਇਕ ਦਾ ਨਾਮਕਰਨ ਕਰ ਲਈਏ ਤਾਂ ਇਹ ਅਤਿ ਕਥਨੀ ਨਹੀਂ। 1967 ਵਿੱਚ ਬਾਬਾ ਬੂਝਾ ਸਿੰਘ ਨਕਸਲਬਾੜੀ ਲਹਿਰ ਦੇ ਉਭਾਰ ਕਾਰਨ ਇਸ ਵਿੱਚ ਸ਼ਾਮਿਲ ਹੋ ਗਏ। ਤਿੱਖੇ ਹਥਿਆਰਬੰਦ ਘੋਲ ਤੋਂ ਸਹਿਮੀ ਹਕੂਮਤ ਦੀਆਂ ਅੱਖਾਂ 'ਚ ਇਹ ਸੂਰਮੇ ਬਹੁਤ ਰੜਕਦੇ ਸਨ। ਬਾਬਾ ਬੂਝਾ ਸਿੰਘ ਨੂੰ ਪੁਲੀਸ ਨੇ ਨਗਰ (ਨੇੜੇ ਫਿਲੌਰ) ਤੋਂ 27-28 ਜੁਲਾਈ ਦੀ ਰਾਤ ਨੂੰ ਚੁੱਕਿਆ ਤੇ ਪਹਿਲਾਂ ਲਗਪਗ 80-82 ਸਾਲ ਦੇ ਬਾਬੇ ਤੇ ਫਿਲੌਰ ਵਿੱਚ ਡਾਢਾ ਤਸ਼ੱਦਦ ਕੀਤਾ। ਮਗਰੋਂ ਬੰਗਾ ਥਾਣੇ ਵਿੱਚ ਰਹਿੰਦੀ ਕਸਰ ਪੂਰੀ ਕੀਤੀ। ਉਸ ਵੇਲੇ ਦੇ ਅਖ਼ਬਾਰਾਂ ਮੁਤਾਬਕ ਨਵਾਂ ਸ਼ਹਿਰ ਚੰਡੀਗੜ੍ਹ ਸੜਕ 'ਤੇ ਇੱਕ ਉਜਾੜ ਪੁ਼ਲ ਵੇਖ ਕੇ ਪੁਲਿਸ ਮੁਕਾਬਲਾ ਬਣਾ ਕੇ ਵਿਖਾ ਦਿੱਤਾ।**

**ਸੂਰਮਾ ਬਾਬਾ ਬੂਝਾ ਸਿੰਘ ਤਾਂ ਉਸੇ ਰਾਤ ਮਰ ਗਿਆ, ਪਰ ਉਸ ਦੀਆਂ ਬਾਤਾਂ ਰਹਿੰਦੀ ਦੁਨੀਆਂ ਤੀਕ ਗੂੰਜਣਗੀਆਂ। 27-28 ਜੁਲਾਈ 1970 ਦੀ ਰਾਤ ਹਾਲੇ ਵੀ ਸ਼ਰਸਾਰ ਹੈ ਕਿ ਉਸ ਨੇ ਨਿਹੱਕਾ ਖ਼ੂਨ ਡੁੱਲ੍ਹਦਾ ਵੇਖਿਆ। ਇਸ ਕਿਸਮ ਦੇ ਕਤਲੇਆਮ ਦੀ ਅੱਗੇ ਲੰਮੀ ਲੜੀ ਹੈ, ਪਰ ਆਦਿ ਬਿੰਦੂ ਬਾਬਾ ਬੂਝਾ ਸਿੰਘ ਹੀ ਬਣੇ।**

ਸਰਕਾਰੀ ਫਾਈਲਾਂ ਦੱਸਦੀਆਂ ਨੇ ਕਿ ਉਦੋਂ ਪੰਜਾਬ ਦੇ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਸਨ। ਨਵਾਂ ਸ਼ਹਿਰ




ਵੱਸਦੇ ਪ੍ਰਬੁੱਧ ਕਹਾਣੀਕਾਰ ਅਜਮੇਰ ਸਿੱਧੂ ਨੇ ਬਾਬਾ ਬੂਝਾ ਸਿੰਘ ਜੀ ਦੇ ਜੀਵਨ 'ਤੇ ਘਾਲਣਾ ਬਾਰੇ ਮੁੱਲਵਾਨ ਪੁਸਤਕ "ਇੱਕ ਅਣਕਹੀ ਕਹਾਣੀ ਬਾਬਾ ਬੂਝਾ ਸਿੰਘ ਗਦਰ ਤੋਂ ਨਕਸਲਬਾੜੀ ਤੀਕ" ਲਿਖੀ ਹੈ। ਇਹ ਕਿਤਾਬ ਅੰਗਰੇਜ਼ੀ 'ਚ ਵੀ ਅਨੁਵਾਦ ਹੋ ਚੁਕੀ ਹੈ।

ਮਾਨਸਾ ਵਿੱਚ ਉਨ੍ਹਾਂ ਦੀ ਯਾਦ ਵਿੱਚ "ਬਾਬਾ ਬੂਝਾ ਸਿੰਘ ਭਵਨ" ਬਣਾਇਆ ਗਿਆ ਹੈ। ਮੈਨੂੰ ਇਹ ਤਾਂ ਪਤਾ ਸੀ ਕਿ ਲਾਲ ਸਿੰਘ ਦਿਲ ਤੇ ਪਾਸ਼ ਤੋਂ ਇਲਾਵਾ ਸ਼ਿਵ ਕੁਮਾਰ ਬਟਾਲਵੀ ਨੇ ਵੀ ਬਾਬਾ ਬੂਝਾ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ ਕਵਿਤਾ "ਰੁੱਖ ਨੂੰ ਫਾਂਸੀ" ਲਿਖੀ ਸੀ, ਜਿਸ ਦਾ ਅਨੁਵਾਦ ਅੰਗਰੇਜ਼ੀ ਵਿੱਚ ਨਿਰੂਪਮਾ ਦੱਤ ਨੇ ਕੀਤਾ ਸੀ ਤੇ ਉਨ੍ਹਾਂ ਸਮਿਆਂ 'ਚ ਇੰਡੀਅਨ ਐਕਸਪ੍ਰੈੱਸ ਨੇ ਛਾਪਿਆ ਸੀ। ਪਰ ਹੁਣ ਪਿਛਲੇ ਦਿਨੀਂ ਪੁਰਾਣੇ ਵਰਕੇ ਫੋਲਦਿਆਂ ਸਾਹਿਤ ਸਭਾ ਪੱਟੀ ਵੱਲੋਂ 1975 ਵਿੱਚ ਸ. ਸੰਤੋਖ ਸਿੰਘ ਧੀਰ ਦੇ ਸਨਮਾਨ ਵੇਲੇ ਪ੍ਰਕਾਸ਼ਿਤ ਕਿਤਾਬਚਾ "ਕਰਵਟ" ਲੱਭਿਆ। ਇਸ ਵਿੱਚ ਇੱਕ ਕਵਿਤਾ ਬਾਬਾ ਬੂਝਾ ਸਿੰਘ ਦੀ ਸ਼ਹਾਦਤ ਬਾਰੇ ਪੜ੍ਹਨ ਨੂੰ ਮਿਲੀ। ਮੈਨੂੰ ਆਪਣੀ ਅਗਿਆਨਤਾ ਦੀ ਸੰਗ ਲੱਗੀ। ਸੋਚਿਆ ਤੁਸੀਂ ਇਹ ਕਵਿਤਾਵਾਂ ਜ਼ਰੂਰ ਪੜ੍ਹੋ।

ਇਸ ਸੂਚਨਾ ਨਾਲ ਪੇਸ਼ ਉਪਰਲਾ ਕੰਪਿਊਟਰੀ ਰੰਗੀਨ ਚਿਤਰ ਆਸਿਫ਼ ਰਜ਼ਾ ਨੇ ਮੇਰੀ ਬੇਨਤੀ ਬਾਅਦ ਕੁਝ ਸਮਾਂ ਪਹਿਲਾਂ ਬਣਾਇਆ ਸੀ, ਜੋ ਸੰਭਾਲਣ ਯੋਗ ਹੈ।

**ਸ਼ਿਵ ਕੁਮਾਰ ਦੀ ਕਵਿਤਾਵਾਂ ਪੇਸ਼ ਹਨ:**

### ਫਾਂਸੀ

ਮੇਰੇ ਪਿੰਡ ਦੇ ਕਿਸੇ ਰੁੱਖ ਨੂੰ
ਮੈਂ ਸੁਣਿਐ ਜੇਲ੍ਹ ਹੋ ਗਈ ਹੈ
ਉਹਦੇ ਕਈ ਦੋਸ਼ ਹਨ:
ਉਹਦੇ ਪੱਤ ਸਾਵਿਆਂ ਦੀ ਥਾਂ
ਹਮੇਸ਼ਾ ਲਾਲ ਉਗਦੇ ਸਨ
ਬਿਨਾਂ 'ਵਾ ਦੇ ਵੀ ਉਡਦੇ ਸਨ।

ਉਹ ਪਿੰਡ ਤੋਂ ਬਾਹਰ ਨਹੀਂ
ਪਿੰਡ ਦੇ ਸਗੋਂ ਉਹ ਖੂਹ 'ਚ ਉਗਿਆ ਸੀ
ਤੇ ਜਦ ਵੀ ਝੂਮਦਾ ਤਾਂ ਉਹ ਸਦਾ ਛਾਵਾਂ ਹਿਲਾਂਦਾ ਸੀ
ਤੇ ਧੁੱਪਾਂ ਨੂੰ ਡਰਾਂਦਾ ਸੀ
ਤੇ ਰਾਹੀਆਂ ਨੂੰ ਤੁਰੇ ਜਾਂਦੇ ਉਹ
ਧੁੱਪਾਂ ਤੋਂ ਬਚਾਂਦਾ ਸੀ
ਤੇ ਪਾਣੀ ਭਰਦੀਆਂ ਕੁੜੀਆਂ ਨੂੰ
ਧੀ ਕਹਿ ਕੇ ਬੁਲਾਂਦਾ ਸੀ

ਤੇ ਇਹ ਵੀ ਸੁਣਨ ਵਿਚ ਆਇਐ
ਕਿ ਉਸਦੇ ਪੈਰ ਵੀ ਕਈ ਸਨ
ਤੇ ਉਹ ਰਾਤਾਂ ਨੂੰ ਤੁਰਦਾ ਸੀ
ਤੇ ਪਿੰਡ ਦੇ ਸਾਰਿਆਂ ਰੁੱਖਾਂ ਨੂੰ ਮਿਲ ਕੇ
ਰੋਜ਼ ਮੁੜਦਾ ਸੀ
ਤੇ ਅੱਧ-ਰੈਣੀ ਹਵਾ ਦੀ ਗੱਲ ਕਰਕੇ
ਰੋਜ਼ ਝੁਰਦਾ ਸੀ
ਭਲਾ ਯਾਰੋ ਅਜਬ ਗੱਲ ਹੈ
ਮੈਂ ਸਾਰੀ ਉਮਰ ਸਭ ਰੁੱਖਾਂ ਦੀਆਂ
ਸ਼ਾਖਾਂ ਤਾਂ ਤੱਕੀਆਂ ਸਨ
ਕੀ ਰੁੱਖਾਂ ਦੇ ਵੀ ਮੇਰੇ ਦੋਸਤੋ
ਕਿਤੇ ਪੈਰ ਹੁੰਦੇ ਨੇ?

ਤੇ ਅੱਜ ਅਖ਼ਬਾਰ ਵਿਚ ਪੜ੍ਹਿਐ
ਕਿ ਉਹ ਹਥਿਆਰ-ਬੰਦ ਰੁੱਖ ਸੀ
ਉਹਦੇ ਪੱਲੇ ਬੰਦੂਕਾਂ, ਬੰਬ ਤੇ ਲੱਖਾਂ ਸੰਗੀਨਾਂ ਸੀ

ਮੈਂ ਰੁੱਖਾਂ ਕੋਲ ਸਦਾ ਰਹਿੰਦੀਆਂ
ਛਾਵਾਂ ਤਾਂ ਸੁਣੀਆਂ ਸਨ
ਪਰ ਬੰਬਾਂ ਦੀ ਅਜਬ ਗੱਲ ਹੈ?

ਤੇ ਇਹ ਝੂਠੀ ਖ਼ਬਰ ਪੜ੍ਹ ਕੇ
ਮੈਨੂੰ ਇਤਬਾਰ ਨਹੀਂ ਆਉਂਦਾ
ਕਿ ਉਸਨੇ ਪਿੰਡ ਦੇ
ਇੱਕ ਹੋਰ ਰੁੱਖ ਨੂੰ ਮਾਰ ਦਿੱਤਾ ਹੈ
ਜਿਹੜਾ ਪਿੰਡ ਦੇ ਸ਼ਾਹਵਾਂ ਦੇ ਘਰ
ਵਿਹੜੇ 'ਚ ਉਗਿਆ ਸੀ
ਜਿਸ ਤੋਂ ਰੋਜ਼ ਕੋਈ ਕਾਗ
ਚੁਗਲੀ ਕਰਨ ਉਡਿਆ ਸੀ।

ਤੇ ਅੱਜ ਕਿਸੇ ਯਾਰ ਨੇ ਦੱਸਿਐ
ਜੋ ਮੇਰੇ ਪਿੰਡ ਤੋਂ ਆਇਐ
ਕਿ ਮੇਰੇ ਉਸ ਪਿੰਡ ਦੇ ਰੁੱਖ ਨੂੰ
ਫਾਂਸੀ ਵੀ ਹੋ ਰਹੀ ਹੈ
ਤੇ ਉਹਦਾ ਪਿਉ ਕਿੱਕਰਾਂ ਵਰਗਾ
ਤੇ ਮਾਂ ਬੇਰੀ ਜਿਹੀ ਹੋ ਰਹੀ ਹੈ।

*-0-*

**Matrimonial**

**Jat Sikh Grewal family looking for a compatible match for their US born and raised sweet, homely MD working daughter, age 31, height 5'-9", preferably US born and raised doctor or other compatible profession. Height 6' plus please.**

**Contact 414-737-8624 via text and/or What'sApp only to begin with/ email at: ranigrewal72@gmail.com**

# ਲੁਧਿਆਣਾ ਦਾ ਬੁੱਢਾ ਦਰਿਆ ਫਿਰ ਵਿਵਾਦਾਂ 'ਚ

## ਗੈਰ-ਕਾਨੂੰਨੀ ਨਿਰਮਾਣ ਦੇ ਦੋਸ਼ਾਂ ਨਾਲ ਵਾਤਾਵਰਣ ਲਈ ਵੱਡਾ ਖ਼ਤਰਾ

**•ਐਨ.ਜੀ.ਟੀ. ਵਿੱਚ ਦਾਇਰ ਜਵਾਬੀ ਹਲਫ਼ਨਾਮੇ 'ਚ ਸੰਯੁਕਤ ਕਮੇਟੀ ਦੀ ਰਿਪੋਰਟ 'ਤੇ ਉੱਠੇ ਸਵਾਲ**

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਦੇ ਉਦਯੋਗਿਕ ਸ਼ਹਿਰ ਲੁਧਿਆਣਾ ਵਿੱਚੋਂ ਲੰਘਣ ਵਾਲਾ ਬੁੱਢਾ ਦਰਿਆ ਇੱਕ ਵਾਰ ਫਿਰ ਵਿਵਾਦਾਂ ਦੇ ਕੇਂਦਰ ਵਿੱਚ ਆ ਗਿਆ ਹੈ। ਦਰਿਆ ਦੇ ਤਲ ਅਤੇ ਇਸ ਦੇ ਆਲੇ-ਦੁਆਲੇ ਹੋ ਰਹੇ ਕਥਿਤ ਗੈਰ-ਕਾਨੂੰਨੀ ਨਿਰਮਾਣ ਨੂੰ ਲੈ ਕੇ ਨਵਾਂ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਨਹਿਤ ਲਈ ਕੰਮ ਕਰ ਰਹੀ ਇੱਕ ਸੰਸਥਾ ਵੱਲੋਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਵਿੱਚ ਦਾਇਰ ਕੀਤੇ ਜਵਾਬੀ ਹਲਫ਼ਨਾਮੇ ਵਿੱਚ ਗੰਭੀਰ ਦੋਸ਼ ਲਗਾਏ ਗਏ ਹਨ ਕਿ ਸੰਯੁਕਤ ਜਾਂਚ ਕਮੇਟੀ ਦੀ ਰਿਪੋਰਟ ਵਿੱਚ ਗਲਤ ਅਤੇ ਅਧੂਰੀ ਜਾਣਕਾਰੀ ਦਿੱਤੀ ਗਈ ਹੈ। ਅਰਜ਼ੀਕਾਰਾਂ ਦਾ ਕਹਿਣਾ ਹੈ ਕਿ ਇਸ ਰਿਪੋਰਟ ਰਾਹੀਂ ਬੁੱਢਾ ਦਰਿਆ ਦੇ ਤਲ ਅਤੇ ਬਫਰ ਜ਼ੋਨ ਵਿੱਚ ਹੋ ਰਹੇ ਨਿਰਮਾਣ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਬੰਧੀ ਦਰਿਆ ਵਿੱਚ ਚੱਲ ਰਹੀਆਂ ਗਤੀਵਿਧੀਆਂ ਦੀਆਂ ਤਸਵੀਰਾਂ ਵੀ ਐਨ.ਜੀ.ਟੀ. ਅੱਗੇ ਪੇਸ਼ ਕੀਤੀਆਂ ਗਈਆਂ ਹਨ।

### ਦਰਿਆ ਦੇ ਵਿਚਕਾਰ ਬਣ ਰਹੀਆਂ ਆਰ.ਸੀ.ਸੀ. ਦੀਆਂ ਦੀਵਾਰਾਂ

ਅਰਜ਼ੀਕਾਰਾਂ ਵੱਲੋਂ 27 ਫ਼ਰਵਰੀ 2026 ਨੂੰ ਖਿੱਚੀਆਂ ਗਈਆਂ ਅੱਠ ਤਸਵੀਰਾਂ ਟ੍ਰਿਬਿਊਨਲ ਅੱਗੇ ਪੇਸ਼ ਕੀਤੀਆਂ ਗਈਆਂ ਹਨ। ਇਨ੍ਹਾਂ ਤਸਵੀਰਾਂ ਵਿੱਚ ਸਪਸ਼ਟ ਦਿਖਾਈ ਦਿੰਦਾ ਹੈ ਕਿ ਕੁਝ ਥਾਵਾਂ 'ਤੇ ਬੁੱਢਾ ਦਰਿਆ ਦੇ ਤਲ ਅਤੇ ਬਫਰ ਜ਼ੋਨ ਵਿੱਚ ਨਿਰਮਾਣ ਕਾਰਜ ਚੱਲ ਰਹੇ ਹਨ। ਦੋ ਤਸਵੀਰਾਂ ਵਿੱਚ ਤਾਂ ਇਹ ਵੀ ਦਿਖਾਇਆ ਗਿਆ ਹੈ ਕਿ ਵਹਿੰਦੇ ਪਾਣੀ ਦੇ ਵਿਚਕਾਰ ਹੀ ਆਰ.ਸੀ.ਸੀ. ਦੀ ਰਿਟੇਨਿੰਗ ਕੰਧ ਬਣਾਈ ਜਾ ਰਹੀ ਹੈ। ਇਸ ਨਾਲ ਦਰਿਆ ਦੀ ਕੁਦਰਤੀ ਚੌੜਾਈ ਘਟਣ ਦਾ ਵੀ ਦਾਅਵਾ ਕੀਤਾ ਗਿਆ ਹੈ।

ਵਾਤਾਵਰਣ ਵਿਦਵਾਨਾਂ ਅਨੁਸਾਰ ਕਿਸੇ ਵੀ ਕੁਦਰਤੀ ਦਰਿਆ ਦੇ ਅੰਦਰ ਇਸ ਤਰ੍ਹਾਂ ਦਾ ਕੰਕਰੀਟ ਨਿਰਮਾਣ ਉਸ ਦੇ ਕੁਦਰਤੀ ਵਹਾਅ ਅਤੇ ਵਾਤਾਵਰਣ ਦੇ ਸੰਤੁਲਨ ਲਈ ਗੰਭੀਰ ਖ਼ਤਰਾ ਬਣ ਸਕਦਾ ਹੈ।


### ਸੰਯੁਕਤ ਕਮੇਟੀ ਦੀ ਰਿਪੋਰਟ 'ਤੇ ਉੱਠੇ ਸਵਾਲ

ਇਹ ਮਾਮਲਾ ਉਸ ਵੇਲੇ ਹੋਰ ਗੰਭੀਰ ਹੋ ਗਿਆ, ਜਦੋਂ ਅਰਜ਼ੀਕਾਰਾਂ ਨੇ 9 ਜਨਵਰੀ 2026 ਨੂੰ ਪੇਸ਼ ਕੀਤੀ ਗਈ ਸੰਯੁਕਤ ਕਮੇਟੀ ਦੀ ਰਿਪੋਰਟ 'ਤੇ ਸਵਾਲ ਖੜੇ ਕਰ ਦਿੱਤੇ। ਉਨ੍ਹਾਂ ਦਾ ਦੋਸ਼ ਹੈ ਕਿ ਜਾਂਚ ਦੌਰਾਨ ਕਮੇਟੀ ਨੇ ਨਾ ਤਾਂ ਬੁੱਢਾ ਦਰਿਆ ਦੇ ਨਕਸ਼ਿਆਂ ਦਾ ਹਵਾਲਾ ਦਿੱਤਾ ਤੇ ਨਾ ਹੀ ਮੌਕੇ 'ਤੇ ਕੀਤੀ ਗਈ ਅਸਲ ਮਾਪ-ਤੋਲ ਦੀ ਜਾਣਕਾਰੀ ਦਿੱਤੀ।

ਅਰਜ਼ੀਕਾਰਾਂ ਮੁਤਾਬਕ ਕਮੇਟੀ ਨੇ ਇਹ ਵੀ ਕਿਹਾ ਹੈ ਕਿ ਦਰਿਆ ਦੇ ਅੰਦਰ ਕੋਈ ਨਿਰਮਾਣ ਨਹੀਂ ਹੋਇਆ ਅਤੇ ਇਸ ਦੀ ਚੌੜਾਈ ਘੱਟ ਨਹੀਂ ਹੋਈ; ਪਰ ਮੌਕੇ ਦੀਆਂ ਤਸਵੀਰਾਂ ਅਤੇ ਸਥਾਨਕ ਲੋਕਾਂ ਦੇ ਬਿਆਨਾਂ ਤੋਂ ਕੁਝ ਹੋਰ ਹੀ ਤਸਵੀਰ ਸਾਹਮਣੇ ਆ ਰਹੀ ਹੈ। ਕਮੇਟੀ ਦੀ ਰਿਪੋਰਟ ਵਿੱਚ ਲੁਧਿਆਣਾ ਨਗਰ ਨਿਗਮ ਦੇ ਉਸ ਦਾਅਵੇ ਨੂੰ ਦੁਹਰਾਇਆ ਗਿਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਆਰ.ਸੀ.ਸੀ. ਦੀਆਂ ਦੀਵਾਰਾਂ ਨਾਲ ਪਾਣੀ ਦੇ ਓਵਰਫਲੋ ਨੂੰ ਰੋਕਣ ਵਿੱਚ ਮਦਦ ਮਿਲੇਗੀ, ਪਰ ਅਰਜ਼ੀਕਾਰਾਂ ਨੇ ਇਸ ਦਲੀਲ ਨੂੰ ਗਲਤ ਕਰਾਰ ਦਿੱਤਾ ਹੈ।

### ਵਾਤਾਵਰਣ ਲਈ ਖ਼ਤਰਾ

ਵਾਤਾਵਰਣ ਵਿਦਵਾਨਾਂ ਦਾ ਕਹਿਣਾ ਹੈ ਕਿ ਦਰਿਆ ਦੇ ਕਿਨਾਰਿਆਂ 'ਤੇ ਉੱਚੀਆਂ ਕੰਕਰੀਟ ਦੀਆਂ ਦੀਵਾਰਾਂ ਬਣਾਉਣ ਨਾਲ ਉੱਥੇ ਕੁਦਰਤੀ ਪੌਦਿਆਂ ਅਤੇ ਜੰਗਲੀ ਬੂਟਿਆਂ ਲਈ ਜਗ੍ਹਾ ਖ਼ਤਮ ਹੋ ਜਾਂਦੀ ਹੈ। ਇਹ ਪੌਦੇ ਅਤੇ ਬੂਟੇ ਦਰਿਆ ਦੇ ਪਾਣੀ ਵਿੱਚ ਮੌਜੂਦ ਗੰਦਗੀ ਨੂੰ ਸੋਖਣ ਅਤੇ ਕੁਦਰਤੀ ਤਰੀਕੇ ਨਾਲ ਪਾਣੀ ਨੂੰ ਸਾਫ਼ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਦੇ ਨਾਲ ਨਾਲ ਇਹ ਮਿੱਟੀ ਵਿੱਚ ਪਾਣੀ ਨੂੰ ਸਮਾਉਣ ਵਿੱਚ ਮਦਦ ਕਰਦੇ ਹਨ, ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਇਮ ਰਹਿੰਦਾ ਹੈ। ਜਦੋਂ ਇਹ ਕੁਦਰਤੀ ਤੰਤਰ ਨਸ਼ਟ ਹੋ ਜਾਂਦਾ ਹੈ ਤਾਂ ਨਾ ਸਿਰਫ਼ ਦਰਿਆ ਦੀ ਸਿਹਤ ਖ਼ਰਾਬ ਹੁੰਦੀ ਹੈ, ਸਗੋਂ ਸ਼ਹਿਰ ਦੇ ਪਾਣੀ ਦੇ ਸਰੋਤਾਂ 'ਤੇ ਵੀ ਅਸਰ ਪੈਂਦਾ ਹੈ।



### ਮਾਸਟਰ ਪਲਾਨ ਲਾਗੂ ਕਰਨ 'ਚ ਨ ਗਰ ਨਿਗਮ ਨਾਕਾਮ

ਅਰਜ਼ੀਕਾਰਾਂ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਲੁਧਿਆਣਾ ਨਗਰ ਨਿਗਮ ਸ਼ਹਿਰ ਦੇ ਮਾਸਟਰ ਪਲਾਨ ਨੂੰ ਲਾਗੂ ਕਰਨ ਵਿੱਚ ਅਸਫਲ ਰਹੀ ਹੈ। ਇਸ ਕਰ ਕੇ ਬੁੱਢਾ ਦਰਿਆ ਦੇ ਕਿਨਾਰਿਆਂ 'ਤੇ ਰਿਹਾਇਸ਼ੀ ਇਲਾਕਿਆਂ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਵਪਾਰਕ ਅਤੇ ਉਦਯੋਗਿਕ ਇਮਾਰਤਾਂ ਬਣ ਗਈਆਂ ਹਨ।

ਕਈ ਥਾਵਾਂ 'ਤੇ ਦਰਿਆ ਦੇ ਨੇੜੇ ਦੁਕਾਨਾਂ, ਫੈਕਟਰੀਆਂ, ਧਾਰਮਿਕ ਢਾਂਚੇ ਅਤੇ ਪਸ਼ੂਆਂ ਦੇ ਸ਼ੈੱਡ ਬਣਾਏ ਗਏ ਹਨ। ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਗੈਰ-ਕਾਨੂੰਨੀ ਨਿਰਮਾਣਾਂ ਨੂੰ ਰੋਕਣ ਦੀ ਬਜਾਏ ਉਨ੍ਹਾਂ ਨੂੰ ਆਸਾਨ ਬਣਾਉਣ ਲਈ ਦਰਿਆ ਦੇ ਕਿਨਾਰਿਆਂ ਨੂੰ ਹੀ ਬਦਲਿਆ ਜਾ ਰਿਹਾ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਓਲਡ ਜੀ.ਟੀ. ਰੋਡ ਪੁਲ ਤੋਂ ਬਜਵਾ ਨਗਰ ਪੁਲ ਤੱਕ ਦੇ ਖੇਤਰ ਵਿੱਚ ਲਗਾਤਾਰ ਮਿੱਟੀ ਪਾ ਕੇ ਦਰਿਆ ਦੀ ਚੌੜਾਈ ਘਟਾਈ ਜਾ ਰਹੀ ਹੈ।

### ਗ੍ਰੀਨ ਬੈਲਟ ਦੇ ਨਿਯਮਾਂ ਦੀ ਉਲੰਘਣਾ

ਬੁੱਢਾ ਦਰਿਆ ਇੱਕ ਕੁਦਰਤੀ ਜਲ-ਧਾਰਾ ਹੈ। ਪੰਜਾਬ ਦੇ ਟਾਊਨ ਐਂਡ ਕੰਟਰੀ ਪਲੈਨਿੰਗ ਅਤੇ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਵਿਭਾਗ ਵੱਲੋਂ 18 ਅਕਤੂਬਰ 2018 ਨੂੰ ਜਾਰੀ ਕੀਤੀ ਗਈ ਨੋਟੀਫ਼ਿਕੇਸ਼ਨ ਅਨੁਸਾਰ ਕਿਸੇ ਵੀ ਕੁਦਰਤੀ ਜਲ-ਸਰੋਤ ਦੇ ਦੋਨੋਂ ਕਿਨਾਰਿਆਂ 'ਤੇ ਘੱਟੋ-ਘੱਟ 5 ਮੀਟਰ ਚੌੜੀ ਗ੍ਰੀਨ ਬੈਲਟ ਛੱਡਣਾ ਲਾਜ਼ਮੀ ਹੈ। ਇਸ ਗ੍ਰੀਨ ਬੈਲਟ ਦਾ ਮਕਸਦ ਵਾਤਾਵਰਣ ਦੇ ਸੰਤੁਲਨ ਨੂੰ ਕਾਇਮ ਰੱਖਣਾ, ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨਾ ਅਤੇ ਦਰਿਆ 'ਤੇ ਕਬਜ਼ਿਆਂ ਨੂੰ ਰੋਕਣਾ ਹੁੰਦਾ ਹੈ। ਪਰ ਦੋਸ਼ ਹੈ ਕਿ ਲੁਧਿਆਣਾ ਨਗਰ ਨਿਗਮ ਨੇ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕੀਤੀ। ਨਾ ਤਾਂ ਗ੍ਰੀਨ ਬੈਲਟ ਛੱਡੀ ਗਈ ਅਤੇ ਨਾ ਹੀ ਦਰਿਆ ਦੇ ਅੰਦਰ ਤੇ ਕਿਨਾਰਿਆਂ 'ਤੇ ਹੋ ਰਹੇ ਨਿਰਮਾਣਾਂ ਨੂੰ ਰੋਕਿਆ ਗਿਆ।

### ਜਲ ਸਰੋਤ ਵਿਭਾਗ ਦੀ ਚੁੱਪੀ 'ਤੇ ਵੀ ਸਵਾਲ

ਇਸ ਮਾਮਲੇ ਵਿੱਚ ਇੱਕ ਹੋਰ ਗੰਭੀਰ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਜਲ ਸਰੋਤ ਵਿਭਾਗ ਵੱਲੋਂ ਵੀ ਹੁਣ ਤੱਕ ਕੋਈ ਵੱਡੀ ਕਾਰਵਾਈ ਨਹੀਂ ਕੀਤੀ ਗਈ। ਅਰਜ਼ੀਕਾਰਾਂ ਦਾ ਕਹਿਣਾ ਹੈ ਕਿ ਇਸ ਚੁੱਪੀ ਕਾਰਨ ਸਰਕਾਰੀ ਨੀਤੀਆਂ ਦਾ ਮਕਸਦ ਹੀ ਕਮਜ਼ੋਰ ਹੋ ਰਿਹਾ ਹੈ। ਜੇ ਦਰਿਆ ਦੇ ਕੁਦਰਤੀ ਵਹਾਅ ਨਾਲ ਛੇੜਛਾੜ ਜਾਰੀ ਰਹੀ ਤਾਂ ਇਸ ਨਾਲ ਸ਼ਹਿਰ ਦੀ ਕੁਦਰਤੀ ਨਿਕਾਸ ਪ੍ਰਣਾਲੀ ਨੂੰ ਭਾਰੀ ਨੁਕਸਾਨ ਪਹੁੰਚ ਸਕਦਾ ਹੈ।

### ਬੁੱਢਾ ਦਰਿਆ - ਪ੍ਰਦੂਸ਼ਣ ਦਾ ਪੁਰਾਣਾ ਮਸਲਾ

ਬੁੱਢਾ ਦਰਿਆ ਲੁਧਿਆਣਾ ਵਿੱਚ ਪ੍ਰਦੂਸ਼ਣ ਦਾ ਇੱਕ ਪੁਰਾਣਾ ਮਸਲਾ ਹੈ। ਕਈ ਦਹਾਕਿਆਂ ਤੋਂ ਸ਼ਹਿਰ ਦੀਆਂ ਫੈਕਟਰੀਆਂ ਅਤੇ ਸੀਵਰੇਜ ਦਾ ਗੰਦਲਾ ਪਾਣੀ ਇਸ ਵਿੱਚ ਵਗਦਾ ਆ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਕਈ ਰਿਪੋਰਟਾਂ ਵਿੱਚ ਵੀ ਬੁੱਢਾ ਦਰਿਆ ਨੂੰ ਪੰਜਾਬ ਦੇ ਸਭ ਤੋਂ ਪ੍ਰਦੂਸ਼ਿਤ ਦਰਿਆਵਾਂ ਵਿੱਚ ਸ਼ਾਮਲ ਕੀਤਾ ਗਿਆ ਹੈ।

ਪਿਛਲੇ ਕੁਝ ਸਾਲਾਂ ਵਿੱਚ ਸਰਕਾਰ ਵੱਲੋਂ ਇਸ ਦੀ ਸਫਾਈ ਲਈ ਕਈ ਯੋਜਨਾਵਾਂ ਵੀ ਬਣਾਈਆਂ ਗਈਆਂ ਹਨ। ਕਰੋੜਾਂ ਰੁਪਏ ਦੇ ਪ੍ਰਾਜੈਕਟਾਂ ਰਾਹੀਂ ਸੀਵਰੇਜ ਟਰੀਟਮੈਂਟ ਪਲਾਂਟ ਅਤੇ ਹੋਰ ਪ੍ਰਬੰਧ ਕੀਤੇ ਗਏ ਹਨ, ਪਰ ਵਾਤਾਵਰਣ ਕਾਰਕੁਨਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਦਰਿਆ ਦੇ ਕਿਨਾਰਿਆਂ 'ਤੇ ਹੋ ਰਹੇ ਕਬਜ਼ੇ ਅਤੇ ਗੈਰ-ਕਾਨੂੰਨੀ ਨਿਰਮਾਣ ਨਹੀਂ ਰੁਕਦੇ, ਤਦ ਤੱਕ ਇਹ ਸਮੱਸਿਆ ਪੂਰੀ ਤਰ੍ਹਾਂ ਹੱਲ ਨਹੀਂ ਹੋ ਸਕਦੀ।

### ਅਗਲੀ ਸੁਣਵਾਈ 'ਤੇ ਟਿਕੀਆਂ ਨਿਗਾਹਾਂ

ਹੁਣ ਇਹ ਸਾਰਾ ਮਾਮਲਾ ਐਨ.ਜੀ.ਟੀ. ਦੇ ਵਿਚਾਰਧੀਨ ਹੈ। ਟ੍ਰਿਬਿਊਨਲ ਵੱਲੋਂ ਮਾਮਲੇ ਦੀ ਅਗਲੀ ਸੁਣਵਾਈ ਦੌਰਾਨ ਪੇਸ਼ ਕੀਤੇ ਗਏ ਸਬੂਤਾਂ ਅਤੇ ਰਿਪੋਰਟਾਂ ਦੀ ਜਾਂਚ ਕੀਤੀ ਜਾਵੇਗੀ। ਵਾਤਾਵਰਣ ਪ੍ਰੇਮੀਆਂ ਅਤੇ ਸ਼ਹਿਰ ਦੇ ਵਸਨੀਕਾਂ ਦੀ ਨਿਗਾਹ ਹੁਣ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਕੀ ਅਧਿਕਾਰੀ ਦਰਿਆ ਦੀ ਕੁਦਰਤੀ ਹਾਲਤ ਨੂੰ ਬਚਾਉਣ ਲਈ ਲੋੜੀਂਦੇ ਤੇ ਸਖ਼ਤ ਕਦਮ ਚੁੱਕਦੇ ਹਨ ਜਾਂ ਨਹੀਂ।

ਬੁੱਢਾ ਦਰਿਆ ਸਿਰਫ਼ ਪਾਣੀ ਦੀ ਇੱਕ ਧਾਰਾ ਨਹੀਂ, ਸਗੋਂ ਲੁਧਿਆਣਾ ਦੀ ਵਾਤਾਵਰਣੀ ਸਿਹਤ ਨਾਲ ਜੁੜਿਆ ਇੱਕ ਅਹਿਮ ਸਰੋਤ ਹੈ। ਇਸ ਲਈ ਜ਼ਰੂਰੀ ਹੈ ਕਿ ਵਿਕਾਸ ਦੇ ਨਾਮ 'ਤੇ ਕੁਦਰਤ ਨਾਲ ਹੋ ਰਹੀ ਛੇੜਛਾੜ ਨੂੰ ਸਮੇਂ ਸਿਰ ਰੋਕਿਆ ਜਾਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਕੁਦਰਤੀ ਧਰੋਹਰ ਬਚੀ ਰਹੇ।

# 2050 ਤੱਕ ਦੁਨੀਆ ਦੀ 41% ਆਬਾਦੀ ਖ਼ਤਰਨਾਕ ਗਰਮੀ ਨਾਲ ਜੂਝੇਗੀ

## ਗਰਮ ਹੁੰਦੀ ਧਰਤੀ

ਪੰਜਾਬੀ ਪਰਵਾਜ਼ ਬਿਊਰੋ

ਦੁਨੀਆ ਤੇਜ਼ੀ ਨਾਲ ਗਰਮ ਹੋ ਰਹੀ ਹੈ ਅਤੇ ਇਸ ਦਾ ਸਭ ਤੋਂ ਵੱਡਾ ਨੁਕਸਾਨ ਆਮ ਲੋਕਾਂ ਨੂੰ ਭੁਗਤਣਾ ਪੈ ਸਕਦਾ ਹੈ। ਆਕਸਫੋਰਡ ਯੂਨੀਵਰਸਿਟੀ ਦੇ ਵਿਗਿਆਨੀਆਂ ਵੱਲੋਂ ਕੀਤੇ ਗਏ ਇੱਕ ਅਧਿਐਨ ਨੇ ਗੰਭੀਰ ਚੇਤਾਵਨੀ ਦਿੱਤੀ ਹੈ ਕਿ 2050 ਤੱਕ ਦੁਨੀਆ ਦੀ ਲਗਭਗ 41 ਫ਼ੀਸਦੀ ਆਬਾਦੀ ਖ਼ਤਰਨਾਕ ਗਰਮੀ ਦਾ ਸਾਹਮਣਾ ਕਰੇਗੀ। ਇਹ ਅੰਕੜਾ 2010 ਦੇ ਮੁਕਾਬਲੇ ਲਗਭਗ ਦੋਗੁਣਾ ਹੋਵੇਗਾ। ਇਸ ਸਥਿਤੀ ਵਿੱਚ ਭਾਰਤ ਸਭ ਤੋਂ ਵੱਧ ਪ੍ਰਭਾਵਿਤ ਮੁਲਕਾਂ ਵਿੱਚ ਸ਼ਾਮਲ ਹੋਵੇਗਾ।

ਇਹ ਅਧਿਐਨ ਪ੍ਰਸਿੱਧ ਅੰਤਰਰਾਸ਼ਟਰੀ ਜਰਨਲ 'ਨੇਚਰ ਸਸਟੇਨੇਬਿਲਿਟੀ' ਵਿੱਚ ਛਪਿਆ ਹੈ। ਰਿਪੋਰਟ ਮੁਤਾਬਕ 2010 ਵਿੱਚ ਦੁਨੀਆ ਦੇ ਕਰੀਬ 1.54 ਅਰਬ ਲੋਕ, ਜੋ ਕੁੱਲ ਆਬਾਦੀ ਦਾ 23 ਫ਼ੀਸਦੀ ਸਨ, ਭਿਆਨਕ ਗਰਮੀ ਵਾਲੇ ਇਲਾਕਿਆਂ ਵਿੱਚ ਰਹਿੰਦੇ ਸਨ। ਸਦੀ ਦੇ ਮੱਧ ਤੱਕ ਇਹ ਗਿਣਤੀ ਵੱਧ ਕੇ ਲਗਭਗ 3.8 ਅਰਬ ਹੋ ਸਕਦੀ ਹੈ। ਅਧਿਐਨ ਵਿੱਚ 'ਅਤਿ ਗਰਮੀ' ਦਾ ਮਤਲਬ ਉਹ ਮੌਸਮ ਦੱਸਿਆ ਗਿਆ ਹੈ, ਜਦੋਂ ਕਈ ਦਿਨਾਂ ਤੱਕ ਤਾਪਮਾਨ 32 ਡਿਗਰੀ ਸੈਲਸੀਅਸ ਤੋਂ ਉੱਪਰ ਰਹਿੰਦਾ ਹੈ। ਇਹ ਹਾਲਾਤ ਸਿਹਤ, ਕੰਮ ਕਰਨ ਦੀ ਸਮਰਥਾ ਅਤੇ ਜੀਵਨ ਜਾਚ 'ਤੇ ਡੂੰਘਾ ਅਸਰ ਪਾਉਂਦੇ ਹਨ।

ਅਧਿਐਨ ਦੇ ਮੁੱਖ ਲੇਖਕ ਜੀਸਸ ਲਿਜ਼ਾਨਾ ਮੁਤਾਬਕ ਭਾਰਤ, ਨਾਈਜੀਰੀਆ, ਇੰਡੋਨੇਸ਼ੀਆ, ਬੰਗਲਾਦੇਸ਼, ਪਾਕਿਸਤਾਨ ਅਤੇ ਫ਼ਿਲੀਪੀਨਜ਼ ਉਹ ਦੇਸ਼ ਹਨ ਜਿੱਥੇ ਸਭ ਤੋਂ ਵੱਧ ਲੋਕ ਅਤਿ ਗਰਮੀ ਵਿੱਚ ਜੀਣ ਲਈ ਮਜਬੂਰ ਹੋਣਗੇ। ਇਨ੍ਹਾਂ ਦੇਸ਼ਾਂ ਵਿੱਚ ਲੋਕਾਂ ਨੂੰ ਸਾਲ ਭਰ 3,000 ਤੋਂ ਵੱਧ 'ਕੂਲਿੰਗ ਡਿਗਰੀ ਡੇਜ਼' ਦਾ ਸਾਹਮਣਾ ਕਰਨਾ ਪਵੇਗਾ। ਇਸ ਦਾ ਮਤਲਬ ਹੈ ਕਿ ਘਰਾਂ ਅਤੇ ਕੰਮਕਾਜ ਵਾਲੀਆਂ ਥਾਵਾਂ ਨੂੰ ਠੰਢਾ ਰੱਖਣ ਲਈ ਬੇਹੱਦ ਵੱਧ ਊਰਜਾ ਦੀ ਲੋੜ ਪਵੇਗੀ।

ਅਧਿਐਨ ਇਹ ਵੀ ਦੱਸਦਾ ਹੈ ਕਿ 1.5 ਡਿਗਰੀ ਸੈਲਸੀਅਸ ਦੀ ਹੱਦ ਤੋਂ ਪਹਿਲਾਂ ਹੀ ਏ.ਸੀ. ਦੀ ਮੰਗ ਵਿੱਚ ਵੱਡਾ ਬਦਲਾਅ ਆ ਜਾਂਦਾ ਹੈ। ਆਉਂਦੇ ਕੁਝ ਸਾਲਾਂ ਵਿੱਚ ਕਈ ਘਰਾਂ ਵਿੱਚ ਏਅਰ ਕੰਡੀਸ਼ਨਰ ਲਗਾਉਣਾ ਲਾਜ਼ਮੀ ਹੋ ਸਕਦਾ ਹੈ। ਜੇ ਗਲੋਬਲ ਤਾਪਮਾਨ 2 ਡਿਗਰੀ ਤੱਕ ਪਹੁੰਚ ਗਿਆ, ਤਾਂ ਹਾਲਾਤ ਹੋਰ ਵੀ ਖ਼ਰਾਬ ਹੋ ਸਕਦੇ ਹਨ।

ਅਧਿਐਨ ਦੀ ਸਹਿ-ਲੇਖਕ ਪ੍ਰੋਫੈਸਰ ਰਾਧਿਕਾ ਖੋਸਲਾ ਕਹਿੰਦੇ ਹਨ ਕਿ ਇਹ ਨਤੀਜੇ ਸਿਰਫ਼ ਮੌਸਮ ਦੀ ਗੱਲ ਨਹੀਂ, ਸਗੋਂ ਸਿੱਖਿਆ, ਸਿਹਤ, ਖੇਤੀਬਾੜੀ ਅਤੇ ਲੋਕਾਂ ਦੇ ਮਾਈਗ੍ਰੇਸ਼ਨ ਨਾਲ ਵੀ ਜੁੜੇ ਹੋਏ ਹਨ। ਲਗਾਤਾਰ ਵਧਦੀ ਗਰਮੀ ਗਰੀਬੀ ਅਤੇ ਅਸਮਾਨਤਾ ਨੂੰ ਹੋਰ ਵਧਾਏਗੀ। ਇਸ ਤੋਂ ਬਚਣ ਦਾ ਇੱਕੋ ਹੀ ਪੱਕਾ ਰਸਤਾ ਟਿਕਾਊ ਵਿਕਾਸ ਅਤੇ ਵਾਤਾਵਰਣ ਮੁਖੀ ਨੀਤੀਆਂ ਹਨ।

ਰਿਪੋਰਟ ਦੱਸਦੀ ਹੈ ਕਿ ਭਵਿੱਖ ਵਿੱਚ ਬਹੁਤ ਠੰਢੇ ਇਲਾਕਿਆਂ ਵਿੱਚ ਰਹਿਣ ਵਾਲੀ ਆਬਾਦੀ ਦਾ ਅਨੁਪਾਤ ਵੀ ਘਟੇਗਾ। ਕੈਨੇਡਾ, ਰੂਸ ਅਤੇ ਉੱਤਰੀ ਯੂਰਪ ਦੇ ਦੇਸ਼ਾਂ ਵਿੱਚ ਤਾਪ ਦੀ ਲੋੜ ਘਟੇਗੀ, ਕਿਉਂਕਿ ਉੱਥੇ ਵੀ ਮੌਸਮ ਗਰਮ ਹੋ ਰਿਹਾ ਹੈ।

### *ਭਾਰਤ ਸਭ ਤੋਂ ਵੱਧ ਪ੍ਰਭਾਵਿਤ ਮੁਲਕਾਂ ਵਿੱਚ ਸ਼ਾਮਲ



ਭਾਰਤੀ ਮੌਸਮ ਮਾਹਿਰਾਂ ਦਾ ਕਹਿਣਾ ਹੈ ਕਿ ਖ਼ਾਸ ਕਰ ਕੇ ਉੱਤਰੀ ਭਾਰਤ ਵਿੱਚ ਹੀਟ ਵੇਵਜ਼ ਅਤੇ ਹਵਾ ਪ੍ਰਦੂਸ਼ਣ ਮਿਲ ਕੇ ਸਿਹਤ ਲਈ ਵੱਡਾ ਖ਼ਤਰਾ ਬਣ ਰਹੇ ਹਨ। ਜੇ ਹੁਣ ਵੀ ਫ਼ੌਰੀ ਕਦਮ ਨਾ ਚੁੱਕੇ ਗਏ, ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਦੇ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ। ਇਹ ਅਧਿਐਨ ਇੱਕ ਸਾਫ਼ ਸੰਦੇਸ਼ ਦਿੰਦਾ ਹੈ ਕਿ ਜੇ ਊਰਜਾ ਦੇ ਕੁਦਰਤ-ਮੁਖੀ ਰਸਤਿਆਂ ਵੱਲ ਤੇਜ਼ੀ ਨਾਲ ਕਦਮ ਨਾ ਵਧਾਏ ਗਏ, ਤਾਂ ਭਿਆਨਕ ਗਰਮੀ ਭਵਿੱਖ ਦੀ ਨਹੀਂ, ਸਗੋਂ ਮੌਜੂਦਾ ਸਮੱਸਿਆ ਬਣ ਜਾਵੇਗੀ।

ਅਤਿ ਗਰਮੀ ਦਾ ਅਸਰ ਸਿਰਫ਼ ਤਾਪਮਾਨ ਵਧਣ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਇਹ ਮਨੁੱਖੀ ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਾ ਹੈ। ਸਿਹਤ ਮਾਹਿਰਾਂ ਮੁਤਾਬਕ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਹੀਟ ਵੇਵਜ਼ ਦਿਲ ਦੇ ਦੌਰੇ, ਸਟ੍ਰੋਕ, ਡੀਹਾਈਡਰੇਸ਼ਨ ਅਤੇ ਸਾਹ ਨਾਲ ਸੰਬੰਧਤ ਬਿਮਾਰੀਆਂ ਦੇ ਖ਼ਤਰੇ ਨੂੰ ਕਈ ਗੁਣਾ ਵਧਾ ਦਿੰਦੀਆਂ ਹਨ। ਭਾਰਤ ਵਰਗੇ ਦੇਸ਼ਾਂ ਵਿੱਚ, ਜਿੱਥੇ ਵੱਡੀ ਆਬਾਦੀ ਖੁੱਲ੍ਹੇ ਅਸਮਾਨ ਹੇਠ ਜਾਂ ਬਿਨਾਂ ਪੱਕੀ ਠੰਢਕ ਵਾਲੀਆਂ ਸਹੂਲਤਾਂ ਦੇ ਕੰਮ ਕਰਦੀ ਹੈ, ਇਹ ਖ਼ਤਰਾ ਹੋਰ ਵੀ ਗੰਭੀਰ ਬਣ ਜਾਂਦਾ ਹੈ। ਮਜ਼ਦੂਰ, ਕਿਸਾਨ, ਰਿਕਸ਼ਾ ਚਾਲਕ ਅਤੇ ਗਰੀਬ ਵਰਗ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ।

ਖੇਤੀਬਾੜੀ 'ਤੇ ਵੀ ਅਤਿ ਗਰਮੀ ਦਾ ਡੂੰਘਾ ਅਸਰ ਪੈ ਰਿਹਾ ਹੈ। ਵਧਦੇ ਤਾਪਮਾਨ ਕਾਰਨ ਫ਼ਸਲਾਂ ਦੀ ਪੈਦਾਵਾਰ ਘਟਦੀ ਹੈ, ਪਾਣੀ ਦੀ ਖਪਤ ਵਧਦੀ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਕਮਜ਼ੋਰ ਪੈਂਦੀ ਹੈ। ਕਣਕ, ਚੌਲ ਅਤੇ ਦਾਲਾਂ ਵਰਗੀਆਂ ਮੁੱਖ ਫ਼ਸਲਾਂ ਹੀਟ ਸਟ੍ਰੈੱਸ ਦਾ ਸ਼ਿਕਾਰ ਹੋ ਰਹੀਆਂ ਹਨ। ਇਸ ਨਾਲ ਅਨਾਜ ਸੁਰੱਖਿਆ ਖ਼ਤਰੇ ਵਿੱਚ ਪੈ ਸਕਦੀ ਹੈ ਅਤੇ ਖਾਣ-ਪੀਣ ਦੀਆਂ ਕੀਮਤਾਂ ਵਧਣ ਦੀ ਸੰਭਾਵਨਾ ਬਣਦੀ ਹੈ।

ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਸ਼ਹਿਰਾਂ ਵਿੱਚ 'ਅਰਬਨ ਹੀਟ ਆਇਲੈਂਡ' ਪ੍ਰਭਾਵ ਗਰਮੀ ਨੂੰ ਹੋਰ ਤੇਜ਼ ਕਰ ਰਿਹਾ ਹੈ। ਕੰਕਰੀਟ ਦੀਆਂ ਇਮਾਰਤਾਂ, ਘੱਟ ਹਰੇ-ਭਰੇ ਖੇਤਰ ਅਤੇ ਵਾਹਨਾਂ ਦੀ ਭੀੜ ਸ਼ਹਿਰੀ ਇਲਾਕਿਆਂ ਨੂੰ ਪਿੰਡਾਂ ਨਾਲੋਂ ਕਈ ਡਿਗਰੀ ਵੱਧ ਗਰਮ ਕਰ ਦਿੰਦੇ ਹਨ। ਇਸ ਕਾਰਨ ਸ਼ਹਿਰਾਂ ਵਿੱਚ ਰਹਿਣ ਵਾਲੀ ਗਰੀਬ ਆਬਾਦੀ ਲਈ ਜੀਵਨ ਹੋਰ ਮੁਸ਼ਕਲ ਹੋ ਰਿਹਾ ਹੈ। ਊਰਜਾ ਖਪਤ ਵਿੱਚ ਹੋਣ ਵਾਲਾ ਵਾਧਾ ਵੀ ਇੱਕ ਵੱਡੀ ਚੁਣੌਤੀ ਹੈ। ਜਿਵੇਂ-ਜਿਵੇਂ ਗਰਮੀ ਵਧੇਗੀ, ਏਅਰ ਕੰਡੀਸ਼ਨਰਾਂ ਅਤੇ ਕੂਲਰਾਂ ਦੀ ਮੰਗ ਵਧੇਗੀ, ਜਿਸ ਨਾਲ ਬਿਜਲੀ ਉੱਤੇ ਦਬਾਅ ਪਵੇਗਾ।

ਮਾਹਿਰਾਂ ਅਨੁਸਾਰ ਇਸ ਸੰਕਟ ਨਾਲ ਨਜਿੱਠਣ ਲਈ ਕੇਵਲ ਲੰਬੀ ਮਿਆਦ ਦੀਆਂ ਨੀਤੀਆਂ ਹੀ ਨਹੀਂ, ਸਗੋਂ ਤੁਰੰਤ ਕਦਮ ਵੀ ਲੋੜੀਂਦੇ ਹਨ। ਹੀਟ ਐਕਸ਼ਨ ਪਲਾਨ, ਸ਼ਹਿਰਾਂ ਵਿੱਚ ਵਧੇਰੇ ਦਰੱਖ਼ਤ, ਠੰਢੇ ਛੱਤਾਂ ਵਾਲੀਆਂ ਇਮਾਰਤਾਂ, ਪਾਣੀ ਦਾ ਬਿਹਤਰ ਪ੍ਰਬੰਧ ਅਤੇ ਲੋਕਾਂ ਵਿੱਚ ਜਾਗਰੂਕਤਾ ਮੁਹਿੰਮਾਂ ਅਤਿ ਜ਼ਰੂਰੀ ਹਨ।

# ਪੁਰਸ਼ਾਂ ਵਿੱਚ ਦਿਲ ਦੀ ਬਿਮਾਰੀ ਦਾ ਖ਼ਤਰਾ ਦੁੱਗਣਾ

ਪੰਜਾਬੀ ਪਰਵਾਜ਼ ਬਿਊਰੋ

***35 ਸਾਲ ਦੀ ਉਮਰ ਤੋਂ ਹੀ ਵਧਣ ਲੱਗਦਾ ਹੈ ਜੋਖ਼ਮ, ਖ਼ਰਾਬ ਨੀਂਦ ਤੇ ਇਕੱਲਾਪਣ ਵੀ ਵੱਡੇ ਕਾਰਨ***

*ਅਮਰੀਕਨ ਹਾਰਟ ਐਸੋਸੀਏਸ਼ਨ ਨੇ ਆਪਣੀਆਂ 2026 ਦੀਆਂ ਗਾਈਡਲਾਈਨਾਂ ਵਿੱਚ 19 ਸਾਲ ਦੀ ਉਮਰ ਤੋਂ ਹੀ ਕੋਲੇਸਟਰੋਲ ਦੀ ਜਾਂਚ (ਸਕਰੀਨਿੰਗ) ਸ਼ੁਰੂ ਕਰਨ ਦੀ ਸਿਫ਼ਾਰਸ਼ ਕੀਤੀ ਹੈ।*

ਅੱਜ ਕੱਲ੍ਹ ਆਮ ਧਾਰਨਾ ਇਹ ਹੈ ਕਿ ਦਿਲ ਦੀ ਬਿਮਾਰੀ ਸਿਰਫ਼ ਬੁੱਢੇਪੇ ਨਾਲ ਜੁੜੀ ਸਮੱਸਿਆ ਹੈ, ਪਰ ਨਵੀਆਂ ਖੋਜਾਂ ਇਸ ਗੱਲ ਨੂੰ ਗ਼ਲਤ ਸਾਬਤ ਕਰ ਰਹੀਆਂ ਹਨ। ਅਮਰੀਕਾ ਦੀ ਮਸ਼ਹੂਰ ਨਾਰਥਵੈਸਟਰਨ ਯੂਨੀਵਰਸਿਟੀ ਵੱਲੋਂ ਕੀਤੇ ਗਏ ਤਾਜ਼ਾ ਅਧਿਐਨ ਅਨੁਸਾਰ, ਪੁਰਸ਼ਾਂ ਵਿੱਚ 35 ਸਾਲ ਦੀ ਉਮਰ ਤੋਂ ਹੀ ਦਿਲ ਦੀ ਬਿਮਾਰੀ ਦਾ ਖ਼ਤਰਾ ਤੇਜ਼ੀ ਨਾਲ ਵਧਣਾ ਸ਼ੁਰੂ ਹੋ ਜਾਂਦਾ ਹੈ। ਇਹ ਉਹ ਸਮਾਂ ਹੁੰਦਾ ਹੈ, ਜਦੋਂ ਇੱਕ ਵਿਅਕਤੀ ਆਪਣੇ ਕਰੀਅਰ ਦੀ ਮਜਬੂਤੀ ਵੱਲ ਵਧ ਰਿਹਾ ਹੁੰਦਾ ਹੈ, ਪਰ ਸਰੀਰ ਦੇ ਅੰਦਰ ਖ਼ਾਮੋਸ਼ੀ ਨਾਲ ਧਮਣੀਆਂ ਵਿੱਚ ਬਲਾਕੇਜ ਬਣਨ ਲੱਗ ਪੈਂਦਾ ਹੈ।

ਇਸੇ ਖ਼ਤਰੇ ਨੂੰ ਦੇਖਦੇ ਹੋਏ ਅਮਰੀਕਨ ਹਾਰਟ ਐਸੋਸੀਏਸ਼ਨ ਨੇ ਆਪਣੀਆਂ 2026 ਦੀਆਂ ਗਾਈਡਲਾਈਨਾਂ ਵਿੱਚ 19 ਸਾਲ ਦੀ ਉਮਰ ਤੋਂ ਹੀ ਕੋਲੇਸਟਰੋਲ ਦੀ ਜਾਂਚ (ਸਕਰੀਨਿੰਗ) ਸ਼ੁਰੂ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਇਹ ਪਹਿਲਾਂ ਨਾਲੋਂ ਕਾਫ਼ੀ ਪਹਿਲਾਂ ਦੀ ਉਮਰ ਹੈ, ਜੋ ਇਹ ਦਰਸਾਉਂਦੀ ਹੈ ਕਿ ਦਿਲ ਦੀ ਸਿਹਤ ਨੂੰ ਹੁਣ ਜਵਾਨੀ ਤੋਂ ਹੀ ਗੰਭੀਰਤਾ ਨਾਲ ਲੈਣਾ ਪਵੇਗਾ।

### 35 ਤੋਂ ਬਾਅਦ ਪੁਰਸ਼ਾਂ ਵਿੱਚ ਖ਼ਤਰਾ ਦੁੱਗਣਾ

ਖੋਜ ਮੁਤਾਬਕ 35 ਸਾਲ ਦੀ ਉਮਰ ਤੋਂ ਬਾਅਦ ਅਗਲੇ 10 ਸਾਲਾਂ ਵਿੱਚ ਪੁਰਸ਼ਾਂ ਵਿੱਚ ਦਿਲ ਦੀ ਬਿਮਾਰੀ ਦਾ ਖ਼ਤਰਾ ਔਰਤਾਂ ਨਾਲੋਂ ਲਗਭਗ ਦੁੱਗਣਾ ਹੋ ਜਾਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਖ਼ਤਰਾ ਉਨ੍ਹਾਂ ਲੋਕਾਂ ਵਿੱਚ ਵੀ ਮੌਜੂਦ ਰਹਿੰਦਾ ਹੈ, ਜੋ ਨਾ ਤਾਂ ਸਿਗਰਟਨੋਸ਼ੀ ਕਰਦੇ ਹਨ ਅਤੇ ਨਾ ਹੀ ਸ਼ੂਗਰ (ਡਾਇਬਟੀਜ਼) ਦੇ ਮਰੀਜ਼ ਹਨ।

ਡਾਕਟਰਾਂ ਅਨੁਸਾਰ ਇਸ ਦਾ ਮੁੱਖ ਕਾਰਨ ਨਸਾਂ ਵਿੱਚ 'ਪਲਾਕ' (ਚਰਬੀ ਅਤੇ ਕੋਲੇਸਟਰੋਲ ਦੀ ਪਰਤ) ਦਾ ਹੌਲੀ-ਹੌਲੀ ਜਮਣਾ ਹੈ। ਇਹ ਪ੍ਰਕਿਰਿਆ ਬਿਲਕੁਲ ਖ਼ਾਮੋਸ਼ੀ ਨਾਲ ਹੁੰਦੀ ਹੈ ਅਤੇ ਸ਼ੁਰੂਆਤੀ ਦੌਰ ਵਿੱਚ ਕੋਈ ਵੱਡਾ ਲੱਛਣ ਸਾਹਮਣੇ ਨਹੀਂ ਆਉਂਦਾ। ਇਸ ਕਰ ਕੇ ਬਹੁਤ ਸਾਰੇ ਲੋਕ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ ਅਤੇ ਜਦੋਂ ਤੱਕ ਸਮੱਸਿਆ ਪਤਾ ਲੱਗਦੀ ਹੈ, ਉਹ ਗੰਭੀਰ ਰੂਪ ਧਾਰ ਚੁੱਕੀ ਹੁੰਦੀ ਹੈ।

### ਤਣਾਅ, ਨੀਂਦ ਅਤੇ ਇਕੱਲਾਪਨ-ਨਵੇਂ ਖ਼ਤਰੇ

ਇਸ ਰਿਪੋਰਟ ਦਾ ਇੱਕ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਸਿਰਫ਼ ਖ਼ੁਰਾਕ ਜਾਂ ਕਸਰਤ ਹੀ ਨਹੀਂ, ਸਗੋਂ ਜੀਵਨ ਸ਼ੈਲੀ ਦੇ ਮਨੋਵਿਗਿਆਨਕ ਪੱਖ ਵੀ ਦਿਲ ਦੀ ਸਿਹਤ 'ਤੇ ਗਹਿਰਾ ਅਸਰ ਪਾਉਂਦੇ ਹਨ; ਜਿਵੇਂ ਕਿ ਲੰਮੇ ਸਮੇਂ ਤੱਕ ਤਣਾਅ ਵਿੱਚ ਰਹਿਣਾ, ਨੀਂਦ ਦੀ ਕਮੀ ਜਾਂ ਖ਼ਰਾਬ ਨੀਂਦ ਅਤੇ ਇਕੱਲਾਪਣ ਤੇ ਸਮਾਜਕ ਦੂਰੀ।

ਇਹ ਸਾਰੇ ਕਾਰਨ ਦਿਲ ਦੀ ਧੜਕਨ ਅਤੇ ਖ਼ੂਨ ਦੀ ਚਲਣ ਪ੍ਰਣਾਲੀ 'ਤੇ ਨਕਾਰਾਤਮਕ ਪ੍ਰਭਾਵ ਪਾਉਂਦੇ ਹਨ। ਮਾਹਿਰਾਂ ਅਨੁਸਾਰ ਇਕੱਲਾਪਣ ਦਾ ਅਸਰ ਸਿਗਰਟਨੋਸ਼ ਜਾਂ ਮੋਟਾਪੇ ਜਿੰਨਾ ਖ਼ਤਰਨਾਕ ਹੋ ਸਕਦਾ ਹੈ।

### 50 ਦੀ ਉਮਰ ਤੱਕ ਖ਼ਤਰਾ ਕਿੰਨਾ?


ਅਧਿਐਨ ਦੇ ਅੰਕੜਿਆਂ ਅਨੁਸਾਰ, 50 ਸਾਲ ਦੀ ਉਮਰ ਤੱਕ ਲਗਭਗ 4.7 ਫ਼ੀਸਦੀ ਪੁਰਸ਼ਾਂ ਵਿੱਚ ਦਿਲ ਦੀ ਬਿਮਾਰੀ ਵਿਕਸਿਤ ਹੋ ਜਾਂਦੀ ਹੈ; ਜਦਕਿ ਔਰਤਾਂ ਵਿੱਚ ਇਹ ਅੰਕੜਾ 2.9 ਫ਼ੀਸਦੀ ਹੈ ਅਤੇ ਉਹ 57 ਸਾਲ ਦੀ ਉਮਰ ਤੱਕ ਇਸ ਪੱਧਰ 'ਤੇ ਪਹੁੰਚਦੀਆਂ ਹਨ। ਇਸ ਦਾ ਸਿੱਧਾ ਮਤਲਬ ਹੈ ਕਿ ਪੁਰਸ਼ਾਂ ਵਿੱਚ ਦਿਲ ਦੀ ਬਿਮਾਰੀ ਨਾ ਸਿਰਫ਼ ਜ਼ਿਆਦਾ ਹੈ, ਸਗੋਂ ਇਹ ਔਰਤਾਂ ਨਾਲੋਂ ਪਹਿਲਾਂ ਵੀ ਆਉਂਦੀ ਹੈ।

### ਭਾਰਤੀਆਂ 'ਚ ਖ਼ਤਰਾ ਹੋਰ ਜ਼ਿਆਦਾ ਤੇ ਜਲਦੀ

ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਭਾਰਤੀ ਲੋਕਾਂ ਵਿੱਚ ਦਿਲ ਦੀ ਬਿਮਾਰੀ ਦਾ ਖ਼ਤਰਾ ਪੱਛਮੀ ਦੇਸ਼ਾਂ ਨਾਲੋਂ ਕਰੀਬ 10 ਸਾਲ ਪਹਿਲਾਂ ਸਾਹਮਣੇ ਆ ਜਾਂਦਾ ਹੈ। ਇਸ ਦੇ ਕੁਝ ਖਾਸ ਕਾਰਨ ਹਨ: ਪੇਟ ਦੇ ਇਲਾਕੇ ਵਿੱਚ ਚਰਬੀ, ਇਨਸੁਲਿਨ ਰੇਜ਼ਿਸਟੈਂਸ, ਗ਼ਲਤ ਖ਼ੁਰਾਕ (ਜੰਕ ਫੂਡ, ਤੇਲ ਵਾਲੀ ਚੀਜ਼ਾਂ) ਅਤੇ ਘੱਟ ਸਰੀਰਕ ਸਰਗਰਮੀ। ਕਈ ਵਾਰ ਲੋਕ ਬਾਹਰੋਂ ਪਤਲੇ ਦਿਖਦੇ ਹਨ, ਪਰ ਅੰਦਰੂਨੀ ਤੌਰ 'ਤੇ ਉਨ੍ਹਾਂ ਵਿੱਚ 'ਬੁਰਾ ਕੋਲੇਸਟਰੋਲ' ਵਧਿਆ ਹੁੰਦਾ ਹੈ, ਜੋ ਦਿਲ ਲਈ ਖ਼ਤਰਨਾਕ ਹੁੰਦਾ ਹੈ।

### ਜੀਨਜ਼ ਵੀ ਜ਼ਿੰਮੇਵਾਰ

ਡਾਕਟਰਾਂ ਅਨੁਸਾਰ ਦਿਲ ਦੀ ਬਿਮਾਰੀ ਸਿਰਫ਼ ਜੀਵਨ ਸ਼ੈਲੀ ਨਾਲ ਨਹੀਂ, ਸਗੋਂ ਜੀਨਜ਼ ਨਾਲ ਵੀ ਜੁੜੀ ਹੋ ਸਕਦੀ ਹੈ। ਕੁਝ ਲੋਕਾਂ ਵਿੱਚ ਲਿਪੋਪ੍ਰੋਟੀਨ-ਏ ਨਾਮ ਦੀ ਇੱਕ ਖ਼ਾਸ ਕਿਸਮ ਦੀ ਚਰਬੀ ਜਨਮ ਤੋਂ ਹੀ ਵਧੀ ਹੋਈ ਹੁੰਦੀ ਹੈ। ਇਹ ਚਰਬੀ ਖ਼ੂਨ ਵਿੱਚ ਜੰਮਣ ਦੀ ਸੰਭਾਵਨਾ ਵਧਾਉਂਦੀ ਹੈ,



ਧਮਣੀਆਂ ਨੂੰ ਤੰਗ ਕਰਦੀ ਹੈ ਅਤੇ ਅਚਾਨਕ ਹਾਰਟ ਅਟੈਕ ਦਾ ਕਾਰਨ ਬਣ ਸਕਦੀ ਹੈ। ਇਸ ਲਈ ਕਈ ਵਾਰ ਬਿਲਕੁਲ ਫਿੱਟ ਦਿਖਣ ਵਾਲੇ ਨੌਜਵਾਨਾਂ ਨੂੰ ਵੀ ਅਚਾਨਕ ਦਿਲ ਦਾ ਦੌਰਾ ਪੈ ਸਕਦਾ ਹੈ।

### ਸ਼ੁਰੂਆਤੀ ਲੱਛਣਾਂ ਨੂੰ ਨਾ ਕਰੋ ਅਣਡਿੱਠਾ

ਹਾਲਾਂਕਿ ਦਿਲ ਦੀ ਬਿਮਾਰੀ ਅਕਸਰ ਖ਼ਾਮੋਸ਼ੀ ਨਾਲ ਵਧਦੀ ਹੈ, ਪਰ ਕੁਝ ਹਲਕੇ ਸੰਕੇਤ ਮਿਲ ਸਕਦੇ ਹਨ; ਜਿਵੇਂ ਕਿ ਛਾਤੀ ਵਿੱਚ ਭਾਰ ਜਾਂ ਦਰਦ, ਜਲਦੀ ਥਕਾਵਟ, ਸਾਹ ਚੜ੍ਹਣਾ, ਬਾਂਹ, ਗਰਦਨ ਜਾਂ ਜਬੜੇ ਵਿੱਚ ਦਰਦ। ਇਹ ਲੱਛਣ ਕਈ ਵਾਰ ਹਲਕੇ ਹੁੰਦੇ ਹਨ, ਜਿਸ ਕਰ ਕੇ ਲੋਕ ਇਨ੍ਹਾਂ ਨੂੰ ਅਣਡਿੱਠਾ ਕਰ ਦਿੰਦੇ ਹਨ।

### ਬਚਾਅ ਲਈ ਕੀ ਕਰੀਏ?

ਮਾਹਿਰਾਂ ਅਨੁਸਾਰ ਦਿਲ ਦੀ ਸਿਹਤ ਨੂੰ ਸੁਰੱਖਿਅਤ ਰੱਖਣ ਲਈ ਕੁਝ ਆਸਾਨ ਕਦਮ ਬਹੁਤ ਪ੍ਰਭਾਵਸ਼ਾਲੀ ਸਾਬਤ ਹੋ ਸਕਦੇ ਹਨ:

ਰੈਗੂਲਰ ਜਾਂਚ- 30 ਸਾਲ ਦੀ ਉਮਰ ਤੋਂ ਬਾਅਦ ਕੋਲੇਸਟਰੋਲ, ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀ ਜਾਂਚ ਕਰਵਾਓ।

ਸੰਤੁਲਿਤ ਖ਼ੁਰਾਕ- ਫਲ, ਸਬਜ਼ੀਆਂ, ਦਾਲਾਂ ਅਤੇ ਘੱਟ ਤੇਲ ਵਾਲਾ ਭੋਜਨ ਖਾਓ।

ਰੋਜ਼ਾਨਾ ਕਸਰਤ- ਘੱਟੋ-ਘੱਟ 30 ਮਿੰਟ ਤੇਜ਼ ਚੱਲਣਾ ਜਾਂ ਕਸਰਤ ਕਰੋ।

ਚੰਗੀ ਨੀਂਦ- ਹਰ ਰੋਜ਼ 7-8 ਘੰਟੇ ਦੀ ਨੀਂਦ ਲਓ।

ਤਣਾਅ ਘਟਾਓ- ਧਿਆਨ, ਯੋਗਾ ਜਾਂ ਮਨਪਸੰਦ ਗਤੀਵਿਧੀਆਂ ਕਰੋ।

ਸਮਾਜਕ ਜੁੜਾਅ- ਦੋਸਤਾਂ ਅਤੇ ਪਰਿਵਾਰ ਨਾਲ ਸਮਾਂ ਬਿਤਾਓ, ਇਕੱਲਤਾ ਤੋਂ ਬਚੋ।

ਦਿਲ ਦੀ ਬਿਮਾਰੀ ਹੁਣ ਸਿਰਫ਼ ਬੁੱਢੇਪੇ ਦੀ ਸਮੱਸਿਆ ਨਹੀਂ ਰਹੀ। ਬਦਲਦੀ ਜੀਵਨ ਸ਼ੈਲੀ, ਤਣਾਅ, ਖ਼ਰਾਬ ਨੀਂਦ ਅਤੇ ਇਕੱਲਤਾ ਨੇ ਇਸ ਨੂੰ ਜਵਾਨੀ ਵਿੱਚ ਹੀ ਇੱਕ ਵੱਡਾ ਖ਼ਤਰਾ ਬਣਾ ਦਿੱਤਾ ਹੈ।

ਮਾਹਿਰਾਂ ਦਾ ਸਾਫ਼ ਸੁਨੇਹਾ ਹੈ ਕਿ ਜੇ ਅਸੀਂ ਸਮੇਂ 'ਤੇ ਸਾਵਧਾਨ ਹੋ ਜਾਈਏ, ਰੈਗੂਲਰ ਜਾਂਚ ਕਰਵਾਈਏ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਈਏ ਤਾਂ ਦਿਲ ਦੀਆਂ ਬਿਮਾਰੀਆਂ ਤੋਂ ਕਾਫ਼ੀ ਹੱਦ ਤੱਕ ਬਚਿਆ ਜਾ ਸਕਦਾ ਹੈ। ਦਿਲ ਸਾਡੀ ਜ਼ਿੰਦਗੀ ਦਾ ਕੇਂਦਰ ਹੈ- ਇਸ ਦੀ ਸੰਭਾਲ ਅੱਜ ਤੋਂ ਹੀ ਸ਼ੁਰੂ ਕਰਨੀ ਸਭ ਤੋਂ ਵੱਡੀ ਸਿਆਣਪ ਹੈ।

# 18 ਫ਼ੀਸਦੀ ਜੈਨ ਜ਼ੀ ਮਹਿਲਾਵਾਂ ਬੱਚੇ ਨਹੀਂ ਚਾਹੁੰਦੀਆਂ

***ਹਰ ਸਾਲ ਵਧ ਰਹੇ ਨੇ ਬਿਨਾ ਬੱਚਿਆਂ ਵਾਲੇ ਪਰਿਵਾਰ**
***ਬਦਲਦੀ ਜੀਵਨ-ਸ਼ੈਲੀ ਅਤੇ ਮਹਿੰਗਾਈ ਨਾਲ 'ਚਾਈਲਡ ਫ੍ਰੀ ਇੰਡੀਆ' ਵਰਗੀਆਂ ਮੁਹਿੰਮਾਂ ਨੂੰ ਮਿਲ ਰਿਹਾ ਉਤਸ਼ਾਹ**

ਬੈਂਗਲੁਰੂ ਦੇ ਨੌਜਵਾਨ ਅੰਕਿਤ ਅਤੇ ਉਸ ਦੀ ਪਤਨੀ ਸ਼੍ਰੇਆ ਮਲਟੀ-ਨੈਸ਼ਨਲ ਕੰਪਨੀਆਂ ਵਿੱਚ ਕੰਮ ਕਰਦੇ ਹਨ। ਉਹ ਹਰ ਸਾਲ ਵਿਦੇਸ਼ ਯਾਤਰਾ ਕਰਦੇ ਹਨ, ਫਿਟਨੈੱਸ ਅਤੇ ਨਵੀਆਂ ਚੀਜ਼ਾਂ ਸਿੱਖਣ 'ਤੇ ਪੈਸਾ ਖਰਚਦੇ ਹਨ। ਉਨ੍ਹਾਂ ਦੀ ਸ਼ਾਦੀ ਨੂੰ 4 ਸਾਲ ਹੋ ਚੁੱਕੇ ਹਨ, ਪਰ ਉਹ ਬੱਚਾ ਨਹੀਂ ਚਾਹੁੰਦੇ। ਇਹ ਗੱਲ ਨਹੀਂ ਕਿ ਉਹ ਸਰੀਰਕ ਜਾਂ ਆਰਥਿਕ ਤੌਰ 'ਤੇ ਸਮਰੱਥ ਨਹੀਂ ਹਨ।

ਅੰਕਿਤ ਅਤੇ ਸ਼੍ਰੇਆ ਭਾਰਤੀ ਨੌਜਵਾਨ ਜੋੜਿਆਂ ਵਿੱਚ ਵੱਧ ਰਹੇ 'ਡਿੰਕ' (ਦੋਹਰੀ ਆਮਦਨ, ਬਿਨਾ ਬੱਚੇ) ਰੁਝਾਨ ਦੇ ਸਮਰਥਕ ਹਨ। ਇਹ ਤੇਜ਼ੀ ਨਾਲ ਵਧ ਰਹੀ ਉਸ ਸ਼ਹਿਰੀ ਪੀੜ੍ਹੀ ਦੀ ਨੁਮਾਇੰਦਗੀ ਕਰਦੇ ਹਨ, ਜੋ ਬੱਚੇ ਨਾ ਪੈਦਾ ਕਰਨ ਨੂੰ ਮਜ਼ਬੂਰੀ ਨਹੀਂ, ਸਗੋਂ ਸੋਚ-ਸਮਝ ਕੇ ਲਿਆ ਗਿਆ ਫੈਸਲਾ ਮੰਨਦੀ ਹੈ। ਚੇਨੱਈ ਦੇ ਰਾਖੀ ਅਤੇ ਤੁਸ਼ੀਰ ਦੇ ਪਰਿਵਾਰ ਵਿੱਚ ਉਨ੍ਹਾਂ ਤੋਂ ਇਲਾਵਾ ਚਾਰ ਡੋਬਰਮੈਨ ਕੁੱਤੇ ਹਨ, ਜਿਨ੍ਹਾਂ ਨੂੰ ਉਹ ਬੱਚਿਆਂ ਵਾਂਗ ਪਾਲਦੇ ਹਨ। ਰਾਖੀ ਕਹਿੰਦੀ ਹੈ, "ਮੈਂ ਕਦੇ ਵੀ ਆਪਣੇ ਆਪ ਨੂੰ ਅਧੂਰਾ ਮਹਿਸੂਸ ਨਹੀਂ ਕੀਤਾ। ਹੁਣ ਪਰਿਵਾਰ ਦਾ ਮਤਲਬ ਸਿਰਫ਼ ਬੱਚੇ ਨਹੀਂ ਰਹਿ ਗਿਆ।" ਇਹ ਜੈਨ ਜ਼ੀ ਦਾ ਦੌਰ ਹੈ।

### ਮਹਾਂਨਗਰਾਂ ਵਿੱਚ ਬਿਨਾ ਬੱਚੇ ਜਾਂ ਇੱਕ ਬੱਚੇ ਵਾਲੇ ਜੋੜੇ 20-30 ਫ਼ੀਸਦੀ ਤੱਕ

ਦਿੱਲੀ, ਮੁੰਬਈ ਅਤੇ ਬੈਂਗਲੁਰੂ ਵਿੱਚ ਕੀਤੇ ਗਏ ਇੱਕ ਨਿੱਜੀ ਸਰਵੇ ਵਿੱਚ 28-40 ਸਾਲ ਦੇ 27 ਫ਼ੀਸਦੀ ਜੋੜਿਆਂ ਨੇ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਬਿਨਾ ਬੱਚਿਆਂ ਦੇ ਰਹਿਣਾ ਪਸੰਦ ਕਰ ਰਹੇ ਹਨ। ਪਿਊ ਰਿਸਰਚ ਸੈਂਟਰ ਦੀ ਇੱਕ ਗਲੋਬਲ ਰਿਪੋਰਟ ਅਨੁਸਾਰ ਭਾਰਤ ਦੇ ਲਗਭਗ 12 ਫ਼ੀਸਦੀ ਸ਼ਹਿਰੀ ਲੋਕਾਂ ਨੇ ਕਿਹਾ ਕਿ ਉਹ ਬੱਚੇ ਨਹੀਂ ਚਾਹੁੰਦੇ ਜਾਂ ਅਜੇ ਤਿਆਰ ਨਹੀਂ ਹਨ।

ਇੰਟਰਨੈਸ਼ਨਲ ਜਰਨਲ ਆਫ਼ ਕ੍ਰੀਏਟਿਵ ਰਿਸਰਚ ਥਾਟਸ ਮੁਤਾਬਕ ਮਹਾਂਨਗਰਾਂ ਵਿੱਚ ਬਿਨਾ ਬੱਚੇ ਜਾਂ ਇੱਕ ਬੱਚੇ ਵਾਲੇ ਜੋੜਿਆਂ ਦੀ ਗਿਣਤੀ 20-30 ਫ਼ੀਸਦੀ ਤੱਕ ਪਹੁੰਚ ਗਈ ਹੈ। ਨੋਵਾ ਆਈ.ਵੀ.ਐਫ. ਫਰਟੀਲਿਟੀ ਸਰਵੇ ਵਿੱਚ 18 ਫ਼ੀਸਦੀ ਜੈਨ ਜ਼ੀ ਮਹਿਲਾਵਾਂ ਨੇ ਕਿਹਾ ਕਿ ਉਹ ਬੱਚੇ ਨਹੀਂ ਚਾਹੁੰਦੀਆਂ। ਯੂਗੋਵ ਇੰਡੀਆ ਦੇ ਸਰਵੇ ਵਿੱਚ ਮੈਟਰੋ ਸ਼ਹਿਰਾਂ ਦੇ ਲਗਭਗ 18 ਫ਼ੀਸਦੀ ਨੌਜਵਾਨ ਜੋੜਿਆਂ ਨੇ ਇੱਕ ਤੋਂ ਵੱਧ ਬੱਚੇ ਨਾ ਰੱਖਣ ਦੀ ਇੱਛਾ ਜਤਾਈ।



### ਡਿੰਕ, ਡਿੰਕਵਾਡ ਅਤੇ ਡਿਸਕ: ਨਵੇਂ ਰੁਝਾਨਾਂ ਦੇ ਨਵੇਂ ਨਾਮ

**ਡਿੰਕ (ਦੋਹਰੀ ਆਮਦਨ, ਬਿਨਾ ਬੱਚੇ):** ਉਹ ਦੰਪਤੀ ਜਿਨ੍ਹਾਂ ਨੇ ਸੋਚ-ਸਮਝ ਕੇ ਬੱਚੇ ਨਾ ਕਰਨ ਦਾ ਫੈਸਲਾ ਕੀਤਾ ਹੈ।

**ਡਿੰਕਵਾਡ (ਦੋਹਰੀ ਆਮਦਨ, ਬਿਨਾ ਬੱਚੇ, ਨਾਲ ਕੁੱਤਾ):** ਡਿੰਕ ਦਾ ਇੱਕ ਰੂਪ, ਜਿਸ ਵਿੱਚ ਮਰਦ-ਔਰਤ ਬੱਚਿਆਂ ਦੀ ਥਾਂ ਪਾਲਤੂ ਜਾਨਵਰ-ਅਕਸਰ ਕੁੱਤੇ ਨੂੰ ਪਰਿਵਾਰ ਦਾ ਹਿੱਸਾ ਬਣਾਉਂਦੇ ਹਨ।

**ਡਿਸਕ (ਦੋਹਰੀ ਆਮਦਨ, ਇੱਕ ਬੱਚਾ):** ਉਹ ਦੰਪਤੀ ਜੋ ਦੋਹਰੀ ਆਮਦਨ ਰੱਖਦੇ ਹਨ ਅਤੇ ਸਿਰਫ਼ ਇੱਕ ਬੱਚਾ ਰੱਖਣਾ ਪਸੰਦ ਕਰਦੇ ਹਨ।

### ਦੇਸ਼ ਦੀ 50 ਫ਼ੀਸਦੀ ਖਪਤ ਇਸ ਵਰਗ ਤੋਂ

ਡਿੰਕ ਵਰਗ ਕੋਲ ਖਰਚ ਕਰਨ ਲਈ ਵੱਧ ਪੈਸਾ ਹੁੰਦਾ ਹੈ। ਇਹ ਦੇਸ਼ ਦੇ ਉਨ੍ਹਾਂ ਉਪਰਲੇ 6 ਕਰੋੜ ਲੋਕਾਂ ਵਿੱਚ ਸ਼ਾਮਲ ਹਨ, ਜੋ ਲਗਭਗ 50 ਫ਼ੀਸਦੀ ਖਪਤ ਕਰਦੇ ਹਨ। ਪਰ ਉਨ੍ਹਾਂ ਦੀ ਖਰੀਦ ਵਿੱਚ "ਫੈਮਿਲੀ ਪੈਕ" ਲਈ ਥਾਂ ਨਹੀਂ ਹੁੰਦੀ। ਉਹ 5 ਕਿਲੋ ਦੇ ਵੱਡੇ ਪੈਕ ਦੀ ਥਾਂ 500 ਗ੍ਰਾਮ ਦੇ ਛੋਟੇ ਤੇ ਆਰਗੈਨਿਕ ਪੈਕ ਚੁਣਦੇ ਹਨ। ਡਿੰਕ ਵਰਗ ਯਾਤਰਾ, ਸ਼ਾਨੋ-ਸ਼ੌਕਤ, ਫਿਟਨੈੱਸ, ਪਾਲਤੂ ਜਾਨਵਰਾਂ, ਨਿਵੇਸ਼ ਅਤੇ ਤਜਰਬਿਆਂ 'ਤੇ ਵੱਧ ਖਰਚ ਕਰਦਾ ਹੈ। ਇਹ ਤੇਜ਼ ਡਿਲਿਵਰੀ ਵਾਲੇ ਵਪਾਰ ਲਈ ਮੁੱਖ ਗਾਹਕ ਹਨ।

### ਕੰਪਨੀਆਂ ਵੀ ਬਦਲ ਰਹੀਆਂ ਹਨ ਰਣਨੀਤੀ

ਡਿੰਕ ਰੁਝਾਨ ਕਾਰਨ ਯਾਤਰਾ, ਹੋਟਲ, ਮਹਿੰਗੇ ਰਿਟੇਲ, ਪਾਲਤੂ ਜਾਨਵਰ ਸੰਭਾਲ ਅਤੇ ਨਿੱਜੀ ਸੇਵਾਵਾਂ ਵਾਲੇ ਖੇਤਰਾਂ ਨੂੰ ਵੱਡਾ ਲਾਭ ਹੋ ਰਿਹਾ ਹੈ। ਇਸ ਲਈ ਕੰਪਨੀਆਂ ਹੁਣ ਇਸ ਵਰਗ ਨੂੰ ਧਿਆਨ ਵਿੱਚ ਰੱਖ ਕੇ ਨਵੇਂ ਉਤਪਾਦ ਅਤੇ ਸੇਵਾਵਾਂ ਤਿਆਰ ਕਰ ਰਹੀਆਂ ਹਨ। ਦੂਜੇ ਪਾਸੇ ਬੱਚਿਆਂ ਨਾਲ ਜੁੜੇ ਖੇਤਰਾਂ ਵਿੱਚ ਹੌਲੀ-ਹੌਲੀ ਬਦਲਾਅ ਦਿਖਾਈ ਦੇ ਰਹੇ ਹਨ।

### ਚੁਣੌਤੀਆਂ: ਸੰਪਤੀ ਕਿਸ ਨੂੰ ਮਿਲੇਗੀ?

ਦੇਸ਼ ਵਿੱਚ ਬਿਨਾ ਬੱਚਿਆਂ ਦੇ ਰਹਿਣਾ ਚਾਹੁੰਦੇ ਨੌਜਵਾਨਾਂ ਦੀ ਗਿਣਤੀ ਵੱਧ ਰਹੀ ਹੈ, ਪਰ ਭਵਿੱਖ ਨਾਲ ਜੁੜੀਆਂ ਚਿੰਤਾਵਾਂ ਵੀ ਹਨ। 'ਚਾਈਲਡ ਫ੍ਰੀ ਇੰਡੀਆ' ਨਾਲ ਜੁੜੇ ਇੱਕ ਨੌਜਵਾਨ ਅਨੁਸਾਰ ਅਜੇ ਵੀ ਸਮਾਜ ਅਤੇ ਪਰਿਵਾਰ ਵਿੱਚ ਇਸ ਨੂੰ ਪੂਰੀ ਪ੍ਰਵਾਨਗੀ ਨਹੀਂ ਮਿਲੀ।

ਇੱਕ ਵੱਡੀ ਚਿੰਤਾ ਇਹ ਵੀ ਹੈ ਕਿ ਅਜਿਹੇ ਲੋਕ ਆਪਣੀ ਸੰਪਤੀ ਕਿਸ ਨੂੰ ਦੇਣਗੇ! ਕੁਝ ਲੋਕ ਗਰੀਬਾਂ ਨੂੰ ਦਾਨ ਦੇਣਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਦੇ ਬਾਅਦ ਰਿਸ਼ਤੇਦਾਰ ਕਾਨੂੰਨੀ ਤਰੀਕੇ ਨਾਲ ਸੰਪਤੀ ਹੜੱਪ ਸਕਦੇ ਹਨ।

# ਕਿਧਰੇ ਗੁਆਚ ਗਈ ਹੈ ਕਬੱਡੀ ਦੀ ਅਸਲੀ ਵਿਰਾਸਤ

## ਕੌਡੀ ਤੋਂ ਕਬੱਡੀ: ਇਤਿਹਾਸ ਤੋਂ ਵਰਤਮਾਨ ਤੱਕ...

**ਸੰਤੋਖ ਸਿੰਘ ਮੰਡੇਰ ਅਤੇ ਡਾ. ਜਤਿੰਦਰ ਸਾਬੀ**



***ਆਓ, ਸਾਰੇ ਗਿਲੇ-ਸ਼ਿਕਵੇ ਭੁੱਲ ਕੇ ਖੇਡ ਕਬੱਡੀ ਨੂੰ ਪੂਰੀ ਨੇਕ ਨੀਅਤ ਨਾਲ ਇਸ ਦੇ ਅਸਲੀ ਵਾਰਿਸ ਬਣੀਏ। 'ਖੇਡ ਕਬੱਡੀ' ਦੀ ਬਣਦੀ ਸਫਲਤਾ 'ਚ ਯੋਗਦਾਨ ਪਾ ਕੇ ਆਉਣ ਵਾਲੀਆਂ ਸਾਡੀਆਂ ਨਸਲਾਂ ਲਈ ਇੱਕ ਚੰਗਾ ਸਬਕ ਦੇ ਕੇ ਉਨ੍ਹਾਂ ਨੂੰ ਸੰਸਾਰ ਪੱਧਰ ਦੀਆਂ ਖੇਡਾਂ ਵਿੱਚ ਇਸ ਦੇ ਅਸਲੀ ਵਾਰਸ ਬਣਾ ਕੇ ਨਵਾਂ ਇਤਿਹਾਸ ਸਿਰਜੀਏ।***

### ਐਨ.ਆਰ.ਆਈ. ਖੇਡ ਪ੍ਰੋਮੋਟਰਾਂ ਦੇ ਲੋਕ ਵਿਖਾਵੇ ਤੇ ਡਾਲਰਾਂ/ਪੌਂਡਾਂ ਦੀ ਚਮਕ 'ਚ ਗੁਆਚੀ ਕਬੱਡੀ

ਇਸ ਵਿੱਚ ਕੋਈ ਅਤਿਕਥਨੀ ਨਹੀਂ ਕੀ ਪੈਸੇ ਬਿਨਾ ਕੋਈ ਵੀ ਕੰਮ-ਧੰਦਾ, ਕਾਰੋਬਾਰ ਜਾਂ ਖੇਡ ਮੇਲਾ ਨਹੀਂ ਚਲ ਸਕਦਾ ਤੇ ਉਸ ਦੇ ਵਸੀਲਿਆਂ ਨੂੰ ਪੂਰਾ ਕਰਨ ਲਈ ਪੈਸਾ ਬਹੁਤ ਜ਼ਰੂਰੀ ਹੈ। ਖੇਡ ਕਬੱਡੀ ਦੇ ਵਿੱਚ ਪਰਵਾਸੀ ਭਾਰਤੀਆਂ ਨੇ ਕਬੱਡੀ ਨੂੰ ਜਿੱਥੇ ਪ੍ਰੋਮੋਟ ਕੀਤਾ ਤੇ ਉਸ ਦੇ ਵਿੱਚ ਡਾਲਰਾਂ, ਪੌਂਡਾਂ ਦਾ ਮੋਟਾ ਪੈਸਾ ਲੈ ਕੇ ਆਏ ਅਤੇ ਵੱਡੇ-ਵੱਡੇ ਨਕਦ ਇਨਾਮ, ਮੋਟਰ ਸਾਈਕਲ, ਮਹਿੰਗੀਆਂ ਕਾਰਾਂ, ਟਰੈਕਟਰ, ਕੰਬਾਇਨਾਂ, ਘੋੜੇ, ਮੱਝਾਂ ਤੇ ਵਿਦੇਸ਼ਾਂ ਦੇ ਵੀਜ਼ੇ ਤੇ ਖਿਡਾਰੀਆਂ ਨੂੰ ਵਿਦੇਸ਼ 'ਚ ਪੱਕੇ ਤੌਰ 'ਤੇ ਸੈਟਲ ਕਰਨ ਦੇ ਵਿਖਾਏ ਗਏ ਸੁਪਨਿਆਂ ਨੇ ਕਬੱਡੀ ਖਿਡਾਰੀਆਂ ਨੂੰ ਕੁਝ ਪ੍ਰੋਮੋਟਰਾਂ ਤੇ ਗੈਂਗਸਟਾਰਾਂ ਦਾ ਗੁਲਾਮ ਬਣਾ ਕੇ ਰੱਖ ਦਿੱਤਾ। ਉਹ ਅੰਤਾਂ ਦਾ ਪੈਸਾ ਲੈ ਕੇ ਕਬੱਡੀ ਵਿੱਚ ਆਏ, ਪਰ ਖੇਡ ਦੀ ਰੂਹ 'ਕਾਇਦੇ ਕਾਨੂੰਨ' ਤੇ ਇਸ ਦੀ ਅਸਲੀ ਪਛਾਣ ਨੂੰ ਨਹੀਂ ਸਮਝ ਸਕੇ। ਉਨ੍ਹਾਂ ਨੇ ਕਬੱਡੀ ਫੈਡਰੇਸ਼ਨਾਂ ਅਤੇ ਪ੍ਰਬੰਧਕ ਕਮੇਟੀਆਂ 'ਤੇ ਦਬਾਅ ਪਾ ਕੇ ਖੇਡ ਕਬੱਡੀ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣ ਦੀ ਕੋਸ਼ਿਸ਼ ਕੀਤੀ ਤੇ ਉਸ ਵਿੱਚ ਕਾਫੀ ਹੱਦ ਤੱਕ ਕਾਮਯਾਬ ਵੀ ਹੋਏ। ਕਈ ਲੋਕਾਂ ਨੇ ਥੋੜ੍ਹੇ ਲਾਭ ਖਾਤਰ ਸਹੀ ਨੂੰ ਸਹੀ ਅਤੇ ਗਲਤ ਨੂੰ ਗਲਤ ਕਹਿਣਾ ਛੱਡ ਕੇ ਉਨ੍ਹਾਂ ਸਰਮਾਏਦਾਰਾਂ ਦੇ ਝੋਲੀ ਚੁੱਕ ਬਣ ਕੇ ਕਬੱਡੀ ਦਾ ਨੁਕਸਾਨ ਕੀਤਾ, ਜਿਸ ਨਾਲ ਕਬੱਡੀ ਦੀ ਅਸਲੀ ਪਛਾਣ ਨੁਕਸਾਨੀ ਹੀ ਨਹੀਂ ਗਈ, ਸਗੋਂ ਗੁਆਚਦੀ ਵੀ ਚਲੀ ਗਈ। ਇਸ ਦਾ ਸਿੱਧਾ ਅਸਰ ਪਿੰਡਾਂ, ਸ਼ਹਿਰਾਂ ਤੇ ਨਗਰਾਂ ਦੀਆਂ ਬਣੀਆਂ ਨੌਜਵਾਨ ਕਬੱਡੀ ਖੇਡ ਕਲੱਬਾਂ ਤੇ ਖੇਡ ਕਮੇਟੀਆਂ ਉਪਰ ਪਿਆ ਅਤੇ ਪਿੰਡਾਂ, ਸ਼ਹਿਰਾਂ ਤੇ ਵਿਦੇਸ਼ਾਂ ਦੀਆਂ ਕਮੇਟੀਆਂ ਧੜੇਬੰਦੀ/ਗਰੁੱਪਬੰਦੀ, ਫੋਕੇ ਅਹੰਕਾਰ ਅਤੇ ਝੂਠੇ ਲੋਕ ਦਿਖਾਵੇ ਦਾ ਸ਼ਿਕਾਰ ਬਣ ਕੇ ਰਹਿ ਗਈਆਂ। ਖੇਡ ਕਬੱਡੀ ਨੂੰ ਤਰੱਕੀ ਵਲ ਤੋਰਨ ਦੇ ਨਿਸ਼ਾਨੇ ਨੂੰ ਭੁੱਲ ਕੇ ਵੱਖੋ-ਵੱਖ ਗੁੱਟ ਬਣਾ ਕੇ ਵਿਖਾਵਾ ਕਰਨ 'ਚ ਰੁੱਝ ਗਈਆਂ ਤੇ ਆਪੋ ਆਪਣੇ ਵੱਖਰੇ ਮੈਚ ਕਰਵਾਉਣਾ, ਵੱਡੇ ਖਿਡਾਰੀਆਂ ਦੇ ਨਾਮਾਂ ਉਪਰ ਦੇਸ਼-ਵਿਦੇਸ਼ ਵਿੱਚ ਕਬੱਡੀ ਟੂਰਨਾਮੈਂਟਾਂ, ਆਪਣੇ ਪਿੰਡਾਂ ਦੇ ਨਾਮਾਂ ਵਾਲੀਆਂ, ਭਾੜੇ ਦੇ ਖਿਡਾਰੀਆਂ ਨਾਲ ਅਖੌਤੀ ਟੀਮਾਂ ਤਿਆਰ ਕਰਨ ਦਾ ਵਿਖਾਵਾ ਕਰਨਾ ਅਤੇ ਫੋਕੀ ਸ਼ੁਹਰਤ ਲਈ ਬੇਹਿਸਾਬ ਪੈਸਾ ਖਰਚ ਕਰਕੇ ਵੱਡੇ ਸ਼ੋਅ ਬਣਾਉਣ ਨਾਲ ਖੇਡ ਕਬੱਡੀ ਦੀ ਅਸਲੀ ਵਿਰਾਸਤ ਨੂੰ ਕਾਫੀ ਨੁਕਸਾਨ ਪੁੱਜਾ। ਪੰਜਾਬ ਵਿੱਚ 'ਪੰਜਾਬ ਕਬੱਡੀ ਐਸੋਸੀਏਸ਼ਨ' ਵੱਲੋਂ ਹਰ ਸਾਲ ਹੁੰਦੀ 'ਪੰਜਾਬ ਕਬੱਡੀ ਚੈਂਪੀਅਨਸ਼ਿਪ' ਵਿੱਚ ਕਬੱਡੀ ਕਾਨੂੰਨਾਂ ਤੇ ਨਿਯਮਾਂ ਦਾ ਪੂਰਾ ਖਿਆਲ ਰਖਿਆ ਜਾਂਦਾ ਹੈ। ਵਿਦੇਸ਼ਾਂ ਵਿੱਚ ਹੋ ਰਹੇ ਕਬੱਡੀ ਮੈਚਾਂ ਵਿੱਚ ਕਬੱਡੀ ਦੇ ਨਿਯਮਾਂ ਤੇ ਕਾਨੂੰਨਾਂ ਦੀ ਗਿਰਾਵਟ ਨੂੰ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਿਆ, ਜੋ ਲਾਲਚ ਤੇ ਲਾਲਸਾ ਨਾਲ ਲਗਾਤਾਰ ਵਧਦਾ ਹੀ ਚਲਿਆ ਜਾ ਰਿਹਾ ਹੈ ਅਤੇ ਵਿਦੇਸ਼ਾਂ ਵਿੱਚ ਸਾਡੀ ਕੌਮੀ ਖੇਡ ਕਬੱਡੀ ਉਸ ਦੇ ਭਾਰ ਹੇਠ ਦਬਦੀ ਹੀ ਚਲੀ ਜਾ ਰਹੀ ਹੈ।

ਪੰਜਾਬ ਕਬੱਡੀ ਐਸੋਸੀਏਸ਼ਨ ਦੇ ਮੋਢੀ ਪ੍ਰਬੰਧਕ ਬਲਬੀਰ ਸਿੰਘ ਪੁਰੇਵਾਲ ਜਲੰਧਰ, ਹਰਮੁਹਿੰਦਰ ਸਿੰਘ ਭੁੱਲਰ, ਪ੍ਰੇਮ ਪ੍ਰਕਾਸ਼ (ਪੀ.ਪੀ.) ਸਿੰਘ ਕਪੂਰਥਲਾ, ਮੁਖਤਿਆਰ ਸਿੰਘ ਜਗਤਪੁਰ, (ਮਰਹੂਮ) ਸੁਖਦੇਵ ਸਿੰਘ ਢੀਂਡਸਾ, ਸੰਗਰੂਰ ਵਾਲੇ ਸੁਰਜੀਤ ਸਿੰਘ ਮਾਨਸ਼ਾਹੀਆ ਦੇ ਸਮੇਂ ਪੰਜਾਬੀਆਂ ਦੀ ਕੌਮੀ ਖੇਡ ਕਬੱਡੀ ਸਰਕਲ ਸਟਾਇਲ ਦੀਆਂ ਦੇਸ਼-ਵਿਦੇਸ਼ ਵਿੱਚ ਧੂੰਮਾਂ ਸਨ।

### ਵਿਦੇਸ਼ੀ ਕਬੱਡੀ ਫੈਡਰੇਸ਼ਨਾਂ, ਖੇਡ ਸੰਸਥਾਵਾਂ ਤੇ ਕਬੱਡੀ ਕਲੱਬਾਂ ਨੇ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਕਬੂਲੀ

ਸੰਸਾਰ ਭਰ ਅੰਦਰ ਸੂਬੇ ਜਾਂ ਰਾਜ ਵਿੱਚ ਇੱਕੋ 'ਖੇਡ ਐਸੋਸੀਏਸ਼ਨ' ਹੁੰਦੀ ਹੈ ਜੋ ਸੂਬੇ/ਰਾਜ ਜਾਂ ਪ੍ਰੋਵਿਨਸ ਦੀ 'ਉਲੰਪਿਕ ਐਸੋਸੀਏਸ਼ਨ' ਥੱਲੇ ਕੰਮ ਕਰਦੀ ਹੈ। ਦੇਸ਼ ਵਿੱਚ ਇੱਕ ਹੀ 'ਕੌਮੀ ਖੇਡ ਫੈਡਰੇਸ਼ਨ' ਹੁੰਦੀ ਹੈ, ਜਿਵੇਂ 'ਕਬੱਡੀ ਫੈਡਰੇਸ਼ਨ ਆਫ ਇੰਡੀਆ'। ਦੁਨੀਆ ਦੇ ਹਰ ਦੇਸ਼ ਵਿੱਚ ਇੱਕ ਹੀ 'ਉਲੰਪਿਕ ਐਸੋਸੀਏਸ਼ਨ' ਹੁੰਦੀ ਹੈ, ਜਿਵੇਂ 'ਇੰਡੀਅਨ ਉਲੰਪਿਕ ਐਸੋਸੀਏਸ਼ਨ' ਜੋ ਸਾਰੇ ਮੁਲਕ ਦੀਆਂ ਵੱਖੋ-ਵੱਖ ਕੌਮੀ ਖੇਡ ਫੈਡਰੇਸ਼ਨਾਂ ਦੀ ਚੁਣੀ ਹੋਈ ਉਸ ਦੇਸ਼ ਜਾਂ ਸਰਕਾਰ ਦੀ ਮਾਨਤਾ ਪ੍ਰਾਪਤ ਸਰਕਾਰੀ ਸੰਸਥਾ ਹੁੰਦੀ ਹੈ, ਜੋ ਦੇਸ਼ ਦੀਆਂ ਕੌਮੀ ਖੇਡਾਂ ਤੇ ਸੰਸਥਾਵਾਂ ਦਾ ਕੰਮ ਕਾਜ ਦੇਖਦੀ ਹੈ। 'ਇੰਟਰਨੈਸ਼ਨਲ ਉਲੰਪਿਕ ਕਮੇਟੀ' ਸੰਸਾਰ ਪੱਧਰ ਦੀ ਇੱਕੋ ਇੱਕ ਸੰਸਥਾ ਹੈ, ਜੋ ਵਿਸ਼ਵ ਪੱਧਰ ਉਪਰ ਸਾਰੇ ਮੁਲਕਾਂ ਦੀਆਂ ਖੇਡਾਂ ਦਾ ਕੰਮ ਕਾਜ ਦੇਖਦੀ ਹੈ ਅਤੇ ਹਰ ਚਾਰ ਸਾਲ ਬਾਅਦ 'ਉਲੰਪਿਕ ਗੇਮਜ਼' ਲਈ ਚੁਣੇ ਹੋਏ ਦੇਸ਼ ਦੇ ਨਾਮਜ਼ਦ ਸ਼ਹਿਰ ਵਿੱਚ ਵਿਸ਼ਵ ਦੀਆਂ 'ਉਲੰਪਿਕ ਖੇਡਾਂ' ਦਾ ਪ੍ਰਬੰਧ ਕਰਦੀ ਹੈ। 'ਇੰਟਰਨੈਸ਼ਨਲ ਉਲੰਪਿਕ ਕਮੇਟੀ' ਵੱਲੋਂ 34ਵੀਆਂ ਉਲੰਪਿਕ ਗੇਮਜ਼ ਅਮਰੀਕਾ ਵਿੱਚ ਤੀਜੀ ਵਾਰ ਗੋਲਡਨ ਸਟੇਟ ਕੈਲੀਫੋਰਨੀਆ ਦੇ ਨਾਮੀ ਸ਼ਹਿਰ ਲਾਸ ਏਂਜਲਸ ਵਿਖੇ ਸੰਨ 2028 ਵਿੱਚ ਹੋ ਰਹੀਆਂ ਹਨ। 'ਉਲੰਪਿਕ ਕੌਂਸਲ ਆਫ ਏਸ਼ੀਆ' ਏਸ਼ੀਆ ਮਹਾਂਦੀਪ ਵਿੱਚ ਹਰ ਚਾਰ ਸਾਲ ਬਾਅਦ 'ਏਸ਼ੀਅਨ ਗੇਮਜ਼' ਕਰਵਾਉਂਦੀ ਹੈ, ਜੋ ਇਸ ਸਾਲ 2026 ਵਿੱਚ ਜਪਾਨ ਦੇ ਸ਼ਹਿਰ 'ਨਗੋਆ' ਵਿੱਚ ਹੋ ਰਹੀਆਂ ਹਨ।

ਪੰਜਾਬ ਤੇ ਵਿਦੇਸਾਂ ਵਿੱਚ ਕਈ ਅਖੌਤੀ ਤੇ ਗ਼ੈਰ-ਮਾਨਤਾ ਪ੍ਰਾਪਤ, ਆਪੇ ਬਣੀਆਂ 'ਕਬੱਡੀ ਐਸੋਸੀਏਸ਼ਨਾਂ' ਤੇ 'ਕਬੱਡੀ ਫੈਡਰੇਸ਼ਨਾਂ' ਹਨ, ਜਿਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ 'ਐਸੋਸੀਏਸ਼ਨ ਤੇ ਫੈਡਰੇਸ਼ਨ' ਵਿੱਚ ਫਰਕ ਕੀ ਹੁੰਦਾ ਹੈ? ਕਈ ਸਾਲ ਪਹਿਲਾਂ ਪੰਜਾਬ ਵਿੱਚ ਆਪੇ ਬਣਾਈ ਇੱਕ 'ਕਬੱਡੀ ਫੈਡਰੇਸ਼ਨ' ਨੇ ਮੈਨੂੰ ਪੁਕਾਰ ਲਾਈ ਕਿ ਸਾਡੀ ਕਬੱਡੀ ਫੈਡਰੇਸ਼ਨ ਦੀ ਟੀਮ ਪਾਕਿਸਤਾਨ ਖੇਡਣ ਲਈ ਲੈਜਾਈ ਜਾਵੇ, ਪਰ ਜਦੋਂ ਮੈਂ ਉਨ੍ਹਾਂ ਦੇ ਪ੍ਰਧਾਨ ਕੋਲੋਂ 'ਕਾਗਜ਼ ਪੱਤਰਾਂ' ਦੀ ਮੰਗ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ, ਆਪੇ ਬਣਾ ਲਉ। ਇਨ੍ਹਾਂ ਕਬੱਡੀ ਫੈਡਰੇਸ਼ਨਾਂ ਤੇ ਐਸੋਸੀਏਸ਼ਨਾਂ ਦੇ ਆਪੇ ਬਣੇ 'ਪ੍ਰਧਾਨਾਂ' ਤੇ 'ਸਕੱਤਰਾਂ' ਵੱਲੋਂ ਕਦੇ ਵੀ ਇੱਕ ਝੰਡੇ ਹੇਠ ਇਕੱਠੇ ਹੋ ਕੇ ਕਬੱਡੀ ਖੇਡ ਨੂੰ ਇੱਕ ਮਾਲਾ ਦੇ ਵਿੱਚ ਮਣਕੇ ਬਣ ਕੇ ਪਰੋਣ ਦੀ ਵੀ ਕੋਈ ਪਹਿਲ ਨਹੀਂ ਕੀਤੀ ਗਈ। ਆਪਣਾ 'ਧੰਦਾ' ਬਰਕਰਾਰ ਰੱਖਣ ਲਈ ਅਖੌਤੀ ਕਬੱਡੀ ਫੈਡਰੇਸ਼ਨਾਂ ਤੇ ਐਸੋਸੀਏਸ਼ਨਾਂ ਦੀ ਭੂਮਿਕਾ ਕਬੱਡੀ ਦਾ ਨੁਕਸਾਨ ਕਰਨ ਵਿੱਚ ਸਭ ਤੋਂ ਵੱਧ ਹਾਨੀਕਾਰਕ ਤੇ ਨਿਰਾਸ਼ਾਜਨਕ ਰਹੀਆਂ ਹਨ। ਉਨ੍ਹਾਂ ਨੇ ਕਦੇ ਵੀ ਕਬੱਡੀ ਦੇ ਲਿਖਤੀ ਪੱਕੇ ਤੇ ਸਾਫ-ਸੁਥਰੇ ਨਿਯਮ ਨਹੀਂ ਬਣਾਏ ਅਤੇ ਨਾ ਹੀ ਖਿਡਾਰੀਆਂ ਨੂੰ ਲਿਖਤੀ ਡੋਪ ਟੈਸਟਾਂ ਲਈ ਨੀਤੀ ਦੀ ਸਿਖਲਾਈ ਦਿੱਤੀ; ਤੇ ਨਾ ਹੀ ਉਸ ਨੂੰ ਰੋਕਣ ਲਈ ਕੋਈ ਠੋਸ ਪਹਿਲ ਕਦਮੀ ਕੀਤੀ।

ਵਿਦੇਸ਼ਾਂ ਵਿੱਚ ਕਬੱਡੀ ਦੇ ਹਰ ਟੂਰਨਾਮੈਂਟ 'ਚ ਕਦੇ ਨਿਯਮ ਕੁਝ ਹੋਰ, ਕਦੇ ਕੁਝ ਹੋਰ ਵਰਗੀ ਇਸ ਦੋਹਰੀ ਨੀਤੀ ਨੇ ਕਬੱਡੀ ਖਿਡਾਰੀਆਂ ਨੂੰ ਆਪਣੇ ਅਸਲੀ ਰਸਤੇ ਤੋਂ ਭਟਕਾ ਦਿੱਤਾ। ਬਿਨਾ ਪੂਰੀ ਜਾਣਕਾਰੀ ਦੇ ਡੋਪ ਟੈਸਟ ਲੈਣਾ ਅਤੇ ਫਿਰ ਰਿਪੋਰਟਾਂ ਨੂੰ ਖਿਡਾਰੀਆਂ, ਖੇਡ ਫੈਡਰੇਸ਼ਨਾਂ ਤੇ ਕਬੱਡੀ ਕਲੱਬਾਂ ਅੱਗੇ ਸੱਚਾਈ ਨਾ ਪੇਸ਼ ਕਰਨ ਕਰਕੇ ਇਸ ਨੇ ਕਬੱਡੀ ਤੇ ਕਬੱਡੀ ਖਿਡਾਰੀਆਂ ਦਾ ਅੰਤਾਂ ਦਾ ਨੁਕਸਾਨ ਕੀਤਾ ਹੈ (ਹੁਣ ਜ਼ਿਆਦਾਤਰ ਖੇਡ ਮੇਲਿਆਂ ਵਿੱਚ ਡੋਪ ਟੈਸਟ ਨਹੀਂ ਲਿਆ ਜਾਂਦਾ, ਕਿਉਂਕਿ ਇਹ ਪ੍ਰਕ੍ਰਿਆ ਬਹੁਤ ਮਹਿੰਗੀ ਪੈਂਦੀ ਹੈ)।

ਸੰਨ 2020 ਵਿੱਚ ਪਾਕਿਸਤਾਨ ਕਬੱਡੀ ਫੈਡਰੇਸ਼ਨ ਨੇ ਪਹਿਲੀ ਵਾਰ 'ਕਬੱਡੀ ਵਰਲਡ ਕੱਪ' ਸਰਕਾਰੀ ਤੌਰ ਤਰੀਕੇ ਨਾਲ 'ਆਪਣੀ ਮਿੱਟੀ, ਆਪਣਾ ਖੇਲ' ਦੇ 'ਮੋਦੀ ਜੁਮਲੇ' ਨਾਲ ਪੱਛਮੀ ਪੰਜਾਬ ਦੇ ਨਾਮੀ ਸ਼ਹਿਰਾਂ ਵਿੱਚ ਕਰਵਾਉਣ ਦਾ ਫੈਸਲਾ ਲਿਆ। ਭਾਰਤੀ ਪੰਜਾਬ ਦੀ ਕਬੱਡੀ ਟੀਮ ਅੰਮ੍ਰਿਤਸਰ ਤੋਂ ਅਟਾਰੀ-ਵਾਹਗਾ ਬਾਰਡਰ ਰਾਹੀਂ ਲਿਆਉਣ ਦੀ ਜ਼ਿੰਮੇਵਾਰੀ ਮੇਰੀ ਲੱਗ ਗਈ। ਮੈਂ ਰਾਤੋ ਰਾਤ ਲਾਹੌਰ ਤੋਂ ਅੰਮ੍ਰਿਤਸਰ ਸਾਹਿਬ ਆਇਆ ਤੇ ਸ਼੍ਰੋਮਣੀ ਕਮੇਟੀ ਦੇ ਦਫਤਰ ਵਿੱਚੋਂ ਦਰਬਾਰ ਸਾਹਿਬ ਮੱਥਾ ਟੇਕ ਕੇ 'ਕਬੱਡੀ ਦਾ ਕਾਫ਼ਲਾ' ਅਟਾਰੀ ਸਰਹੱਦ ਨੂੰ ਚੱਲ ਪਿਆ। ਪਾਕਿਸਤਾਨ ਦੇਸ਼ ਦੀ ਪੰਜਾਬ ਸਰਕਾਰ ਤੇ ਪਾਕਿਸਤਾਨ ਕਬੱਡੀ ਫੈਡਰੇਸ਼ਨ ਦਾ ਸਖਤ ਕਾਨੂੰਨ ਤੇ ਸਰਕਾਰੀ ਹੁਕਮ ਸੀ ਕਿ ਕਬੱਡੀ ਖਿਡਾਰੀ, ਕਿਸੇ ਵੀ ਕਿਸਮ ਦਾ ਨਸ਼ਾ ਜਾਂ ਡੋਪ ਖੇਡ ਮੈਦਾਨ ਵਿੱਚ ਜਾਂ ਪਹਿਲਾਂ ਨਹੀਂ ਕਰ ਸਕਦੇ। ਭਾਰਤੀ ਪੰਜਾਬ ਦੀ ਕਬੱਡੀ ਟੀਮ ਦੇ ਕਪਤਾਨ (ਹੁਣ ਐਮ.ਐਲ.ਏ. ਆਮ ਆਦਮੀ ਪਾਰਟੀ) ਗੁਰਲਾਲ ਘਨੌਰ ਤੇ ਮੈਨੇਜਰ ਦਵਿੰਦਰ ਸਿੰਘ ਬਾਜਵਾ-ਕੁਰਾਲੀ (ਰੋਪੜ) ਤੇ ਸਾਰੀ ਪੰਜਾਬ-ਹਰਿਆਣਾ ਦੇ ਕਬੱਡੀ ਸਰਕਲ ਸਟਾਇਲ ਦੇ ਖਿਡਾਰੀਆਂ ਦੀ ਨਾਮੀ ਕਬੱਡੀ ਟੀਮ, ਭਾਰਤੀ ਤਿਰੰਗੇ ਝੰਡੇ ਹੇਠ ਇਕੱਠੀ ਹੋਈ। 'ਭਾਰਤੀ ਕਬੱਡੀ ਟੀਮ' ਨੂੰ ਸਰਲ ਤੇ ਸਾਫ ਸ਼ਬਦਾਂ ਵਿੱਚ ਦੱਸ ਦਿੱਤਾ ਗਿਆ ਕਿ 'ਕਬੱਡੀ ਵਰਲਡ ਕੱਪ-ਪਾਕਿਸਤਾਨ 2020' ਵਿੱਚ ਕੋਈ ਵੀ ਕਬੱਡੀ ਖਿਡਾਰੀ ਕਿਸੇ ਵੀ ਕਿਸਮ ਦਾ ਨਸ਼ਾ, ਡੋਪ ਜਾਂ ਟੀਕਾ ਨਹੀਂ ਵਰਤ ਸਕੇਗਾ। ਜੇਕਰ ਕਿਸੇ ਵੀ ਖਿਡਾਰੀ ਕੋਲ ਹੈ ਤਾਂ ਉਹ ਬਾਰਡਰ ਪਾਰ ਕਰਨ ਤੋਂ ਪਹਿਲਾਂ ਹੀ ਸੁੱਟ ਦੇਵੇ।

ਅਟਾਰੀ-ਵਾਹਗਾ ਬਾਰਡਰ ਉਪਰ ਮਹਿਮਾਨ ਭਾਰਤੀ ਕਬੱਡੀ ਟੀਮ ਦਾ ਭਰਵਾਂ ਤੇ ਬਹੁਤ ਨਿੱਘਾ ਸੁਆਗਤ ਹੋਇਆ। ਪਾਕਿਸਤਾਨ ਸਰਕਾਰ ਦੀ 'ਫੈਡਰਲ ਸਿਕਿਉਰਿਟੀ' ਪੰਜਾਬ ਪੁਲਿਸ, ਪੱਛਮੀ ਪੰਜਾਬ ਦੇ ਕਬੱਡੀ ਆਫੀਸ਼ਲ ਤੇ ਮਹਿਮਾਨ ਭਾਰਤੀ ਕਬੱਡੀ ਟੀਮ ਵਾਲਾ ਕਾਰਾਂ, ਜੀਪਾਂ ਤੇ ਮਿਨੀ ਬੱਸਾਂ ਦਾ ਲੰਮਾ ਕਾਫਲਾ ਹੂਟਰ ਮਾਰਦਾ, ਲਾਲ-ਨੀਲੀਆ ਲਾਈਟਾਂ ਛੱਡਦਾ ਲਾਹੌਰ ਦੀ ਮਾਲ ਰੋਡ ਦੇ ਸ਼ਾਨਦਾਰ 'ਅਵਾਰੀ ਹੋਟਲ' ਵੱਲ ਵੱਧਣ ਲਗਾ। 'ਅਵਾਰੀ ਲਾਹੌਰ' ਪੱਛਮੀ ਪੰਜਾਬ ਦੀ ਰਾਜਧਾਨੀ ਲਾਹੌਰ ਦੀ ਮਾਲ ਰੋਡ ਉਪੱਰ ਸਥਿਤ ਬਹੁਤ ਹੀ ਸ਼ਾਨਦਾਰ 'ਫਾਈਵ ਸਟਾਰ' ਵਰਲਡ ਕਲਾਸ ਹੋਟਲ ਹੈ। 'ਕਬੱਡੀ ਵਰਲਡ ਕੱਪ-2020' ਦੇ ਸਰਕਾਰੀ ਪ੍ਰਬੰਧਕਾਂ ਵੱਲੋਂ ਹੋਟਲ ਵਿੱਚ ਦਾਖਲ ਹੋਣ ਤੋਂ ਪਹਿਲਾਂ ਹਾਈ ਅਲਰਟ 'ਸਿਕਿਉਰਿਟੀ ਸਕੈਨਰ' ਲਾਇਆ ਗਿਆ, ਜੋ ਹਰ ਤਰ੍ਹਾਂ ਦੇ ਨਾਜਾਇਜ਼ ਪਦਾਰਥਾਂ, ਅਸਲਾ, ਡਰਗਾਂ ਆਦਿ ਹੋਣ ਉਪਰ ਚੀਕਾਂ ਮਾਰਦਾ ਸੀ। ਮਿੱਤਰੋ ਤੁਸੀਂ ਸੱਚ ਜਾਣਿਉ 'ਭਾਰਤੀ ਕਬੱਡੀ ਟੀਮ' ਦੇ ਬੈਗਾਂ ਵਿੱਚੋਂ ਨਿਕਲੇ ਨਾਜਾਇਜ਼ ਸਮਾਨ ਨਾਲ ਇੱਕ ਟੋਕਰੀ ਭਰ ਗਈ ਸੀ।

### ਕੌਮਾਂਤਰੀ ਪੱਧਰ ਦੇ ਕਬੱਡੀ ਦੇ ਅੰਪਾਇਰਾਂ ਤੇ ਰੈਫਰੀਆਂ ਦੀ ਘਾਟ ਕਬੱਡੀ ਦੇ ਖੇਡ ਮੈਦਾਨਾਂ 'ਚ ਆਖਿਰ ਸਦਾ ਹੀ ਰੜਕੀ

ਪੰਜਾਬੀਆਂ ਦੀ ਕੌਮੀ ਖੇਡ 'ਸਰਕਲ ਸਟਾਇਲ ਕਬੱਡੀ' ਦੇ ਮੈਚਾਂ ਜਾਂ ਟੂਰਨਾਮੈਂਟਾਂ ਨੂੰ ਸਫਲ ਬਣਾਉਣ ਲਈ ਵਿਦੇਸ਼ਾਂ ਵਿੱਚ ਕੋਈ ਵੀ ਪੱਕੇ ਤੇ ਠੋਸ ਇਸ ਦੇ ਨਿਯਮ ਨਹੀਂ ਬਣੇ ਤੇ ਇਸ ਦੇ ਕਰਵਾਏ ਜਾਣ ਵਾਲੇ ਟੂਰਨਾਮੈਂਟਾਂ ਨੂੰ ਸਫਲ ਬਣਾਉਣ ਲਈ ਜੋ ਵਾਗਡੋਰ ਇੱਕ ਚੰਗੇ ਅੰਪਾਇਰ ਜਾਂ ਰੈਫਰੀ ਨੇ ਸਾਂਭਣੀ ਹੁੰਦੀ ਹੈ, ਉਸ ਦੇ ਵਿੱਚ ਵੀ ਬਹੁਤ ਵੱਡੀ ਘਾਟ ਵੇਖਣ ਨੂੰ ਮਿਲੀ ਹੈ। ਏਸ਼ੀਅਨ ਕਬੱਡੀ ਚੈਂਪੀਅਨਸ਼ਿਪ, ਪਾਕਿਸਤਾਨ ਕਬੱਡੀ ਫੈਡਰੇਸ਼ਨ ਤੇ ਈਰਾਨ ਕਬੱਡੀ ਫੈਡਰੇਸ਼ਨ ਦੇ ਸਾਰੇ ਕੌਮੀ ਕਬੱਡੀ ਮੈਚਾਂ ਵਿੱਚ ਕਬੱਡੀ ਦੇ ਮਾਨਤਾ ਪ੍ਰਾਪਤ ਰੈਫਰੀ ਹੀ ਕਬੱਡੀ ਦਾ ਮੈਚ ਕਰਵਾ ਸਕਦੇ ਹਨ। ਵਿਦੇਸ਼ਾਂ ਤੇ ਪੰਜਾਬ ਦੇ ਪਿੰਡਾਂ ਵਿੱਚ 'ਕਬੱਡੀ ਰੈਫਰੀ' ਜਿਨ੍ਹਾਂ ਕੋਲ ਕੋਈ ਠੋਸ ਖੇਡ ਤਜਰਬਾ ਤੇ ਕਬੱਡੀ ਸੰਸਥਾ ਜਾਂ ਸਰਕਾਰ ਦੀ ਮਾਨਤਾ ਪ੍ਰਾਪਤ ਏਜੰਸੀ ਦਾ ਮਨਜ਼ੂਰਸ਼ੁਦਾ ਸਰਟੀਫਿਕੇਟ ਵੀ ਨਹੀਂ ਹੁੰਦਾ, ਕਬੱਡੀ ਦੇ ਮੈਚ ਕਰਵਾਉਂਦੇ ਹਨ। ਇਸ ਵਿੱਚ ਨਾ ਕਾਬਿਲ ਰੈਫਰੀ ਨੂੰ ਨਿਰਪੱਖ ਫੈਸਲੇ ਦੇਣ ਵਿੱਚ ਮੁਸ਼ਕਲਾਂ ਤੇ 'ਕਬੱਡੀ ਕਬੀਲਾ ਟੋਲੇ' ਦੀ ਗੱਲ ਮੰਨਣ ਲਈ ਅਕਸਰ ਮਜਬੂਰ ਹੋਣਾ ਪੈਂਦਾ ਹੈ।

ਜਦੋਂ ਰੈਫਰੀ ਜਾਂ ਅੰਪਾਇਰ ਡਰ ਜਾਂ ਭੈਅ ਦੇ ਦਬਾਓ ਜਾਂ ਕਿਸੇ ਵੱਡੇ ਲਾਲਚ ਹੇਠ ਫੈਸਲੇ ਕਰਦਾ ਹੈ, ਤਾਂ ਚੰਗੀ ਟੀਮ ਦੇ ਖਿਡਾਰੀਆਂ ਨਾਲ ਇਨਸਾਫ਼ ਕਮਜ਼ੋਰ ਪੈ ਜਾਂਦਾ ਹੈ ਅਤੇ ਉਨ੍ਹਾਂ ਨਾਲ ਬੇਇਨਸਾਫੀ ਹੁੰਦੀ ਹੈ। ਉਨ੍ਹਾਂ ਕਬੱਡੀ ਖਿਡਾਰੀਆਂ ਨੂੰ ਖੇਡ ਮੈਦਾਨ 'ਚ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਇਸ ਨਾਲ ਲੜਾਈ-ਝਗੜੇ ਤੇ ਆਪਸੀ ਰੰਜਿਸ਼ ਵਧਦੀ ਹੈ। ਦੂਜੇ ਪਾਸੇ, ਦਰਸ਼ਕ ਵੀ ਲੜਾਈ-ਝਗੜੇ ਅਤੇ ਹੰਗਾਮੇ ਨੂੰ ਤਾਲੀਆਂ ਦੇ ਕੇ ਗਲਤ ਰੁਝਾਨ ਨੂੰ ਪ੍ਰੋਮੋਟ ਕਰਦੇ ਹਨ। ਇਸ ਨਾਲ ਸਾਫ਼-ਸੁਥਰੀ ਅਤੇ ਤਕਨੀਕੀ ਕਬੱਡੀ ਅਕਸਰ ਨਜ਼ਰਅੰਦਾਜ਼ ਹੋ ਜਾਂਦੀ ਹੈ। ਇਸ ਤਰ੍ਹਾਂ ਹੌਲੀ ਹੌਲੀ ਇਸ ਨਾਲ ਕਈ ਤਰ੍ਹਾਂ ਦੇ ਜੁਰਮਾਂ ਨੇ ਕਬੱਡੀ ਵਿੱਚ ਆਪਣੀ ਥਾਂ ਬਣਾ ਲਈ ਅਤੇ ਆਪਣੀ ਸ਼ੋਹਰਤ ਦੀ ਭੁੱਖ ਤੇ ਪੈਸੇ ਦੇ ਲਾਲਚ ਕਰਕੇ ਕਈ ਕਤਲ ਵੀ ਕਬੱਡੀ ਦੇ ਖੇਡ ਮੈਦਾਨ 'ਚ ਹੋਏ, ਜੋ ਕਿ ਇੱਕ ਅਟੱਲ ਸੱਚਾਈ ਹੈ।

### ਕਬੱਡੀ ਦੇ ਧੁੰਦਲੇ ਅਕਸ ਨੂੰ ਚਮਕਾਉਣਾ ਦੀ ਵੱਡੀ ਜ਼ਿੰਮੇਵਾਰੀ ਸਾਡੀ ਹੈ

ਪੰਜਾਬੀਓ! ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਤੇ ਅਜੇ ਵੀ ਵੇਲਾ ਹੈ, ਜੇਕਰ ਅਸੀਂ ਸਾਰੇ ਆਪੋ ਆਪਣੇ ਨਿੱਜੀ ਹਿੱਤਾਂ ਤੇ ਸਵਾਰਥਾਂ ਨੂੰ ਤਿਆਗ ਕੇ ਖੇਡ ਕਬੱਡੀ ਦੀ ਬਿਹਤਰੀ ਲਈ ਇੱਕ ਜੁੱਟ ਹੋ ਕੇ ਸਾਨੂੰ ਵਿਸ਼ਵ ਪੱਧਰ ਉਪਰ ਇੱਕ ਐਸਾ ਮੰਚ ਤਿਆਰ ਕਰਨਾ ਚਾਹੀਦਾ ਹੈ, ਜੋ ਇਸ ਦੀ ਤਰੱਕੀ ਲਈ ਯਤਨਸ਼ੀਲ ਹੋਵੇ ਅਤੇ ਇਸ ਨੂੰ ਕਿਵੇਂ ਸੰਸਾਰ ਦੀਆਂ ਸਭ ਤੋਂ ਵੱਧ ਮਾਨਤਾ ਪ੍ਰਾਪਤ ਖੇਡਾਂ 'ਉਲੰਪਿਕ ਗੇਮਜ਼' ਦੇ ਪੱਧਰ ਤੱਕ ਲੈ ਕੇ ਜਾਣਾ ਹੈ? ਇਸ ਲਈ ਅਸਲੀ ਤੇ ਠੋਸ ਰੋਡਮੈਪ ਤਿਆਰ ਕਰਕੇ ਸਮੇਂ ਦੀਆਂ ਰਾਜ ਸਰਕਾਰਾਂ, ਫੈਡਰਲ, ਕੇਂਦਰ ਸਰਕਾਰਾਂ ਤੇ ਵਿਦੇਸ਼ੀ ਸਰਕਾਰਾਂ ਨਾਲ ਰਾਬਤਾ ਕਾਇਮ ਕਰਕੇ ਆਪਣੀ ਸਾਂਝ ਮਜਬੂਤ ਕਰੇ ਤੇ ਖੇਡ ਕਬੱਡੀ ਦੇ ਲਿਖਤੀ ਪੱਕੇ ਨਿਯਮ ਬਣਾ ਕੇ ਉਨ੍ਹਾਂ ਨੂੰ ਸਾਰੇ ਵਿਸ਼ਵ ਵਿੱਚ ਲਾਗੂ ਕਰਵਾ ਕੇ ਇਸ ਦੀ ਪਹਿਲ ਕਦਮੀ ਕਰੇ। ਜੇਕਰ ਅਸੀਂ ਸਹੀ ਅਰਥਾਂ 'ਚ ਕਬੱਡੀ ਨੂੰ ਬਚਾਉਣਾ ਹੈ, ਤਾਂ ਸਾਨੂੰ ਆਪਣੇ ਸਾਰੇ ਗਿਲੇ-ਸ਼ਿਕਵੇ ਭੁੱਲ ਕੇ, ਇੱਕ-ਦੂਜੇ 'ਤੇ ਦੋਸ਼ ਲਗਾਉਣ ਦੀ ਥਾਂ ਸਭ ਨੂੰ ਨਾਲ ਮਿਲ ਕੇ ਆਪਣੀ ਬਣਦੀ ਜ਼ਿੰਮੇਵਾਰੀ ਕਬੂਲਣੀ ਪਵੇਗੀ ਤੇ ਇਸ ਲਈ ਸਾਰਿਆਂ ਦਾ ਸਹਿਯੋਗ ਕਰਨਾ ਹੋਵੇਗਾ।

ਪੰਜਾਬੀਓ! ਇਹ ਸਾਡੀ ਖੇਡ ਕਬੱਡੀ ਨੂੰ ਆਪਣੀ ਵੱਖਰੀ ਪਛਾਣ ਪੂਰੇ ਵਿਸ਼ਵ ਦੇ ਵਿੱਚ ਦੇਣ ਦੀ ਇਹ ਖੇਡ ਖੇਤਰ ਦੀ ਲੜਾਈ ਕਿਸੇ ਇੱਕ ਖਿਡਾਰੀ ਜਾਂ ਇੱਕ ਸੰਸਥਾ, ਖੇਡ ਫੈਡਰੇਸ਼ਨ ਦੇ ਖ਼ਿਲਾਫ਼ ਨਹੀਂ, ਸਗੋਂ ਸਾਰੇ ਖੇਡ ਪ੍ਰਬੰਧ ਦੇ ਸਿਸਟਮ ਦੀ ਸੁਧਾਰ ਲਈ ਇੱਕ ਬਹੁਤ ਹੀ ਵਡਮੁੱਲਾ ਕਦਮ ਹੈ। ਜਦ ਤੱਕ ਸਾਡਾ ਸਮਾਜ, ਮਾਪੇ, ਅਧਿਆਪਕ, ਖਿਡਾਰੀ, ਕੋਚ, ਅੰਪਾਇਰ, ਖੇਡ ਪ੍ਰੋਮੋਟਰ, ਟੂਰਨਾਮੈਂਟਾਂ ਦੀਆਂ ਪ੍ਰਬੰਧਕ ਕਮੇਟੀਆਂ, ਮੀਡੀਆ, ਸ਼ੋਸ਼ਲ ਮੀਡੀਆ, ਇਲੈਕਟ੍ਰਾਨਿਕ ਮੀਡੀਆ, ਕੁਮੈਂਟਰੀ ਕਲਾਕਾਰ, ਖੇਡਾਂ ਨੂੰ ਵੇਖਣ ਵਾਲੇ ਸਾਡੇ ਖੇਡ ਪ੍ਰੇਮੀ, ਦਰਸ਼ਕ ਅਤੇ ਅਖੌਤੀ ਫੈਡਰੇਸ਼ਨ ਤੇ ਫੈਡਰੇਸ਼ਨਾਂ 'ਚ ਬੈਠੇ ਅਹੁਦੇਦਾਰ ਆਪਣਾ ਬਣਦਾ ਸਹੀ ਤਰੀਕੇ ਨਾਲ ਫ਼ਰਜ਼ ਨਹੀਂ ਨਿਭਾਉਂਦੇ, ਤਦ ਤੱਕ ਖੇਡ ਕਬੱਡੀ ਵਿੱਚ ਸਹੀ ਸੁਧਾਰ ਨਹੀਂ ਹੋਵੇਗਾ ਤੇ ਅਸੀਂ ਆਪੋ ਆਪਣੀ ਡਫਲੀ ਵਜਾਉਂਦੇ ਰਹਾਂਗੇ ਅਤੇ ਅਸੀਂ ਸਭ ਖੇਡ ਕਬੱਡੀ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾਣ ਦੇ ਸਹੀ ਰਸਤੇ ਤੋਂ ਭਟਕਦੇ ਰਹਾਂਗੇ। ਸਾਡੀ ਹਰਮਨ ਪਿਆਰੀ ਕੌਮੀ ਖੇਡ ਕਬੱਡੀ 'ਮਾਂ ਮਿੱਟੀ' ਦੀ ਖੇਡ ਹੈ, ਜਿਸ ਨੇ ਸਾਨੂੰ ਪੰਜਾਬੀ ਹੋਣ ਦਾ ਮਾਣ ਬਖਸ਼ਿਆ ਹੈ ਤੇ ਸਾਡੀ ਪੂਰੇ ਵਿਸ਼ਵ 'ਚ ਇੱਕ ਵੱਖਰੀ ਪਹਿਚਾਣ ਕਾਇਮ ਕੀਤੀ ਹੈ। ਵਿਸ਼ਵ ਭਰ ਅੰਦਰ 'ਕਬੱਡੀ ਸਰਕਲ ਸਟਾਇਲ' ਇੱਕ ਅਜਿਹੀ ਨਿਰਾਲੀ ਖੇਡ ਹੈ, ਜਿਸ ਵਿੱਚ ਹਰ ਅੱਧੇ ਮਿੰਟ ਯਾਨੀ 25 ਤੋਂ 35 ਸੈਕਿੰਡ ਵਿੱਚ ਨੰਬਰ ਦਾ ਫੈਸਲਾ ਹੋ ਜਾਂਦਾ ਹੈ, ਜਦੋਂ ਕਿ ਸੰਸਾਰ ਭਰ ਦੀਆਂ ਹੋਰ ਖੇਡਾਂ ਵਿੱਚ ਹਾਰ-ਜਿੱਤ ਦਾ ਫੈਸਲਾ ਦੇਖਣ ਲਈ ਕਈ ਕਈ ਮਿੰਟਾਂ ਜਾਂ ਘੰਟੇ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਦੁਨੀਆ ਦੀ ਇੱਕੋ ਇੱਕ ਖੇਡ 'ਕਬੱਡੀ ਸਰਕਲ ਸਟਾਇਲ' ਵਿੱਚ ਐਥਲੈਟਿਕ, ਕੁਸ਼ਤੀ, ਜਿਮਨਾਸਟਿਕ, ਬੌਕਸਿੰਗ ਆਦਿ ਖੇਡਾਂ ਦੇ ਭਰਪੂਰ ਕਰਤੱਵ ਮਿਲਦੇ ਹਨ।

ਆਓ, ਸਾਰੇ ਗਿਲੇ-ਸ਼ਿਕਵੇ ਭੁੱਲ ਕੇ ਖੇਡ ਕਬੱਡੀ ਨੂੰ ਪੂਰੀ ਨੇਕ ਨੀਅਤ ਨਾਲ ਇਸ ਦੇ ਅਸਲੀ ਵਾਰਿਸ ਬਣੀਏ। 'ਖੇਡ ਕਬੱਡੀ' ਦੀ ਬਣਦੀ ਸਫਲਤਾ 'ਚ ਯੋਗਦਾਨ ਪਾ ਕੇ ਆਉਣ ਵਾਲੀਆਂ ਸਾਡੀਆਂ ਨਸਲਾਂ ਲਈ ਇੱਕ ਚੰਗਾ ਸਬਕ ਦੇ ਕੇ ਉਨ੍ਹਾਂ ਨੂੰ ਸੰਸਾਰ ਪੱਧਰ ਦੀਆਂ ਖੇਡਾਂ ਵਿੱਚ ਇਸ ਦੇ ਅਸਲੀ ਵਾਰਸ ਬਣਾ ਕੇ ਨਵਾਂ ਇਤਿਹਾਸ ਸਿਰਜੀਏ। 'ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨ' ਜੋ 'ਉਲੰਪਿਕ ਕੌਂਸਲ ਆਫ ਏਸ਼ੀਆ-ਕੁਵੈਤ' ਦੀ ਮਾਨਤਾ ਪ੍ਰਾਪਤ ਸੰਸਥਾ ਹੈ ਅਤੇ ਏਸ਼ੀਆ, ਅਰਬ ਤੇ ਅਫਰੀਕਨ ਦੇਸ਼ਾਂ ਵਿੱਚ ਖੇਡ ਕਬੱਡੀ ਦੀ ਸਾਫ-ਸੁਥਰੀ ਸਥਾਪਨਾ ਲਈ ਮਹਾਨ ਕੰਮ ਕਰ ਰਹੀ ਹੈ, ਦਾ ਤਨੋ, ਮਨੋ ਤੇ ਧਨੋ ਸਾਥ ਦੇਈਏ।

**ਕਬੱਡੀ ਜ਼ਿੰਦਾਬਾਦ!**

# ਮਾਨਸਿਕ ਬੇਚੈਨੀਆਂ ਦੇ ਰਹੀ ਪੱਛਮ ਦੀ ਨਿੱਜਤਾ ਦੀ ਨਕਲ

ਜਾਣਕਾਰੀ



ਅਸ਼ਵਨੀ ਚਤਰਥ
ਫੋਨ:+91-6284220595

ਸਾਡੇ ਸਮਾਜ ਵਿੱਚ ਪੈਦਾ ਹੋ ਰਹੀ ਨਿੱਜਤਾ ਜਾਂ ਪ੍ਰਾਈਵੇਸੀ ਦਾ ਰੁਝਾਨ ਅਸਲ ਵਿੱਚ ਪੱਛਮੀ ਸੱਭਿਆਚਾਰ ਦੀ ਹੀ ਨਕਲ ਹੈ। ਪੁਰਾਣੇ ਸਮਿਆਂ ਵਿੱਚ ਸਾਡੇ ਸਮਾਜ ਦੇ ਲੋਕ ਸਮਾਜ ਵਿੱਚ ਵਿਚਰਨਾ ਪਸੰਦ ਕਰਦੇ ਸਨ ਅਤੇ ਇੱਕ ਦੂਜੇ ਨਾਲ ਘੁਲਣਾ-ਮਿਲਣਾ ਪਸੰਦ ਕਰਦੇ ਸਨ, ਜਿਸ ਨਾਲ ਦਿਮਾਗ ਉੱਤੇ ਕਿਸੇ ਕਿਸਮ ਦਾ ਬੋਝ ਨਹੀਂ ਸੀ ਬਣਦਾ। ਅੱਜ ਹਰ ਕੋਈ ਆਪਣੀ ਵੱਖਰੀ ਅਤੇ ਇਕੱਲੀ ਜਗ੍ਹਾ ਭਾਵ ਪ੍ਰਾਈਵੇਟ ਜਗ੍ਹਾ ਮੰਗਦਾ ਹੈ, ਜਿਸ ਨੂੰ ਪ੍ਰਾਈਵੇਸੀ (Privacy) ਕਹਿ ਲਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਅੱਜ ਕੱਲ੍ਹ ਲੋਕ ਅਕਸਰ ਅਕੇਵੇਂ ਜਾਂ ਬੋਰੀਅਤ ਦੀ ਸ਼ਿਕਾਇਤ ਕਰਦੇ ਵੇਖੇ ਜਾਂਦੇ ਹਨ। ਬੋਰੀਅਤ ਜਾਂ ਅਕੇਵਾਂ (Boredom) ਆਮ ਹੀ ਮਹਿਸੂਸ ਕੀਤੀ ਜਾਣ ਵਾਲੀ ਇੱਕ ਅਜਿਹੀ ਭਾਵਨਾਤਮਿਕ ਅਵਸਥਾ ਹੈ, ਜਿਸ ਵਿੱਚ ਆਦਮੀ ਦਾ ਮੌਜੂਦਾ ਹਾਲਾਤ ਤੋਂ ਜਾਂ ਮੌਜੂਦਾ ਕੰਮ ਤੋਂ ਮਨ ਅੱਕ (Bore) ਜਾਂਦਾ ਹੈ। ਅਕੇਵਾਂ ਅਤੇ ਮਾਨਸਿਕ ਉਦਾਸੀ (Mantel Sadness) ਕਿਸੇ ਨੂੰ ਵੀ ਚੰਗੀ ਨਹੀਂ ਲੱਗਦੀ। ਫਿਰ ਵੀ ਕਦੀ ਨਾ ਕਦੀ ਹਰੇਕ ਮਨੁੱਖ ਨੂੰ ਇਸ ਅਵਸਥਾ ਵਿੱਚੋਂ ਲੰਘਣਾ ਹੀ ਪੈਂਦਾ ਹੈ। ਆਮ ਵਿਚਾਰਧਾਰਾ ਵਿੱਚ ਅਕੇਵੇਂ ਨੂੰ ਇੱਕ ਭੈੜੀ ਮਾਨਸਿਕ ਅਵਸਥਾ ਮੰਨਿਆ ਜਾਂਦਾ ਹੈ, ਕਿਉਂਕਿ ਇਸ ਅਵਸਥਾ ਵਿੱਚ ਆਦਮੀ ਦੇ ਮਨ ਅੰਦਰ ਮੌਜੂਦਾ ਕੰਮ ਨੂੰ ਕਰਨ ਦੀ ਦਿਲਚਸਪੀ ਜਾਂ ਉਤਸ਼ਾਹ ਨਹੀਂ ਰਹਿੰਦਾ। ਆਦਮੀ ਦਾ ਚਿੱਤ ਉਦਾਸੀ ਅਤੇ ਬੇਚੈਨੀ ਮਹਿਸੂਸ ਕਰਦਾ ਹੈ। ਅਜਿਹੀ ਅਵਸਥਾ ਪੈਦਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਜ਼ਿੰਦਗੀ ਵਿੱਚ ਕਿਸੇ ਪ੍ਰੇਰਨਾ ਦਾ ਨਾ ਹੋਣਾ, ਮੌਜੂਦਾ ਕੰਮ ਆਦਮੀ ਦੀ ਮਨਮਰਜ਼ੀ ਦਾ ਨਾ ਹੋਣਾ ਜਾਂ ਵਾਰ-ਵਾਰ ਇੱਕੋ ਹੀ ਕੰਮ ਨੂੰ ਕੀਤੇ ਜਾਣ ਕਾਰਨ ਪੈਦਾ ਹੋਇਆ ਅਕੇਵਾਂ ਆਦਿ।

ਵੈਸੇ ਅਜੋਕੇ ਸਮੇਂ ਦੇ ਅਕੇਵਾਂ, ਤਣਾਅ, ਚਿੜਚਿੜਾਪਣ, ਉਦਾਸੀ ਜਾਂ ਕਿਸੇ ਵੀ ਮਾਨਸਿਕ ਪ੍ਰੇਸ਼ਾਨੀ ਪੈਦਾ ਹੋਣ ਦਾ ਸਭ ਤੋਂ ਵੱਡਾ ਕਾਰਨ ਅੱਜ ਕੱਲ ਦੇ ਆਦਮੀ ਦਾ ਇਕੱਲੇ ਰਹਿਣ ਦਾ ਸੁਭਾਅ ਹੈ, ਜਿਸ ਨੂੰ ਆਧੁਨਿਕ ਭਾਸ਼ਾ ਵਿਚ ਅੱਜ ਕੱਲ 'ਪ੍ਰਾਈਵੇਸੀ' ਕਹਿ ਦਿੱਤਾ ਜਾਂਦਾ ਹੈ। ਇਸੇ ਪ੍ਰਾਈਵੇਸੀ ਨੇ ਮਾਨਸਿਕ ਤਣਾਅ, ਅਕੇਵਾਂ, ਉਦਾਸੀ ਅਤੇ ਹੋਰ ਮਾਨਸਿਕ ਪ੍ਰੇਸ਼ਾਨੀਆਂ ਪੈਦਾ ਕੀਤੀਆਂ ਹਨ। ਅਕੇਵੇਂ ਜਾਂ ਉਦਾਸੀ ਦੀ ਭਾਵਨਾ ਹਰ ਵਰਗ ਜਿਵੇਂ ਆਦਮੀਆਂ, ਔਰਤਾਂ, ਬੱਚਿਆਂ, ਅਲ੍ਹੜ ਉਮਰ ਦੇ ਨੌਜਵਾਨ ਲੜਕੇ-ਲੜਕੀਆਂ, ਵਿਆਹੇ ਅਤੇ ਕੁਆਰਿਆਂ ਆਦਿ ਸਾਰਿਆਂ ਵਿੱਚ ਵੇਖੀ ਜਾਂਦੀ ਹੈ। ਆਧੁਨਿਕ ਤਕਨਾਲੋਜੀ ਦੇ ਦੌਰ ਵਿਚ ਹਰ ਆਦਮੀ ਮੋਬਾਇਲ, ਟੀ.ਵੀ. ਅਤੇ ਕੰਪਿਊਟਰ ਆਦਿ ਨਾਲ ਗੂੰਦ ਵਾਂਗ ਚੰਬੜਿਆ ਹੋਇਆ ਹੈ। ਜਾਗਦਿਆਂ ਹੋਇਆਂ ਲੋਕਾਂ ਦਾ ਮਨ ਇਨ੍ਹਾਂ ਦੇ ਦੁਆਲੇ ਹੀ ਭਟਕਦਾ ਰਹਿੰਦਾ ਹੈ। ਇਹ ਕਹਿਣ ਵਿੱਚ ਕੋਈ ਅਤਿ-ਕਥਨੀ ਨਹੀਂ ਹੋਏਗੀ ਕਿ ਸਮਾਜ ਦਾ ਇੱਕ ਵੱਡਾ ਵਰਗ ਇਨ੍ਹਾਂ ਚੀਜ਼ਾਂ ਦਾ ਗੁਲਾਮ ਬਣ ਚੁੱਕਾ ਹੈ। ਇਨ੍ਹਾਂ ਤਕਨੀਕੀ ਸਾਧਨਾਂ ਦਾ ਨਸ਼ਾ ਲੋਕਾਂ ਦੇ ਮਨਾਂ ਨੂੰ ਚੌਵੀ ਘੰਟੇ ਆਪਣੇ ਵੱਲ ਖਿੱਚੀ ਰੱਖਦਾ ਹੈ, ਜਿਸ ਨਾਲ ਉਨ੍ਹਾਂ ਦੀ ਖਾਲੀ ਸਮੇਂ ਨੂੰ ਬਿਤਾਉਣ ਦੀ ਸਹਿਣਸ਼ੀਲਤਾ ਖ਼ਤਮ ਹੋ ਗਈ ਹੈ, ਜੋ ਕਿ ਅਕੇਵੇਂ ਦੀ ਭਾਵਨਾ ਨੂੰ ਪੈਦਾ ਕਰਨ ਲਈ ਮੋਟੇ ਤੌਰ 'ਤੇ ਜ਼ਿੰਮੇਵਾਰ ਹੈ।

ਸੋਸ਼ਲ ਮੀਡੀਏ ਨੇ ਤਾਂ ਇੱਕ ਕਦਮ ਹੋਰ ਅੱਗੇ ਜਾ ਕੇ ਇਸ ਤੋਂ ਵੀ ਜ਼ਿਆਦਾ ਭੱਠਾ ਬਿਠਾਇਆ ਹੋਇਆ ਹੈ। ਲੋਕਾਂ ਦੇ ਆਨ-ਲਾਈਨ ਤਾਂ ਸੋਸ਼ਲ ਮੀਡੀਆ ਉੱਤੇ ਹਜ਼ਾਰਾਂ ਮਿੱਤਰ ਬਣੇ ਹੁੰਦੇ ਹਨ, ਪਰ ਆਫ਼-ਲਾਈਨ ਭਾਵ ਅਸਲ ਜ਼ਿੰਦਗੀ ਵਿੱਚ ਕੋਈ ਨਜ਼ਦੀਕੀ ਮਿੱਤਰ ਨਹੀਂ ਹੁੰਦਾ। ਇਸ ਤਰ੍ਹਾਂ ਤਕਨਾਲੋਜੀ ਦੀਆਂ ਸਾਈਟਾਂ ਦੇ ਜੰਗਲ ਨੇ ਸਮਾਜ ਵਿੱਚ ਮਿੱਤਰਹੀਣਤਾ ਅਤੇ ਲੋਕਾਂ ਵਿੱਚ ਇਕਲਾਪਾ ਪੈਦਾ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਜੋ ਕਿ ਅਕੇਵੇਂ ਨੂੰ ਜਨਮ ਦਿੰਦੀ ਹੈ। ਅਕੇਵੇਂ ਨੂੰ ਭਾਵੇਂ ਕਿ ਲੋਕ ਅਕਸਰ ਇੱਕ ਮਾੜੀ ਮਾਨਸਿਕ ਅਵਸਥਾ ਜਾਂ ਮਾਯੂਸੀ ਦਾ ਦੌਰ ਹੀ ਸਮਝਦੇ ਹਨ, ਪਰ ਦੂਜੇ ਪੱਖ ਤੋਂ ਵੇਖੀਏ ਤਾਂ ਇਹ ਇੱਕ ਨਵੇਂ ਵਿਚਾਰ ਪੈਦਾ ਕਰਨ ਵਾਲੀ ਅਤੇ ਨਵੀਂ ਊਰਜਾ ਪੈਦਾ ਕਰਨ ਵਾਲੀ ਹਾਂ-ਪੱਖੀ ਅਵਸਥਾ ਵੀ ਹੋ ਸਕਦੀ ਹੈ। ਅਕੇਵੇਂ ਦੇ ਨਾਂਹ-ਪੱਖੀ ਲੱਛਣ ਜੋ ਅਕਸਰ ਵੇਖੇ ਜਾਂਦੇ ਹਨ, ਉਹ ਹਨ- ਮਾਨਸਿਕ ਨਿਰਾਸ਼ਾ, ਕਿਸੇ ਵੀ ਕੰਮ ਕਰਨ ਨੂੰ ਮਨ ਨਾ ਕਰਨਾ, ਜੇ ਕੰਮ ਕਰ ਵੀ ਰਹੇ ਹਾਂ ਤਾਂ ਕੰਮ ਨੂੰ ਪੂਰਾ ਨਾ ਕਰ ਸਕਣਾ ਜਾਂ ਕੰਮ ਨੂੰ ਵਿੱਚ ਵਿਚਾਲੇ ਹੀ ਛੱਡ ਦੇਣਾ ਆਦਿ। ਅਕੇਵੇਂ ਦੀ ਭਾਵਨਾ ਦੇ ਰਹਿੰਦਿਆਂ ਵਿਅਕਤੀ ਸਰੀਰਕ ਕਮਜ਼ੋਰੀ ਦਾ ਅਹਿਸਾਸ ਵੀ ਕਰਨ ਲੱਗਦਾ ਹੈ।

ਉਕਤ ਨਾਂਹ-ਪੱਖੀ ਪ੍ਰਭਾਵਾਂ ਤੋਂ ਇਲਾਵਾ ਅਕੇਵੇਂ ਦੇ ਕਈ ਹਾਂ-ਪੱਖੀ ਪ੍ਰਭਾਵ ਵੀ ਵੇਖੇ ਜਾਂਦੇ ਹਨ। ਜਿਵੇਂ ਕਿ ਇਹ ਆਦਮੀ ਦੇ ਦਿਮਾਗੀ ਆਰਾਮ ਦੀ ਅਵਸਥਾ ਵੀ ਹੁੰਦੀ ਹੈ, ਕਿਉਂਕਿ ਇਸ ਅਵਸਥਾ ਵਿੱਚ ਉਸ ਵਿੱਚ ਕੋਈ ਵੀ ਕੰਮ ਕਰਨ ਦਾ ਉਤਸ਼ਾਹ ਪੈਦਾ ਨਹੀਂ ਹੁੰਦਾ ਹੈ- ਭਾਵ ਦਿਮਾਗ ਆਰਾਮ ਅਵਸਥਾ ਵਿੱਚ ਹੀ ਰਹਿੰਦਾ ਹੈ। ਇਸ ਲਈ ਨਵੀਂ ਊਰਜਾ ਅਤੇ ਨਵਾਂ ਜੋਸ਼ ਹਾਸਿਲ ਕਰਨ ਦਾ ਇਹ ਇੱਕ ਢੁੱਕਵਾਂ ਮੌਕਾ ਹੁੰਦਾ ਹੈ। ਅਕੇਵੇਂ ਦੌਰਾਨ ਆਦਮੀ ਨੂੰ ਆਤਮ-ਸੰਜਮ ਕਰਕੇ ਬਦਲੇ ਹਾਲਾਤ ਦਾ ਸਾਹਮਣਾ ਕਰਨ ਦੀ ਜਾਚ ਆ ਜਾਂਦੀ ਹੈ। ਇਹ ਉਹ ਅਵਸਥਾ ਹੁੰਦੀ ਹੈ, ਜਿਸ ਵਿੱਚ ਮਨੁੱਖ ਕੁਝ ਵੀ ਨਹੀਂ ਕਰ ਰਿਹਾ ਹੁੰਦਾ। ਇਸ ਲਈ ਇਸ ਸਮੇਂ ਦੌਰਾਨ ਸਰੀਰ ਨੂੰ ਨਵੀਂ ਊਰਜਾ ਇਕੱਠੀ ਕਰਨ ਦਾ ਮੌਕਾ ਮਿਲ ਜਾਂਦਾ ਹੈ ਭਾਵ ਕਿ ਅਕੇਵੇਂ ਤੋਂ ਬਾਅਦ ਆਦਮੀ ਦਾ ਸਰੀਰ ਨਵੀਂ ਊਰਜਾ ਨਾਲ ਕੰਮ ਕਰਨ ਦੇ ਸਮਰੱਥ ਹੋ ਜਾਂਦਾ ਹੈ।

ਇਕਲਾਪੇ ਦੌਰਾਨ ਕਿਉਂਕਿ ਆਦਮੀ ਦਾ ਧਿਆਨ ਇੱਧਰ-ਉੱਧਰ ਭਟਕਦਾ ਰਹਿੰਦਾ ਹੈ, ਇਸ ਲਈ ਕਿਸੇ ਸਮੱਸਿਆ ਦੇ ਹੱਲ ਲਈ ਉਸ ਦੇ ਦਿਮਾਗ ਵਿੱਚ ਨਵੇਂ-ਨਵੇਂ ਵਿਚਾਰ ਆਉਂਦੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਆਦਮੀ ਮੁਸ਼ਕਿਲਾਂ ਦੇ ਹੱਲ ਲੱਭਣ ਲਈ ਨਵੀਆਂ-ਨਵੀਆਂ ਖੋਜਾਂ ਕਰਦਾ ਰਹਿੰਦਾ ਹੈ। ਇਸ ਲਈ ਮੁਸ਼ਕਿਲ ਤੋਂ ਮੁਸ਼ਕਿਲ ਸਮੱਸਿਆਵਾਂ ਦੇ ਹੱਲ ਜਾਣਨ ਦਾ ਇਹ ਇੱਕ ਆਦਰਸ਼ ਸਮਾਂ ਕਿਹਾ ਜਾ ਸਕਦਾ ਹੈ।



ਅਕੇਵੇਂ ਦੌਰਾਨ ਕਿਉਂਕਿ ਆਦਮੀ ਦਾ ਦਿਮਾਗ ਕਿਸੇ ਖ਼ਾਸ ਕੰਮ ਉੱਤੇ ਧਿਆਨ ਕੇਂਦਰਿਤ ਨਹੀਂ ਕਰ ਰਿਹਾ ਹੁੰਦਾ, ਇਸ ਲਈ ਇਸ ਦੌਰ ਵਿੱਚ ਆਦਮੀ ਨੂੰ ਆਤਮ-ਚਿੰਤਨ ਕਰਨ ਦਾ ਮੌਕਾ ਵੀ ਮਿਲ ਜਾਂਦਾ ਹੈ- ਭਾਵ ਮਨੁੱਖ ਆਪਣੀਆਂ ਖਾਮੀਆਂ ਅਤੇ ਊਣਤਾਈਆਂ ਬਾਰੇ ਜਾਣਨ ਲੱਗ ਜਾਂਦਾ ਹੈ। ਬੋਰੀਅਤ ਵਿਅਕਤੀ ਨੂੰ ਅਹਿਸਾਸ ਕਰਾਉਂਦੀ ਹੈ ਕਿ ਜਿਹੜਾ ਕੰਮ ਉਹ ਹੁਣ ਕਰ ਰਿਹਾ ਹੈ, ਉਹ ਉਸ ਤੋਂ ਸੰਤੁਸ਼ਟ ਨਹੀਂ ਹੈ। ਇਸ ਲਈ ਅਕੇਵਾਂ ਮਨੁੱਖ ਵਿੱਚ ਨਵੇਂ ਕੰਮ ਦੀ ਭਾਲ ਕਰਨ ਲਈ ਜੋਸ਼ ਭਰਨ ਦਾ ਕੰਮ ਵੀ ਕਰਦਾ ਹੈ। ਅਕੇਵੇਂ-ਕਾਲ ਦੌਰਾਨ ਆਦਮੀ ਦਾ ਮਨ ਘੱਟ ਤਣਾਅ ਅਤੇ ਘੱਟ ਉਤੇਜਿਤ ਸਥਿਤੀ ਵਿੱਚ ਹੁੰਦਾ ਹੈ, ਇਸ ਲਈ ਮਾਨਸਿਕ ਤਣਾਅ ਨੂੰ ਘਟਾਉਣ ਦਾ ਅਤੇ ਦਿਮਾਗੀ ਸੰਤੁਲਨ ਨੂੰ ਕਾਇਮ ਰੱਖਣ ਦਾ ਇਹ ਇੱਕ ਅਹਿਮ ਜ਼ਰੀਆ ਸਾਬਤ ਹੁੰਦਾ ਹੈ।

ਸਵੀਕਾਰਨਾ: ਅਕੇਵੇਂ ਨੂੰ ਘੱਟ ਕਰਨ ਦਾ ਹੱਲ ਇਹ ਹੈ ਕਿ ਇਸ ਨੂੰ ਸਵੀਕਾਰਦਿਆਂ ਹੋਇਆਂ ਇਹ ਮੰਨ ਲੈਣਾ ਚਾਹੀਦਾ ਹੈ ਕਿ ਅਕੇਵਾਂ ਇੱਕ ਕੁਦਰਤੀ ਵਰਤਾਰਾ ਹੈ ਅਤੇ ਕਦੀ ਵੀ ਇਸ ਨੂੰ ਕਾਹਲੀ ਵਿੱਚ ਖ਼ਤਮ ਕਰਨ ਲਈ ਦਿਮਾਗ ਉੱਤੇ ਦਬਾਅ ਨਹੀਂ ਪਾਉਣਾ ਚਾਹੀਦਾ। ਇਸ ਲਈ ਥੋੜ੍ਹੇ ਸਮੇਂ ਲਈ 'ਕੁਝ ਨਾ ਕਰੋ' ਭਾਵ ਕਿ ਵਿਹਲੇ ਬੈਠੇ ਰਹੋ। ਸਮਾਂ ਪਾ ਕੇ ਆਪਣੇ-ਆਪ ਨਵੀਂ ਸੁਰਤੀ ਆਉਂਦੀ ਹੈ ਅਤੇ ਨਵੀਆਂ ਤਰਕੀਬਾਂ ਆਉਂਦੀਆਂ ਹਨ, ਜਿਨ੍ਹਾਂ ਤੋਂ ਨਵੇਂ ਰਾਹ ਖੁੱਲ੍ਹਦੇ ਹਨ। ਹਾਂ, ਇਹ ਜ਼ਰੂਰ ਹੈ ਕਿ ਜੇ ਅਸੀਂ ਚਾਹੁੰਦੇ ਹਾਂ ਕਿ ਜ਼ਿੰਦਗੀ 'ਚ ਅਕੇਵਾਂ ਆਵੇ ਹੀ ਨਾ, ਤਾਂ ਇਸ ਤੋਂ ਬਚਣ ਲਈ ਆਦਮੀ ਨੂੰ ਆਪਣੇ ਜੀਵਨ ਵਿੱਚ ਨਵੇਂ ਸ਼ੌਕ ਪੈਦਾ ਕਰਨੇ ਚਾਹੀਦੇ ਹਨ, ਨਵੀਆਂ ਗਤੀਵਿਧੀਆਂ ਵਿੱਚ ਭਾਗ ਲੈਣਾ ਚਾਹੀਦਾ ਹੈ ਅਤੇ ਨਵੇਂ ਵਾਤਾਵਰਨ ਵਿੱਚ ਜਾ ਕੇ ਆਪਣੇ ਮਨ ਨੂੰ ਤਰੋ-ਤਾਜ਼ਾ ਕਰਨਾ ਚਾਹੀਦਾ ਹੈ। ਇਸ ਨਾਲ ਸਰੀਰ ਅੰਦਰ ਨਵੀਂ ਊਰਜਾ ਪੈਦਾ ਹੁੰਦੀ ਹੈ ਅਤੇ ਕੰਮ ਕਰਨ ਲਈ ਮਨ ਵਿੱਚ ਉਤਸ਼ਾਹ ਪੈਦਾ ਹੁੰਦਾ ਹੈ।

ਕ੍ਰਿਸ਼ਨ ਪ੍ਰਤਾਪ ਸਿੰਘ
ਸੀਨੀਅਰ ਪੱਤਰਕਾਰ

# ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਦੀ ਲਗਾਤਾਰ ਕਦਰ-ਘਟਾਈ: ਲੋਕਤੰਤਰ ਲਈ ਚਿੰਤਾਜਨਕ ਸੰਕੇਤ

ਭਾਰਤ ਦੇ ਲੋਕਤੰਤਰ ਵਿੱਚ ਵਿਰੋਧੀ ਧਿਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਮੰਨੀ ਜਾਂਦੀ ਹੈ। ਇਹ ਸਿਰਫ਼ ਸਰਕਾਰ ਦੀ ਆਲੋਚਨਾ ਕਰਨ ਵਾਲੀ ਤਾਕਤ ਨਹੀਂ ਹੁੰਦੀ, ਸਗੋਂ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਵਾਲਾ ਇੱਕ ਮਜ਼ਬੂਤ ਸਤੰਭ ਵੀ ਹੁੰਦੀ ਹੈ। ਮਸ਼ਹੂਰ ਰਾਜਨੀਤਿਕ ਵਿਚਾਰਕ ਹੈਰਾਲਡ ਲਾਸਕੀ ਦਾ ਮੰਨਣਾ ਸੀ ਕਿ ਕਿਸੇ ਵੀ ਲੋਕਤੰਤਰ ਦੀ ਸਫਲਤਾ ਵਿਰੋਧੀ ਧਿਰ ਤੋਂ ਬਿਨਾ ਸੰਭਵ ਨਹੀਂ। ਉਹ ਕਹਿੰਦੇ ਸਨ ਕਿ ਵਿਰੋਧੀ ਧਿਰ ਸਰਕਾਰ ਨੂੰ ਜ਼ਿੰਮੇਵਾਰ ਬਣਾਉਂਦੀ ਹੈ ਅਤੇ ਉਸ ਨੂੰ ਤਾਨਾਸ਼ਾਹੀ ਵੱਲ ਜਾਣ ਤੋਂ ਰੋਕਦੀ ਹੈ। ਲਾਸਕੀ ਅਨੁਸਾਰ, ਜੇ ਵਿਰੋਧੀ ਧਿਰ ਨਾ ਹੋਵੇ ਤਾਂ ਸੱਤਾ ਬੇਕਾਬੂ ਹੋ ਸਕਦੀ ਹੈ। ਵਿਰੋਧੀ ਧਿਰ ਸਰਕਾਰ ਦੀਆਂ ਨੀਤੀਆਂ ਦੀ ਸਮੀਖਿਆ ਕਰਦੀ ਹੈ, ਗ਼ਲਤੀਆਂ ਨੂੰ ਸਾਹਮਣੇ ਲਿਆਉਂਦੀ ਹੈ ਅਤੇ ਲੋਕਾਂ ਨੂੰ ਵੱਖਰਾ ਦ੍ਰਿਸ਼ਟੀਕੋਣ ਦਿੰਦੀ ਹੈ। ਇਸ ਨਾਲ ਲੋਕਾਂ ਵਿੱਚ ਰਾਜਨੀਤਿਕ ਚੌਕਸੀ ਵੀ ਵਧਦੀ ਹੈ।

**ਮੌਜੂਦਾ ਹਾਲਾਤ ਤੇ ਸਵਾਲ:** ਅੱਜ ਦੇ ਭਾਰਤ ਵਿੱਚ ਸਵਾਲ ਉੱਠ ਰਹੇ ਹਨ ਕਿ ਕੀ ਵਿਰੋਧੀ ਧਿਰ ਨੂੰ ਉਸਦੀ ਯੋਗ ਜਗ੍ਹਾ ਮਿਲ ਰਹੀ ਹੈ? ਖ਼ਾਸ ਕਰ ਕੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਨਾਲ ਹੋ ਰਿਹਾ ਵਤੀਰਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦੋਸ਼ ਲਗ ਰਹੇ ਹਨ ਕਿ ਮੌਜੂਦਾ ਸਰਕਾਰ ਵਿਰੋਧੀ ਧਿਰ ਨੂੰ ਸਾਥੀ ਦੀ ਬਜਾਏ ਵਿਰੋਧੀ ਜਾਂ ਦੁਸ਼ਮਣ ਵਜੋਂ ਦੇਖਦੀ ਹੈ। ਇਸ ਕਰ ਕੇ ਉਸ ਦੇ ਸਵਾਲਾਂ ਨੂੰ ਗੰਭੀਰਤਾ ਨਾਲ ਸੁਣਨ ਦੀ ਥਾਂ ਉਨ੍ਹਾਂ ਨੂੰ ਅਣਡਿੱਠਾ ਕੀਤਾ ਜਾਂਦਾ ਹੈ ਜਾਂ ਉਲਟਾ ਉਸ 'ਤੇ ਹੀ ਨਿਸ਼ਾਨਾ ਸਾਧਿਆ ਜਾਂਦਾ ਹੈ।

**ਵਿਰੋਧੀ ਧਿਰ ਦੇ ਆਗੂ ਨਾਲ ਵਰਤਾਓ:** ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਦਾ ਦਰਜਾ ਕੈਬਨਿਟ ਮੰਤਰੀ ਦੇ ਬਰਾਬਰ ਹੁੰਦਾ ਹੈ। ਇਸ ਅਹੁਦੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਰਕਾਰ ਨੂੰ ਜਵਾਬਦੇਹ ਬਣਾਏ ਅਤੇ ਲੋਕਾਂ ਦੇ ਮੁੱਦੇ ਉਠਾਏ। ਪਰ ਪਿਛਲੇ ਕੁੱਝ ਸਾਲਾਂ ਤੋਂ ਇਹ ਵੇਖਿਆ ਗਿਆ ਹੈ ਕਿ ਜਦੋਂ ਵਿਰੋਧੀ ਧਿਰ ਦਾ ਆਗੂ ਸਵਾਲ ਪੁੱਛਦਾ ਹੈ, ਤਾਂ ਉਸ ਦਾ ਸਿੱਧਾ ਜਵਾਬ ਦੇਣ ਦੀ ਥਾਂ ਉਸ ਦੀ ਨਿੰਦਿਆ ਕੀਤੀ ਜਾਂਦੀ ਹੈ ਜਾਂ ਉਸ ਦਾ ਮਜ਼ਾਕ ਬਣਾਇਆ ਜਾਂਦਾ ਹੈ। ਕਈ ਵਾਰ ਉਨ੍ਹਾਂ ਨੂੰ ਬੋਲਣ ਤੋਂ ਵੀ ਰੋਕਿਆ ਜਾਂਦਾ ਹੈ।

ਇਹ ਹਾਲਾਤ ਲੋਕਤੰਤਰਕ ਰਵਾਇਤਾਂ ਦੇ ਖ਼ਿਲਾਫ਼ ਮੰਨੇ ਜਾ ਰਹੇ ਹਨ। ਲੋਕਤੰਤਰ ਵਿੱਚ ਵਿਚਾਰਾਂ ਦਾ ਟਕਰਾਅ ਸਧਾਰਨ ਗੱਲ ਹੈ, ਪਰ ਨਿੱਜੀ ਹਮਲੇ ਜਾਂ ਅਪਮਾਨ ਇਸ ਦੀ ਸਿਹਤਮੰਦ ਪ੍ਰਕਿਰਿਆ ਨੂੰ ਕਮਜ਼ੋਰ ਕਰਦੇ ਹਨ।

**ਜਵਾਬਦੇਹੀ ਤੋਂ ਕਿਨਾਰਾ:** ਲੋਕਤੰਤਰ ਵਿੱਚ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੇ ਫ਼ੈਸਲਿਆਂ ਅਤੇ ਕਾਰਜਾਂ ਲਈ ਜਵਾਬ ਦੇਵੇ। ਪਰ ਜਦੋਂ ਵਿਰੋਧੀ ਧਿਰ ਦੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਜਾਂਦਾ, ਤਾਂ ਇਹ ਜਵਾਬਦੇਹੀ ਕਮਜ਼ੋਰ ਹੋ ਜਾਂਦੀ ਹੈ।

ਕਈ ਮਹੱਤਵਪੂਰਨ ਮੁੱਦਿਆਂ- ਜਿਵੇਂ ਆਰਥਿਕ ਨੀਤੀਆਂ, ਬੇਰੁਜ਼ਗਾਰੀ, ਵਿਦੇਸ਼ ਨੀਤੀ ਅਤੇ ਸੰਸਥਾਵਾਂ ਦੀ ਦੁਰਵਰਤੋਂ 'ਤੇ ਪੁੱਛੇ ਗਏ ਸਵਾਲਾਂ ਦੇ ਸਪਸ਼ਟ ਜਵਾਬ ਨਹੀਂ ਮਿਲੇ। ਇਸ ਨਾਲ ਇਹ ਧਾਰਨਾ ਬਣਦੀ ਹੈ ਕਿ ਸਰਕਾਰ ਗੰਭੀਰ ਚਰਚਾ ਤੋਂ ਕਤਰਾਉਂਦੀ ਹੈ।

ਸੰਸਦੀ ਪਰੰਪਰਾਵਾਂ 'ਤੇ ਅਸਰ: ਭਾਰਤ ਦੀ ਸੰਸਦੀ ਪਰੰਪਰਾ ਵਿੱਚ ਇਹ ਰਿਵਾਜ ਰਿਹਾ ਹੈ ਕਿ ਸਰਕਾਰ ਅਤੇ ਵਿਰੋਧੀ ਧਿਰ ਦੋਵੇਂ ਇੱਕ-ਦੂਜੇ ਦਾ ਸਤਿਕਾਰ ਕਰਦੇ ਹਨ। ਭਾਵੇਂ ਵਿਚਾਰਾਂ ਵਿੱਚ ਵੱਡਾ ਅੰਤਰ ਹੋਵੇ, ਪਰ ਸੰਵਾਦ ਦਾ ਦਰਵਾਜ਼ਾ ਖੁੱਲ੍ਹਾ ਰਹਿੰਦਾ ਹੈ। ਪਿਛਲੇ ਸਮਿਆਂ ਵਿੱਚ ਵੀ ਤਿੱਖੀਆਂ ਬਹਿਸਾਂ ਹੁੰਦੀਆਂ ਰਹੀਆਂ ਹਨ, ਪਰ ਇਸ ਤਰ੍ਹਾਂ ਦੀ ਤੀਖਣਤਾ ਘੱਟ ਹੀ ਵੇਖੀ ਗਈ ਹੈ, ਜਿੱਥੇ ਵਿਰੋਧੀ ਧਿਰ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਜਾਵੇ ਜਾਂ ਉਸ ਦੀ ਆਵਾਜ਼ ਦਬਾਈ ਜਾਵੇ।

**ਵਿਰੋਧੀ ਧਿਰ ਦੀ ਭੂਮਿਕਾ ਕਿਉਂ ਜ਼ਰੂਰੀ ਹੈ?:** ਵਿਰੋਧੀ ਧਿਰ ਸਰਕਾਰ ਦੀਆਂ ਗ਼ਲਤੀਆਂ ਨੂੰ ਉਜਾਗਰ ਕਰਦੀ ਹੈ; ਨੀਤੀਆਂ 'ਤੇ ਸੰਤੁਲਿਤ ਚਰਚਾ ਕਰਵਾਉਂਦੀ ਹੈ; ਲੋਕਾਂ ਦੇ ਮੁੱਦੇ ਸੰਸਦ ਤੱਕ ਲਿਆਉਂਦੀ ਹੈ ਅਤੇ ਲੋਕਤੰਤਰ ਵਿੱਚ ਤਾਕਤ ਦਾ ਸੰਤੁਲਨ ਬਣਾਈ ਰੱਖਦੀ ਹੈ। ਜੇ ਇਹ ਭੂਮਿਕਾ ਕਮਜ਼ੋਰ ਹੋ ਜਾਵੇ, ਤਾਂ ਲੋਕਤੰਤਰ ਵੀ ਕਮਜ਼ੋਰ ਹੋ ਜਾਂਦਾ ਹੈ।

**ਅੰਤਰਰਾਸ਼ਟਰੀ ਤਜਰਬਾ ਕੀ ਕਹਿੰਦਾ ਹੈ?:**
ਦੁਨੀਆ ਦੇ ਕਈ ਪੱਕੇ ਲੋਕਤੰਤਰਾਂ ਵਿੱਚ ਵਿਰੋਧੀ ਧਿਰ ਨੂੰ ਬਹੁਤ ਇੱਜ਼ਤ ਨਾਲ ਦੇਖਿਆ ਜਾਂਦਾ ਹੈ। ਉੱਥੇ 'ਵਫ਼ਾਦਾਰ ਵਿਰੋਧ' (loyal opposition) ਦਾ ਸੰਕਲਪ ਮੰਨਿਆ ਜਾਂਦਾ ਹੈ, ਜਿਸ ਦਾ ਅਰਥ ਹੈ ਕਿ ਵਿਰੋਧੀ ਧਿਰ ਸਰਕਾਰ ਦੀ ਆਲੋਚਨਾ ਕਰਦੀ ਹੈ, ਪਰ ਦੇਸ਼ ਦੇ ਹਿੱਤਾਂ ਨਾਲ ਵਫ਼ਾਦਾਰ ਰਹਿੰਦੀ ਹੈ।

ਬਰਤਾਨੀਆ ਵਰਗੇ ਦੇਸ਼ਾਂ ਵਿੱਚ ਵਿਰੋਧੀ ਧਿਰ ਦੇ ਆਗੂ ਨੂੰ ਵਿਸ਼ੇਸ਼ ਦਰਜਾ ਮਿਲਦਾ ਹੈ ਅਤੇ ਉਹ ਸਰਕਾਰ ਦੇ ਹਰ ਮਹੱਤਵਪੂਰਨ ਫ਼ੈਸਲੇ 'ਤੇ ਆਪਣੀ ਰਾਇ ਰੱਖਦਾ ਹੈ। ਇਸ ਨਾਲ ਫ਼ੈਸਲਾ ਪ੍ਰਕਿਰਿਆ ਹੋਰ ਪਾਰਦਰਸ਼ੀ ਅਤੇ ਸੰਤੁਲਿਤ ਬਣਦੀ ਹੈ। ਭਾਰਤ 'ਚ ਵੀ ਇਹੀ ਪ੍ਰਣਾਲੀ ਅਪਣਾਈ ਗਈ ਸੀ, ਪਰ ਅੱਜ ਦੇ ਹਾਲਾਤ ਇਸ ਤੋਂ ਵੱਖਰੇ ਦਿਸ ਰਹੇ ਹਨ।




**ਮੀਡੀਆ ਅਤੇ ਜਨਮਤ ਦੀ ਭੂਮਿਕਾ:** ਇਸ ਮਾਮਲੇ ਵਿੱਚ ਮੀਡੀਆ ਅਤੇ ਜਨਮਤ ਦੀ ਭੂਮਿਕਾ ਵੀ ਮਹੱਤਵਪੂਰਨ ਹੈ। ਜੇ ਮੀਡੀਆ ਸਿਰਫ਼ ਇੱਕ ਪੱਖ ਨੂੰ ਹੀ ਦਿਖਾਏ ਅਤੇ ਦੂਜੇ ਪੱਖ ਦੀ ਆਵਾਜ਼ ਨੂੰ ਜਗ੍ਹਾ ਨਾ ਦੇਵੇ, ਤਾਂ ਲੋਕਾਂ ਤੱਕ ਪੂਰੀ ਤਸਵੀਰ ਨਹੀਂ ਪਹੁੰਚਦੀ। ਲੋਕਤੰਤਰ ਵਿੱਚ ਜਨਤਾ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਜੇ ਲੋਕ ਸੁਚੇਤ ਰਹਿਣ ਅਤੇ ਸਵਾਲ ਪੁੱਛਣ, ਤਾਂ ਹੀ ਪ੍ਰਣਾਲੀ ਸਹੀ ਤਰੀਕੇ ਨਾਲ ਕੰਮ ਕਰਦੀ ਹੈ।

ਅੱਜ ਦੇ ਨੌਜਵਾਨਾਂ ਲਈ ਇਹ ਸਮਾਂ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੂੰ ਸਮਝਣਾ ਪਵੇਗਾ ਕਿ ਲੋਕਤੰਤਰ ਸਿਰਫ਼ ਵੋਟ ਪਾਉਣ ਤੱਕ ਸੀਮਿਤ ਨਹੀਂ ਹੁੰਦਾ। ਇਹ ਲਗਾਤਾਰ ਸੁਚੇਤ ਰਹਿਣ ਅਤੇ ਪ੍ਰਸ਼ਨ ਕਰਨ ਦੀ ਪ੍ਰਕਿਰਿਆ ਹੈ। ਜੇ ਨੌਜਵਾਨ ਰਾਜਨੀਤੀ ਤੋਂ ਦੂਰ ਰਹਿੰਦੇ ਹਨ, ਤਾਂ ਫ਼ੈਸਲੇ ਉਨ੍ਹਾਂ ਦੇ ਬਿਨਾ ਹੀ ਹੋਣਗੇ। ਇਸ ਲਈ ਜ਼ਰੂਰੀ ਹੈ ਕਿ ਉਹ ਜਾਣਕਾਰੀ ਪ੍ਰਾਪਤ ਕਰਨ, ਚਰਚਾ ਵਿੱਚ ਹਿੱਸਾ ਲੈਣ ਅਤੇ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਰਹਿਣ।

**ਅੱਗੋਂ ਦਾ ਰਾਹ:** ਸੰਵਿਧਾਨਕ ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰ ਅਤੇ ਵਿਰੋਧੀ ਧਿਰ ਦੋਹਾਂ ਨੂੰ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਲੋਚਨਾ ਨੂੰ ਸਵੀਕਾਰ ਕਰੇ ਅਤੇ ਉਸ ਦਾ ਤਰਕਸੰਗਤ ਜਵਾਬ ਦੇਵੇ। ਵਿਰੋਧੀ ਧਿਰ ਨੂੰ ਵੀ ਰਚਨਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਸੰਵਾਦ, ਸਹਿਯੋਗ ਅਤੇ ਆਪਸੀ ਸਤਿਕਾਰ- ਇਹ ਤਿੰਨ ਤੱਤ ਹੀ ਲੋਕਤੰਤਰ ਨੂੰ ਮਜ਼ਬੂਤ ਬਣਾਉਂਦੇ ਹਨ। ਇਸ ਦੇ ਨਾਲ ਹੀ ਸੰਸਦ ਵਿੱਚ ਨਿਯਮਾਂ ਦੀ ਪਾਲਣਾ, ਬਹਿਸ ਲਈ ਯੋਗ ਸਮਾਂ ਅਤੇ ਹਰ ਪੱਖ ਨੂੰ ਬਰਾਬਰ ਮੌਕਾ ਦੇਣਾ ਵੀ ਜ਼ਰੂਰੀ ਹੈ। ਜੇ ਇਹ ਗੱਲਾਂ ਯਕੀਨੀ ਬਣਾਈਆਂ ਜਾਣ, ਤਾਂ ਕਈ ਸਮੱਸਿਆਵਾਂ ਆਪਣੇ ਆਪ ਹੱਲ ਹੋ ਸਕਦੀਆਂ ਹਨ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਦੀ ਘਟਦੀ ਇੱਜ਼ਤ ਸਿਰਫ਼ ਇੱਕ ਵਿਅਕਤੀ ਦਾ ਮਾਮਲਾ ਨਹੀਂ, ਸਗੋਂ ਲੋਕਤੰਤਰ ਦੀ ਸਿਹਤ ਨਾਲ ਜੁੜਿਆ ਮੁੱਦਾ ਹੈ। ਜੇ ਵਿਰੋਧੀ ਧਿਰ ਨੂੰ ਆਪਣੀ ਭੂਮਿਕਾ ਨਿਭਾਉਣ ਦਾ ਮੌਕਾ ਨਹੀਂ ਮਿਲਦਾ, ਤਾਂ ਇਸਦਾ ਨੁਕਸਾਨ ਆਖ਼ਿਰਕਾਰ ਦੇਸ਼ ਦੇ ਲੋਕਾਂ ਨੂੰ ਹੀ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਸੰਸਦ ਵਿੱਚ ਸਿਹਤਮੰਦ ਚਰਚਾ ਦਾ ਮਾਹੌਲ ਬਣੇ, ਜਿੱਥੇ ਹਰ ਆਵਾਜ਼ ਨੂੰ ਸੁਣਿਆ ਜਾਵੇ ਤੇ ਹਰ ਸਵਾਲ ਦਾ ਜਵਾਬ ਮਿਲੇ। ਇਹੀ ਇੱਕ ਮਜ਼ਬੂਤ ਅਤੇ ਜੀਵੰਤ ਲੋਕਤੰਤਰ ਦੀ ਨਿਸ਼ਾਨੀ ਹੈ।

ਇਤਿਹਾਸਕ ਪੈੜਾਂ



ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330

## ਮੁਗਲ ਰਿਕਾਰਡਾਂ, ਫ਼ਾਰਸੀ ਇਤਿਹਾਸ, ਬ੍ਰਿਟਿਸ਼ ਪੁਰਾਲੇਖਾਂ ਅਤੇ ਵਿਦਵਤਾਪੂਰਨ ਇਤਿਹਾਸ ਵਿੱਚ

# ਸਿੱਖ ਬਹਾਦਰੀ ਦੇ ਬਿਰਤਾਂਤ

***ਪੰਦਰਵੀਂ ਸਦੀ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਸਿੱਖਾਂ ਦਾ ਇਤਿਹਾਸ ਸ਼ਕਤੀਸ਼ਾਲੀ ਸਾਮਰਾਜਾਂ ਦੇ ਵਿਰੁੱਧ ਹਿੰਮਤ, ਕੁਰਬਾਨੀ ਅਤੇ ਵਿਰੋਧ ਦੇ ਬਿਰਤਾਂਤਾਂ ਨਾਲ ਭਰਿਆ ਹੋਇਆ ਹੈ...।**

ਗੁਰੂ ਨਾਨਕ ਦੇਵ ਜੀ ਦੇ ਸਮੇਂ (1469-1539) ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਅਧੀਨ ਖਾਲਸੇ ਦੇ ਉਭਾਰ ਅਤੇ ਬਾਅਦ ਵਿੱਚ ਮੁਗਲ ਤੇ ਅਫਗਾਨ ਸ਼ਾਸਕਾਂ ਦੇ ਵਿਰੁੱਧ ਸਿੱਖ ਸੰਘਰਸ਼ਾਂ ਤੱਕ, ਸਿੱਖ ਦੀ ਬਹਾਦਰੀ ਨੂੰ ਅਕਸਰ ਉਨ੍ਹਾਂ ਦੇ ਦੁਸ਼ਮਣਾਂ ਵੱਲੋਂ ਵੀ ਸਵੀਕਾਰ ਕੀਤਾ ਗਿਆ ਹੈ। ਇਤਿਹਾਸਕਾਰ ਅਕਸਰ ਇਸ ਵਰਤਾਰੇ ਨੂੰ 'ਦੁਸ਼ਮਣ ਦੁਆਰਾ ਪ੍ਰਸ਼ੰਸਾ' ਵਜੋਂ ਦਰਸਾਉਂਦੇ ਹਨ, ਜਿੱਥੇ ਵਿਰੋਧੀਆਂ ਨੇ ਖੁਦ ਸਿੱਖ ਯੋਧਿਆਂ ਦੀ ਹਿੰਮਤ, ਅਨੁਸ਼ਾਸਨ ਅਤੇ ਸੰਘਰਸ਼ਸ਼ੀਲ ਦੀ ਪ੍ਰਸ਼ੰਸਾ ਦਰਜ ਕੀਤੀ।

ਅਠਾਰਵੀਂ ਸਦੀ ਦੌਰਾਨ ਸਿੱਖ ਯੋਧਿਆਂ ਨੇ ਮੁਗਲ ਸਾਮਰਾਜ ਅਤੇ ਅਹਿਮਦ ਸ਼ਾਹ ਦੁਰਾਨੀ ਦੇ ਵਾਰ-ਵਾਰ ਹਮਲਿਆਂ ਦਾ ਵਿਰੋਧ ਕੀਤਾ। ਬਾਅਦ ਵਿੱਚ 19ਵੀਂ ਸਦੀ ਵਿੱਚ ਸਿੱਖ ਖਾਲਸਾ ਫੌਜ ਨੇ ਐਂਗਲੋ-ਸਿੱਖ ਯੁੱਧਾਂ ਵਿੱਚ ਅੰਗਰੇਜ਼ਾਂ ਦਾ ਸਾਹਮਣਾ ਕੀਤਾ। ਇਨ੍ਹਾਂ ਵਿੱਚੋਂ ਹਰੇਕ ਦੌਰ ਵਿੱਚ ਮੁਗਲ ਇਤਿਹਾਸਕਾਰ, ਫਾਰਸੀ ਇਤਿਹਾਸਕਾਰ, ਅਫਗਾਨੀ ਲੇਖਕ, ਬ੍ਰਿਟਿਸ਼ ਅਫਸਰ ਅਤੇ ਆਧੁਨਿਕ ਵਿਦਵਾਨ ਸਿੱਖਾਂ ਦੀ ਬਹਾਦਰੀ ਦਾ ਵਰਣਨ ਕਰਨ ਵਾਲੇ ਪ੍ਰਭਾਵਸ਼ਾਲੀ ਬਿਆਨ ਛੱਡ ਗਏ। ਇਹ ਟਿੱਪਣੀਆਂ ਇਸ ਗੱਲ ਦਾ ਕੀਮਤੀ ਇਤਿਹਾਸਕ ਸਬੂਤ ਹਨ ਕਿ ਸਮਕਾਲੀ ਅਤੇ ਬਾਅਦ ਦੇ ਨਿਰੀਖਕਾਂ ਦੁਆਰਾ ਸਿੱਖ ਹਿੰਮਤ ਨੂੰ ਕਿਵੇਂ ਸਮਝਿਆ ਜਾਂਦਾ ਸੀ।

ਹਥਲਾ ਲੇਖ ਮੁਗਲ ਰਿਕਾਰਡਾਂ, ਫ਼ਾਰਸੀ ਇਤਿਹਾਸਕਾਰਾਂ, ਬ੍ਰਿਟਿਸ਼ ਪੁਰਾਲੇਖਾਂ ਅਤੇ ਵਿਦਵਤਾਪੂਰਨ ਇਤਿਹਾਸਾਂ ਤੋਂ ਲਏ ਗਏ ਕੁਝ ਪ੍ਰਮਾਣਿਕ 'ਬਿਆਨਾਂ ਦਾ ਇੱਕ ਸ਼ਕਤੀਸ਼ਾਲੀ ਸੰਗ੍ਰਹਿ' ਪੇਸ਼ ਕਰਦਾ ਹੈ, ਜੋ ਦਰਸਾਉਂਦੇ ਹਨ ਕਿ ਸਿੱਖ ਬਹਾਦਰੀ ਨੂੰ ਕਿੰਨੀ ਵਿਆਪਕ ਤੌਰ 'ਤੇ ਮਾਨਤਾ ਦਿੱਤੀ ਗਈ ਸੀ।

### ਮੁਗਲ ਰਿਕਾਰਡਾਂ ਵਿੱਚ ਪ੍ਰਸ਼ੰਸਾ

ਮੁਗਲ ਸਾਮਰਾਜ ਸ਼ੁਰੂ ਵਿੱਚ ਸਿੱਖਾਂ ਨੂੰ ਇੱਕ ਅਧਿਆਤਮਿਕ ਭਾਈਚਾਰੇ ਵਜੋਂ ਦੇਖਦਾ ਸੀ, ਪਰ ਸਤਾਰ੍ਹਵੀਂ ਸਦੀ ਦੇ ਅਖੀਰ ਤੱਕ ਉਹ ਜ਼ੁਲਮ ਦਾ ਵਿਰੋਧ ਕਰਨ ਲਈ ਦ੍ਰਿੜ ਇੱਕ ਫੌਜੀ ਸ਼ਕਤੀ ਬਣ ਗਏ ਸਨ। ਮੁਗਲ ਲੇਖਕਾਂ ਅਤੇ ਪ੍ਰਸ਼ਾਸਕਾਂ ਨੇ ਸਿੱਖ ਹਿੰਮਤ ਲਈ ਡਰ ਤੇ ਪ੍ਰਸ਼ੰਸਾ-ਦੋਵੇਂ ਦਰਜ ਕੀਤੇ।

**1.** ਅਠਾਰਵੀਂ ਸਦੀ ਦੀ ਇੱਕ ਮੁਗਲ ਪ੍ਰਸ਼ਾਸਕੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ "ਸਿੱਖ ਅਜਿਹੇ ਲੋਕ ਹਨ, ਜੋ ਮੌਤ ਤੋਂ ਨਹੀਂ ਡਰਦੇ।"

**2.** ਇੱਕ ਹੋਰ ਮੁਗਲ ਇਤਿਹਾਸਕਾਰ ਨੇ ਸਿੱਖ ਯੋਧਿਆਂ ਦੀ ਦ੍ਰਿੜਤਾ ਨੂੰ ਨੋਟ ਕੀਤਾ: "ਹਾਰ ਜਾਣ 'ਤੇ ਵੀ ਉਹ ਦੁਬਾਰਾ ਇਕੱਠੇ ਹੁੰਦੇ ਹਨ ਅਤੇ ਸੰਘਰਸ਼ ਜਾਰੀ ਰੱਖਦੇ ਹਨ।"

**3.** ਸਿੱਖ ਯੋਧਿਆਂ ਦਾ ਵਰਣਨ ਕਰਨ ਵਾਲੀ ਫ਼ਾਰਸੀ ਭਾਸ਼ਾ ਦੀ ਇੱਕ ਮੁਗਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ "ਸਿੱਖਾਂ ਵਿੱਚੋਂ ਥੋੜ੍ਹੀ ਜਿਹੀ ਗਿਣਤੀ ਬਹੁਤ ਵੱਡੀ ਫੌਜ ਨਾਲ ਲੜ ਸਕਦੀ ਹੈ।"

**4.** ਇੱਕ ਦਰਬਾਰੀ ਇਤਿਹਾਸਕਾਰ ਨੇ ਲਿਖਿਆ: "ਸਿੱਖ ਇੱਕ ਅਜਿਹੀ ਭਾਵਨਾ ਨਾਲ ਲੜਦੇ ਹਨ, ਜਿਸ ਨਾਲ ਉਨ੍ਹਾਂ ਨੂੰ ਕਾਬੂ ਕਰਨਾ ਮੁਸ਼ਕਲ ਹੋ ਜਾਂਦਾ ਹੈ।"

**5.** ਸਿੱਖ ਵਿਦਰੋਹਾਂ ਦੌਰਾਨ ਇੱਕ ਮੁਗਲ ਅਫ਼ਸਰ ਨੇ ਰਿਪੋਰਟ ਦਿੱਤੀ: "ਲੜਾਈ ਵਿੱਚ ਉਨ੍ਹਾਂ (ਸਿੱਖਾਂ) ਦੀ ਹਿੰਮਤ ਕਮਾਲ ਦੀ ਹੈ।"

**6.** ਇੱਕ ਹੋਰ ਨਿਰੀਖਕ ਨੇ ਟਿੱਪਣੀ ਕੀਤੀ ਕਿ "ਉਹ (ਸਿੱਖ) ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ ਅਤੇ ਫਿਰ ਵੀ ਵਿਰੋਧ ਕਰਦੇ ਰਹਿੰਦੇ ਹਨ।"

**7.** ਸਿੱਖ ਲੜਾਕਿਆਂ ਬਾਰੇ ਚਰਚਾ ਕਰਨ ਵਾਲੇ ਇੱਕ ਮੁਗਲ ਦਸਤਾਵੇਜ਼ ਨੇ ਐਲਾਨ ਕੀਤਾ ਕਿ "ਇਹ ਲੋਕ ਕਦੇ ਵੀ ਜੰਗ ਦੇ ਮੈਦਾਨ ਨੂੰ ਆਸਾਨੀ ਨਾਲ ਨਹੀਂ ਛੱਡਦੇ।"

**8.** ਪੰਜਾਬ ਵਿੱਚ ਸੰਘਰਸ਼ਾਂ ਦੇ ਇੱਕ ਫਾਰਸੀ ਰਿਕਾਰਡ ਨੇ ਸਿੱਖਾਂ ਨੂੰ "ਨਿਰਭਉ ਅਤੇ ਦ੍ਰਿੜ ਯੋਧੇ" ਵਜੋਂ ਦਰਸਾਇਆ।

ਇਹ ਬਿਆਨ ਦਰਸਾਉਂਦੇ ਹਨ ਕਿ ਮੁਗਲ ਅਧਿਕਾਰੀਆਂ ਨੇ ਸਿੱਖ ਲੜਾਕਿਆਂ ਦੀ ਅਸਾਧਾਰਨ ਦ੍ਰਿੜਤਾ ਨੂੰ ਪਛਾਣਿਆ। ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੌਰਾਨ ਵਾਰ-ਵਾਰ ਅੱਤਿਆਚਾਰਾਂ ਦੇ ਬਾਵਜੂਦ, ਸਿੱਖ ਮੁੜ ਸੰਗਠਿਤ ਹੁੰਦੇ ਰਹੇ ਅਤੇ ਵਿਰੋਧ ਕਰਦੇ ਰਹੇ। ਮੁਗਲ ਰਿਕਾਰਡਾਂ ਵਿੱਚ ਅਕਸਰ ਨਿਰਾਸ਼ਾ ਅਤੇ ਸਤਿਕਾਰ ਦੇ ਮਿਸ਼ਰਣ ਨਾਲ ਉਨ੍ਹਾਂ ਦੀ ਦ੍ਰਿੜਤਾ ਦਾ ਵਰਣਨ ਕੀਤਾ ਜਾਂਦਾ ਹੈ।

### ਫ਼ਾਰਸੀ ਇਤਿਹਾਸ ਵਿੱਚ ਪ੍ਰਸ਼ੰਸਾ

ਸਿੱਖ ਬਹਾਦਰੀ ਲਈ ਕੁਝ ਸਭ ਤੋਂ ਮਸ਼ਹੂਰ ਪ੍ਰਸ਼ੰਸਾਵਾਂ ਭਾਰਤ ਦੇ ਅਫਗਾਨ ਹਮਲਿਆਂ ਦੌਰਾਨ ਲਿਖੀਆਂ ਗਈਆਂ ਫ਼ਾਰਸੀ ਇਤਿਹਾਸਾਂ ਵਿੱਚ ਦਿਖਾਈ ਦਿੰਦੀਆਂ ਹਨ। ਇਹ ਲੇਖਕ ਅਕਸਰ ਅਫਗਾਨ ਫੌਜਾਂ ਦੇ ਨਾਲ ਲੜਦੇ ਸਨ ਅਤੇ ਇਸ ਲਈ ਸਿੱਧੇ ਤੌਰ 'ਤੇ ਸਿੱਖ ਵਿਰੋਧ ਨੂੰ ਦੇਖਦੇ ਸਨ।

ਸਭ ਤੋਂ ਮਸ਼ਹੂਰ ਸਰੋਤ ਜੰਗਨਾਮਾ ਹੈ, ਜੋ ਕਿ ਅਠਾਰ੍ਹਵੀਂ ਸਦੀ ਵਿੱਚ ਫਾਰਸੀ ਵਿਦਵਾਨ ਕਾਜ਼ੀ ਨੂਰ ਮੁਹੰਮਦ ਦੁਆਰਾ ਲਿਖਿਆ ਗਿਆ ਸੀ। ਇੱਕ ਸਭ ਤੋਂ ਵੱਧ ਚਰਚਿਤ ਹਵਾਲੇ ਵਿੱਚ ਉਸਨੇ ਲਿਖਿਆ: "ਸਿੱਖਾਂ ਨੂੰ ਸਿਰਫ ਤੇ ਸਿਰਫ ਸ਼ੇਰ ਕਹੋ, ਉਹ ਸ਼ੇਰ ਹਨ ਅਤੇ ਜੰਗ ਦੇ ਮੈਦਾਨ ਵਿੱਚ ਸ਼ੇਰਾਂ ਵਾਂਗ ਬਹਾਦਰੀ ਦਰਸਾਉਂਦੇ ਹਨ।" ਇੱਕ ਹੋਰ ਹਵਾਲੇ ਵਿੱਚ ਉਸਨੇ ਕਿਹਾ: "ਕਿਸੇ ਵੀ ਲੜਾਈ ਵਿੱਚ ਸਿੱਖਾਂ ਨੇ ਦੁਸ਼ਮਣ ਨੂੰ ਆਪਣੀ ਪਿੱਠ ਨਹੀਂ ਦਿਖਾਈ।"

ਸਿੱਖਾਂ ਦੀ ਲੜਾਈ ਦੀ ਯੋਗਤਾ ਦਾ ਵਰਣਨ ਕਰਦੇ ਹੋਏ ਉਸਨੇ ਲਿਖਿਆ: "ਜੇ ਤੁਸੀਂ ਜੰਗ ਦੀ ਕਲਾ ਸਿੱਖਣਾ ਚਾਹੁੰਦੇ ਹੋ, ਤਾਂ ਸਿੱਖਾਂ ਨੂੰ ਲੜਦੇ ਹੋਏ ਦੇਖੋ।" ਉਸਨੇ ਉਨ੍ਹਾਂ ਦੇ ਅਨੁਸ਼ਾਸਨ ਦਾ ਵੀ ਜ਼ਿਕਰ ਕੀਤਾ: "ਉਹ ਬਹੁਤ ਹਿੰਮਤ ਨਾਲ ਲੜਦੇ ਹਨ ਅਤੇ ਜੰਗ ਦੇ ਮੈਦਾਨ ਤੋਂ ਨਹੀਂ ਭੱਜਦੇ।" ਇੱਕ ਹੋਰ ਫਾਰਸੀ ਲੇਖਕ ਨੇ ਸਿੱਖਾਂ ਦੀ ਹਿੰਮਤ ਦਾ ਵਰਣਨ ਇਹ ਕਹਿ ਕੇ ਕੀਤਾ: "ਯੁੱਧ ਵਿੱਚ ਉਨ੍ਹਾਂ ਦੀ ਬਹਾਦਰੀ ਵਰਣਨ ਤੋਂ ਪਰੇ ਹੈ।"



ਅਫਗਾਨ ਫੌਜਾਂ ਦੇ ਨਾਲ ਇੱਕ ਇਤਿਹਾਸਕਾਰ ਨੇ ਰਿਕਾਰਡ ਕੀਤਾ: "ਉਹ ਸ਼ੇਰਾਂ ਵਾਂਗ ਹਮਲਾ ਕਰਦੇ ਹਨ ਅਤੇ ਅੰਤ ਤੱਕ ਲੜਦੇ ਹਨ।" ਇੱਕ ਫ਼ਾਰਸੀ ਇਤਿਹਾਸਕਾਰ ਨੇ ਲਿਖਿਆ: "ਸਿੱਖ ਯੋਧੇ ਲੜਾਈ ਵਿੱਚ ਨਿਡਰ ਅਤੇ ਦ੍ਰਿੜ ਹੁੰਦੇ ਹਨ।" ਇੱਕ ਹੋਰ ਨੇ ਟਿੱਪਣੀ ਕੀਤੀ: "ਉਹ ਦੁੱਖ ਝੱਲਦੇ ਹਨ, ਪਰ ਆਪਣੇ ਉਦੇਸ਼ ਨੂੰ ਨਹੀਂ ਤਿਆਗਦੇ।" ਸਿੱਖ ਵਿਰੋਧ ਦੇ ਇੱਕ ਫ਼ਾਰਸੀ ਬਿਰਤਾਂਤ ਵਿੱਚ ਕਿਹਾ ਗਿਆ ਹੈ: "ਸਿੱਖ ਭਾਰੀ ਗਿਣਤੀ ਦੇ ਵਿਰੁੱਧ ਵੀ ਅਸਾਧਾਰਨ ਬਹਾਦਰੀ ਨਾਲ ਲੜਦੇ ਹਨ।"

ਇਹ ਫ਼ਾਰਸੀ ਗਵਾਹੀਆਂ ਵਿਸ਼ੇਸ਼ ਤੌਰ 'ਤੇ ਅਹਿਮ ਹਨ, ਕਿਉਂਕਿ ਇਹ ਉਨ੍ਹਾਂ ਲੇਖਕਾਂ ਤੋਂ ਆਈਆਂ ਹਨ, ਜੋ ਅਕਸਰ ਸਿੱਖਾਂ ਵਿਰੁੱਧ ਲੜਨ ਵਾਲੀਆਂ ਫੌਜਾਂ ਦਾ ਹਿੱਸਾ ਸਨ। ਇਸ ਲਈ ਉਨ੍ਹਾਂ ਦੇ ਵਰਣਨ, ਵਿਰੋਧੀਆਂ ਵੱਲੋਂ ਸੱਚੀ ਪ੍ਰਸ਼ੰਸਾ ਨੂੰ ਦਰਸਾਉਂਦੇ ਹਨ, ਜਿਨ੍ਹਾਂ ਨੇ ਸਿੱਖ ਹਿੰਮਤ ਨੂੰ ਖੁਦ ਦੇਖਿਆ ਸੀ।

### ਅਫ਼ਗਾਨ ਵਿਰੋਧੀਆਂ ਵੱਲੋਂ ਪ੍ਰਸ਼ੰਸਾ

ਅਠਾਰਵੀਂ ਸਦੀ ਦੌਰਾਨ ਅਫ਼ਗਾਨ ਸ਼ਾਸਕ ਅਹਿਮਦ ਸ਼ਾਹ ਦੁਰਾਨੀ ਨੇ ਭਾਰਤ ਉੱਤੇ ਕਈ ਵਾਰ ਹਮਲਾ ਕੀਤਾ ਅਤੇ ਪੰਜਾਬ ਵਿੱਚ ਸਿੱਖ ਵਿਰੋਧ ਦਾ ਵਾਰ-ਵਾਰ ਸਾਹਮਣਾ ਕੀਤਾ। ਅਫ਼ਗਾਨ ਸਰੋਤਾਂ ਦੇ ਹਵਾਲੇ ਨਾਲ ਇੱਕ ਬਿਆਨ ਵਿੱਚ ਕਿਹਾ ਗਿਆ ਹੈ: "ਸਿੱਖ ਆਮ ਆਦਮੀ ਨਹੀਂ ਹਨ; ਉਹ ਨਿਡਰ ਹਿੰਮਤ ਨਾਲ ਲੜਦੇ ਹਨ।" ਇੱਕ ਹੋਰ ਅਫ਼ਗਾਨ ਨਿਰੀਖਕ ਨੇ ਟਿੱਪਣੀ ਕੀਤੀ ਕਿ ਉਹ ਹਰ ਹਾਰ ਤੋਂ ਬਾਅਦ ਦੁਬਾਰਾ ਉੱਠਦੇ ਹਨ।

ਅਫ਼ਗਾਨ ਰਿਕਾਰਡਾਂ ਨੇ ਸਿੱਖਾਂ ਦੀ ਦ੍ਰਿੜਤਾ ਦਾ ਵਰਣਨ ਕੀਤਾ: "ਭਾਵੇਂ ਉਨ੍ਹਾਂ (ਸਿੱਖਾਂ) 'ਤੇ ਕਿੰਨੀ ਵਾਰ ਹਮਲਾ ਕੀਤਾ ਜਾਵੇ, ਉਹ ਮਜਬੂਤੀ ਨਾਲ ਵਾਪਸ ਆਉਂਦੇ ਹਨ।" ਇੱਕ ਅਫ਼ਗਾਨ ਕਮਾਂਡਰ ਨੇ ਟਿੱਪਣੀ ਕੀਤੀ: "ਉਹ ਸ਼ੇਰਾਂ ਵਾਂਗ ਲੜਦੇ ਹਨ ਅਤੇ ਕਦੇ ਵੀ ਆਸਾਨੀ ਨਾਲ ਆਤਮ ਸਮਰਪਣ ਨਹੀਂ ਕਰਦੇ।" ਇੱਕ ਹੋਰ ਨੇ ਲਿਖਿਆ ਕਿ ਲੜਾਈ ਵਿੱਚ ਉਨ੍ਹਾਂ ਦਾ ਦ੍ਰਿੜ ਇਰਾਦਾ ਕਮਾਲ ਦਾ ਹੈ।

ਅਫ਼ਗਾਨ ਨਿਰੀਖਕਾਂ ਨੇ ਅਕਸਰ ਸਿੱਖ ਲੜਾਕਿਆਂ ਦੀ ਗਤੀਸ਼ੀਲਤਾ ਨੂੰ ਨੋਟ ਕੀਤਾ: "ਉਹ ਅਚਾਨਕ ਹਮਲਾ ਕਰਦੇ ਹਨ ਅਤੇ ਅਲੋਪ ਹੋ ਜਾਂਦੇ ਹਨ- ਸਿਰਫ਼ ਦੁਬਾਰਾ ਵਾਪਸ ਆਉਣ ਲਈ।" ਇੱਕ ਇਤਿਹਾਸਕਾਰ ਨੇ ਕਿਹਾ ਕਿ ਉਹ ਆਮ ਸਿਪਾਹੀਆਂ ਤੋਂ ਪਰੇ ਹਿੰਮਤ ਦਿਖਾਉਂਦੇ ਹਨ।

ਇਹ ਬਿਰਤਾਂਤ ਦਰਸਾਉਂਦੇ ਹਨ ਕਿ ਅਫਗਾਨ ਹਮਲਾਵਰ ਸਿੱਖਾਂ ਨੂੰ ਸ਼ਕਤੀਸ਼ਾਲੀ ਵਿਰੋਧੀ ਸਮਝਦੇ ਸਨ, ਜਿਨ੍ਹਾਂ ਨੂੰ ਆਸਾਨੀ ਨਾਲ ਕਾਬੂ ਨਹੀਂ ਕੀਤਾ ਜਾ ਸਕਦਾ ਸੀ। ਉਨ੍ਹਾਂ ਦੀਆਂ ਗੁਰੀਲਾ ਰਣਨੀਤੀਆਂ, ਗਤੀਸ਼ੀਲਤਾ ਅਤੇ ਮਜਬੂਤ ਮਨੋਬਲ ਨੇ ਉਨ੍ਹਾਂ ਨੂੰ ਸ਼ਕਤੀਸ਼ਾਲੀ ਅਫਗਾਨ ਫੌਜਾਂ ਦੇ ਵਾਰ-ਵਾਰ ਹਮਲਿਆਂ ਦੇ ਬਾਵਜੂਦ ਬਚਣ ਦੀ ਆਗਿਆ ਦਿੱਤੀ।

### ਬ੍ਰਿਟਿਸ਼ ਫੌਜੀ ਪੁਰਾਲੇਖਾਂ ਵਿੱਚ ਪ੍ਰਸ਼ੰਸਾ

ਉਨੀਵੀਂ ਸਦੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਸਿੱਖ ਸਾਮਰਾਜ ਉੱਤਰੀ ਭਾਰਤ ਦੇ ਸਭ ਤੋਂ ਸ਼ਕਤੀਸ਼ਾਲੀ ਰਾਜਾਂ ਵਿੱਚੋਂ ਇੱਕ ਬਣ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖ ਖਾਲਸਾ ਫੌਜ ਨਾਲ ਦੋ ਵੱਡੇ ਟਕਰਾਅ ਕੀਤੇ। ਇਨ੍ਹਾਂ ਜੰਗਾਂ ਵਿੱਚ ਵਿਰੋਧੀ ਹੋਣ ਦੇ ਬਾਵਜੂਦ ਬ੍ਰਿਟਿਸ਼ ਅਫ਼ਸਰਾਂ ਨੇ ਸਿੱਖ ਸੈਨਿਕਾਂ ਦੀ ਹਿੰਮਤ ਅਤੇ ਅਨੁਸ਼ਾਸਨ ਦੀ ਅਕਸਰ ਪ੍ਰਸ਼ੰਸਾ ਕੀਤੀ।

ਪਹਿਲੀ ਐਂਗਲੋ-ਸਿੱਖ ਜੰਗ ਦੌਰਾਨ ਇੱਕ ਬ੍ਰਿਟਿਸ਼ ਰਿਪੋਰਟ ਵਿੱਚ ਕਿਹਾ ਗਿਆ ਸੀ: "ਸਿੱਖ ਫੌਜ ਨੇ ਅਜਿਹੀ ਹਿੰਮਤ ਨਾਲ ਲੜਾਈ ਕੀਤੀ, ਜਿਸਦੀ ਤੁਲਨਾ ਬਹੁਤ ਘੱਟ ਹੁੰਦੀ ਹੈ।" ਇੱਕ ਹੋਰ ਬ੍ਰਿਟਿਸ਼ ਅਫਸਰ ਨੇ ਲਿਖਿਆ ਕਿ ਸਿੱਖ ਸੈਨਿਕਾਂ ਨੇ ਬਹੁਤ ਬਹਾਦਰੀ ਦਿਖਾਈ।

ਫਿਰੋਜ਼ਸ਼ਾਹ ਦੀ ਲੜਾਈ ਤੋਂ ਬਾਅਦ ਇੱਕ ਬ੍ਰਿਟਿਸ਼ ਬਿਰਤਾਂਤ ਨੇ ਦੇਖਿਆ: "ਉਹ ਦ੍ਰਿੜਤਾ ਨਾਲ ਲੜੇ ਅਤੇ ਆਤਮ ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ।" ਚਿਲੀਆਂਵਾਲਾ ਦੀ ਲੜਾਈ ਤੋਂ ਬਾਅਦ ਇੱਕ ਬ੍ਰਿਟਿਸ਼ ਅਫ਼ਸਰ ਨੇ ਮੰਨਿਆ ਕਿ ਅਸੀਂ ਕਦੇ ਵੀ ਇੰਨੇ ਦ੍ਰਿੜ ਲੜਾਕਿਆਂ ਦਾ ਸਾਹਮਣਾ ਨਹੀਂ ਕੀਤਾ। ਇੱਕ ਫੌਜੀ ਰਿਪੋਰਟ ਵਿੱਚ ਟਿੱਪਣੀ ਕੀਤੀ ਗਈ ਕਿ ਸਿੱਖ ਤੋਪਖਾਨੇ ਨੇ ਬਹੁਤ ਹਿੰਮਤ ਨਾਲ ਲੜਾਈ ਕੀਤੀ।

ਇੱਕ ਹੋਰ ਅਫ਼ਸਰ ਨੇ ਲਿਖਿਆ ਕਿ ਉਨ੍ਹਾਂ ਦੇ ਅਨੁਸ਼ਾਸਨ ਅਤੇ ਬਹਾਦਰੀ ਨੇ ਉਨ੍ਹਾਂ ਨੂੰ ਭਿਆਨਕ ਵਿਰੋਧੀ ਬਣਾ ਦਿੱਤਾ। ਸਿੱਖ ਵਿਰੋਧ ਦਾ ਵਰਣਨ ਕਰਨ ਵਾਲੇ ਇੱਕ ਬ੍ਰਿਟਿਸ਼ ਸਿਪਾਹੀ ਨੇ ਕਿਹਾ ਕਿ ਉਹ (ਸਿੱਖ) ਆਖਰੀ ਆਦਮੀ ਤੱਕ ਲੜੇ। ਇੱਕ ਅਫ਼ਸਰ ਨੇ ਦੇਖਿਆ: "ਸਿੱਖ ਪੈਦਲ ਸੈਨਾ ਭਾਰੀ ਗੋਲੀਬਾਰੀ ਵਿੱਚ ਨਿਡਰਤਾ ਨਾਲ ਅੱਗੇ ਵਧੀ।" ਇੱਕ ਬ੍ਰਿਟਿਸ਼ ਇਤਿਹਾਸਕਾਰ ਨੇ ਬਾਅਦ ਵਿੱਚ ਸਿੱਟਾ ਕੱਢਿਆ ਕਿ ਸਿੱਖ ਫ਼ੌਜ ਏਸ਼ੀਆ ਦੀਆਂ ਸਭ ਤੋਂ ਬਹਾਦਰ ਫ਼ੌਜਾਂ ਵਿੱਚੋਂ ਇੱਕ ਸੀ।

ਇਹ ਬਿਆਨ ਅੰਗਰੇਜ਼ਾਂ ਦੁਆਰਾ ਸਿੱਖ ਖਾਲਸਾ ਫੌਜ ਲਈ ਬਣਾਏ ਗਏ ਸਤਿਕਾਰ ਨੂੰ ਦਰਸਾਉਂਦੇ ਹਨ। ਸਿੱਖਾਂ ਨੂੰ ਹਰਾਉਣ ਤੋਂ ਬਾਅਦ ਵੀ ਬ੍ਰਿਟਿਸ਼ ਕਮਾਂਡਰ ਉਨ੍ਹਾਂ ਦੀ ਹਿੰਮਤ ਦੀ ਪ੍ਰਸ਼ੰਸਾ ਕਰਦੇ ਰਹੇ ਅਤੇ ਬਾਅਦ ਵਿੱਚ ਬਹੁਤ ਸਾਰੇ ਸਿੱਖਾਂ ਨੂੰ ਬ੍ਰਿਟਿਸ਼ ਭਾਰਤੀ ਫੌਜ ਵਿੱਚ ਭਰਤੀ ਕੀਤਾ।

### ਆਧੁਨਿਕ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੁਆਰਾ ਪ੍ਰਸ਼ੰਸਾ

ਆਧੁਨਿਕ ਇਤਿਹਾਸਕਾਰਾਂ ਨੇ ਵੀ ਇਤਿਹਾਸ ਦੌਰਾਨ ਸਿੱਖ ਲੜਾਕਿਆਂ ਦੁਆਰਾ ਦਿਖਾਈ ਗਈ ਬਹਾਦਰੀ ਨੂੰ ਸਵੀਕਾਰ ਕੀਤਾ ਹੈ। ਇਹ ਵਿਦਵਾਨ ਅਕਸਰ ਉੱਪਰ ਦੱਸੇ ਗਏ ਮੁਗਲ, ਫਾਰਸੀ ਅਤੇ ਬ੍ਰਿਟਿਸ਼ ਰਿਕਾਰਡਾਂ 'ਤੇ ਆਪਣੇ ਸਿੱਟੇ ਆਧਾਰਿਤ ਕਰਦੇ ਹਨ।

**ਇਤਿਹਾਸਕਾਰ ਖੁਸ਼ਵੰਤ ਸਿੰਘ ਨੇ ਲਿਖਿਆ:** "ਸਿੱਖਾਂ ਨੇ ਆਪਣੇ ਆਪ ਨੂੰ ਸਭ ਤੋਂ ਬਹਾਦਰ ਸਿਪਾਹੀਆਂ ਵਿੱਚੋਂ ਇੱਕ ਸਾਬਤ ਕੀਤਾ ਹੈ।" ਵਿਦਵਾਨ ਡਬਲਯੂ.ਐਚ. ਮੈਕਲਿਓਡ ਨੇ ਕਿਹਾ ਕਿ ਸਿੱਖਾਂ ਦੀ ਜੰਗੀ ਪਰੰਪਰਾ ਸਦੀਆਂ ਦੇ ਸੰਘਰਸ਼ ਅਤੇ ਵਿਰੋਧ ਤੋਂ ਵਿਕਸਤ ਹੋਈ। ਇਤਿਹਾਸਕਾਰ ਹਰੀ ਰਾਮ ਗੁਪਤਾ ਨੇ ਲਿਖਿਆ: "ਅਠਾਰਵੀਂ ਸਦੀ ਵਿੱਚ ਸਿੱਖਾਂ ਦੀ ਹਿੰਮਤ ਭਾਰਤੀ ਇਤਿਹਾਸ ਦੇ ਸਭ ਤੋਂ ਸ਼ਾਨਦਾਰ ਅਧਿਆਇਆਂ (ਕਾਂਡਾਂ) ਵਿੱਚੋਂ ਇੱਕ ਹੈ।" ਬ੍ਰਿਟਿਸ਼ ਇਤਿਹਾਸਕਾਰ ਵਿਲੀਅਮ ਡੈਲਰਿੰਪਲ ਨੇ ਕਿਹਾ ਕਿ ਸਿੱਖ ਸਿਪਾਹੀਆਂ ਨੇ ਬਹਾਦਰੀ ਲਈ ਮਹਾਨ ਨਾਮਣਾ ਖੱਟਿਆ।

**ਵਿਦਵਾਨ ਪਤਵੰਤ ਸਿੰਘ ਨੇ ਲਿਖਿਆ:** "ਸਿੱਖਾਂ ਨੇ ਆਪਣੇ ਆਪ ਨੂੰ ਸਭ ਤੋਂ ਸ਼ਕਤੀਸ਼ਾਲੀ ਫੌਜੀ ਭਾਈਚਾਰਿਆਂ ਵਿੱਚੋਂ ਇੱਕ ਵਿੱਚ ਬਦਲ ਦਿੱਤਾ।" ਇੱਕ ਹੋਰ ਇਤਿਹਾਸਕਾਰ ਨੇ ਸਿੱਟਾ ਕੱਢਿਆ: "ਜ਼ੁਲਮ ਦੇ ਸਾਹਮਣੇ ਬਹੁਤ ਘੱਟ ਭਾਈਚਾਰਿਆਂ ਨੇ ਅਜਿਹੀ ਲਚਕਤਾ ਦਿਖਾਈ ਹੈ।" ਇੱਕ ਆਧੁਨਿਕ ਫੌਜੀ ਅਧਿਐਨ ਨੇ ਸਿੱਖ ਬਹਾਦਰੀ ਦਾ ਸਾਰ ਇਸ ਬਿਆਨ ਨਾਲ ਦਿੱਤਾ: "ਉਨ੍ਹਾਂ ਦੀ ਹਿੰਮਤ ਅਤੇ ਕੁਰਬਾਨੀ ਨੇ ਦੋਸਤਾਂ ਅਤੇ ਦੁਸ਼ਮਣਾਂ-ਦੋਵਾਂ ਤੋਂ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ।"

**ਸਿੱਟਾ:** ਦੁਸ਼ਮਣਾਂ ਅਤੇ ਇਤਿਹਾਸਕਾਰਾਂ ਦੁਆਰਾ ਸਿੱਖ ਬਹਾਦਰੀ ਦੀ ਮਾਨਤਾ ਸਿੱਖ ਇਤਿਹਾਸ ਦੀ ਇੱਕ ਸ਼ਾਨਦਾਰ ਵਿਸ਼ੇਸ਼ਤਾ ਹੈ। ਮੁਗਲ ਰਿਕਾਰਡਾਂ ਨੇ ਸਿੱਖ ਲੜਾਕਿਆਂ ਦੇ ਦ੍ਰਿੜ ਇਰਾਦੇ ਨੂੰ ਸਵੀਕਾਰ ਕੀਤਾ, ਜਿਨ੍ਹਾਂ ਨੇ ਅੱਤਿਆਚਾਰ ਦੇ ਬਾਵਜੂਦ ਆਤਮ ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ। ਫ਼ਾਰਸੀ ਇਤਿਹਾਸਕਾਰਾਂ ਜਿਵੇਂ ਕਿ ਕਾਜ਼ੀ ਨੂਰ ਮੁਹੰਮਦ ਨੇ ਸਿੱਖਾਂ ਦੀ ਹਿੰਮਤ ਦੀ ਪ੍ਰਸ਼ੰਸਾ ਕੀਤੀ ਅਤੇ ਮਸ਼ਹੂਰ ਤੌਰ 'ਤੇ ਉਨ੍ਹਾਂ ਦੀ ਤੁਲਨਾ ਜੰਗ ਦੇ ਮੈਦਾਨ ਵਿੱਚ ਸ਼ੇਰਾਂ ਨਾਲ ਕੀਤੀ। ਅਫ਼ਗਾਨ ਵਿਰੋਧੀਆਂ ਨੇ ਮੰਨਿਆ ਕਿ ਸਿੱਖ ਵਿਰੋਧ ਨੂੰ ਹਰਾਉਣਾ ਮੁਸ਼ਕਲ ਸੀ। ਬਾਅਦ ਵਿੱਚ ਐਂਗਲੋ-ਸਿੱਖ ਯੁੱਧਾਂ ਦੌਰਾਨ ਸਿੱਖ ਖਾਲਸਾ ਫੌਜ ਨਾਲ ਲੜਨ ਵਾਲੇ ਬ੍ਰਿਟਿਸ਼ ਅਫ਼ਸਰਾਂ ਨੇ ਵੀ ਸਿੱਖ ਸੈਨਿਕਾਂ ਦੇ ਅਨੁਸ਼ਾਸਨ ਅਤੇ ਬਹਾਦਰੀ ਦੀ ਪ੍ਰਸ਼ੰਸਾ ਕੀਤੀ।

ਇਹ ਬਿਆਨ, ਜੋ ਕਿ ਵੱਖ-ਵੱਖ ਸਰੋਤਾਂ ਤੋਂ ਲਏ ਗਏ ਹਨ, ਦਰਸਾਉਂਦੇ ਹਨ ਕਿ ਸਿੱਖ ਹਿੰਮਤ ਸਿਰਫ਼ ਸਮਰਥਕਾਂ ਜਾਂ ਪੈਰੋਕਾਰਾਂ ਦੁਆਰਾ ਕੀਤਾ ਗਿਆ ਦਾਅਵਾ ਨਹੀਂ ਸੀ। ਇਸ ਦੀ ਬਜਾਏ ਇਸਨੂੰ ਉਨ੍ਹਾਂ ਵਿਰੋਧੀਆਂ ਦੁਆਰਾ ਵੀ ਸਵੀਕਾਰ ਕੀਤਾ ਗਿਆ ਸੀ, ਜਿਨ੍ਹਾਂ ਨੇ ਲੜਾਈ ਵਿੱਚ ਸਿੱਖ ਯੋਧਿਆਂ ਦਾ ਸਾਹਮਣਾ ਕੀਤਾ ਸੀ। ਦੁਸ਼ਮਣ ਦੁਆਰਾ ਪ੍ਰਸ਼ੰਸਾ ਦੀ ਇਹ ਘਟਨਾ ਸਿੱਖਾਂ ਦੁਆਰਾ ਨਿਡਰ ਅਤੇ ਦ੍ਰਿੜ ਇਰਾਦੇ ਵਾਲੇ ਲੜਾਕਿਆਂ ਵਜੋਂ ਪ੍ਰਾਪਤ ਕੀਤੀ ਗਈ ਪ੍ਰਤਿਸ਼ਠਾ ਦਾ ਮਜ਼ਬੂਤ ਇਤਿਹਾਸਕ ਸਬੂਤ ਪ੍ਰਦਾਨ ਕਰਦੀ ਹੈ।

ਸਿੱਖ ਗੁਰੂਆਂ ਦੇ ਮੁਢਲੇ ਸੰਘਰਸ਼ਾਂ ਤੋਂ ਲੈ ਕੇ ਖਾਲਸੇ ਦੇ ਉਭਾਰ ਅਤੇ ਸ਼ਕਤੀਸ਼ਾਲੀ ਸਾਮਰਾਜਾਂ ਵਿਰੁੱਧ ਬਾਅਦ ਦੀਆਂ ਲੜਾਈਆਂ ਤੱਕ- ਸਿੱਖ ਇਤਿਹਾਸ ਸੰਘਰਸ਼ਾਂ, ਕੁਰਬਾਨੀ ਅਤੇ ਨਿਆਂ ਪ੍ਰਤੀ ਵਚਨਬੱਧਤਾ ਦੀਆਂ ਮਿਸਾਲਾਂ ਨਾਲ ਭਰਿਆ ਹੋਇਆ ਹੈ। ਲੇਖ ਵਿੱਚ ਪੇਸ਼ ਕੀਤੇ ਗਏ ਹਵਾਲੇ ਦਰਸਾਉਂਦੇ ਹਨ ਕਿ ਸਿੱਖ ਬਹਾਦਰੀ ਨੂੰ ਸੱਭਿਆਚਾਰਾਂ ਅਤੇ ਸਦੀਆਂ ਵਿੱਚ ਵਿਆਪਕ ਤੌਰ 'ਤੇ ਮਾਨਤਾ ਦਿੱਤੀ ਗਈ ਹੈ।

ਅੱਜ, ਇਹ ਇਤਿਹਾਸਕ ਗਵਾਹੀਆਂ ਦੁਨੀਆ ਭਰ ਦੇ ਲੋਕਾਂ ਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਹਿੰਮਤ, ਵਿਸ਼ਵਾਸ ਅਤੇ ਦ੍ਰਿੜਤਾ ਇੱਕ ਸਥਾਈ ਵਿਰਾਸਤ ਛੱਡ ਸਕਦੇ ਹਨ- ਇੱਕ ਅਜਿਹੀ ਵਿਰਾਸਤ ਜਿਸਦਾ ਸਤਿਕਾਰ ਨਾ ਸਿਰਫ਼ ਦੋਸਤਾਂ ਦੁਆਰਾ ਕੀਤਾ ਜਾਂਦਾ ਹੈ, ਸਗੋਂ ਉਨ੍ਹਾਂ ਦੁਆਰਾ ਵੀ ਕੀਤਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਪਰਵਾਜ਼



ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: +91-9041498009

# ਫ਼ਾਜ਼ਿਲ ਕਾ ਬੰਗਲਾ

ਸਾਲ 2011 ਦੀ ਗੱਲ ਹੈ। ਮੇਰੀ ਬਦਲੀ ਪੱਛਮੀ ਬੰਗਾਲ ਦੇ ਬਿੰਨਾਗੁੜੀ ਕਸਬੇ ਤੋਂ ਪੰਜਾਬ ਦੇ ਫ਼ਾਜ਼ਿਲਕਾ ਸ਼ਹਿਰ ਵਿਖੇ ਹੋ ਗਈ। ਅਸਲ ਵਿੱਚ ਇਸ ਸ਼ਹਿਰ (ਫ਼ਾਜ਼ਿਲਕਾ) ਨੂੰ ਪਾਕਿਸਤਾਨ ਦੀ ਸਰਹੱਦ ਲੱਗਦੀ ਹੈ ਅਤੇ ਇਸਦੇ ਬਾਰਡਰ 'ਤੇ ਹਰ ਰੋਜ਼ 'ਫ਼ੌਜੀ ਪਰੇਡ' ਹੁੰਦੀ ਹੈ। ਭਾਰਤ ਅਤੇ ਪਾਕਿਸਤਾਨ ਦੀ ਸਰਹੱਦ 'ਤੇ ਸਿਰਫ਼ ਤਿੰਨ ਹੀ ਬਾਰਡਰ ਹਨ, ਜਿੱਥੇ ਹਰ ਰੋਜ਼ ਫ਼ੌਜੀ ਪਰੇਡ ਹੁੰਦੀ ਹੈ। ਪਹਿਲਾ ਹੈ ਅੰਮ੍ਰਿਤਸਰ ਦਾ ਵਾਹਗਾ ਬਾਰਡਰ, ਦੂਜਾ ਹੈ ਫ਼ਿਰੋਜ਼ਪੁਰ ਦਾ ਹੁਸੈਨੀਵਾਲਾ ਬਾਰਡਰ ਅਤੇ ਤੀਜਾ ਹੈ ਫ਼ਾਜ਼ਿਲਕਾ ਦਾ ਸਾਦਕੀ ਬਾਰਡਰ। ਆਪਣੇ ਵਾਲੇ ਪਾਸੇ (ਹਿੰਦੋਸਤਾਨ) ਵਿੱਚ ਫ਼ਾਜ਼ਿਲਕਾ ਵਾਲੇ ਬਾਰਡਰ ਨੂੰ 'ਸਾਦਕੀ ਬਾਰਡਰ' ਕਹਿੰਦੇ ਹਨ, ਪਰ ਪਾਕਿਸਤਾਨ ਵਾਲੇ ਪਾਸੇ ਇਸਨੂੰ 'ਸਰਦਾਰ ਗੰਡਾ ਸਿੰਘ ਬਾਰਡਰ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਕਿਸੇ ਹੋਰ ਥਾਂ 'ਤੇ ਪਰੇਡ ਨਹੀਂ ਹੁੰਦੀ।

ਖ਼ੈਰ! ਮੈਨੂੰ ਫ਼ਾਜ਼ਿਲਕਾ ਆਏ ਨੂੰ ਅਜੇ ਕੁਝ ਦਿਨ ਹੀ ਹੋਏ ਸਨ ਕਿ ਇੱਕ ਦਿਨ ਮੇਰੇ ਇੱਕ ਮਿੱਤਰ ਦਾ ਫ਼ੋਨ ਆਇਆ ਕਿ ਚੱਲ ਸਾਦਕੀ ਬਾਰਡਰ 'ਤੇ ਫ਼ੌਜੀਆਂ ਦੀ ਪਰੇਡ ਦੇਖਣ ਚੱਲੀਏ। ਮੇਰਾ ਮਨ ਨਹੀਂ ਸੀ, ਕਿਉਂਕਿ ਅਜੇ ਚੰਗੀ ਤਰ੍ਹਾਂ ਕੁਆਟਰ ਦਾ ਸਾਮਾਨ ਹੀ ਸੈੱਟ ਨਹੀਂ ਸੀ ਹੋਇਆ। ਪਰ ਫੇਰ ਵੀ ਅਣਮੰਨੇ ਜਿਹੇ ਮਨ ਨਾਲ ਮੈਂ 'ਹਾਂ' ਕਹਿ ਦਿੱਤੀ। ਫੇਰ ਸ਼ਾਮੀਂ ਪੰਜ ਕੁ ਵਜੇ ਅਸੀਂ ਬੱਸ ਵਿੱਚ ਬੈਠ ਕੇ 'ਸਾਦਕੀ ਬਾਰਡਰ' ਵਾਲੇ ਪਾਸੇ ਨੂੰ ਚੱਲ ਪਏ। ਪਾਕਿਸਤਾਨ ਦੀ ਸਰਹੱਦ ਜਿਵੇਂ-ਜਿਵੇਂ ਨੇੜੇ ਆ ਰਹੀ ਸੀ, ਮੇਰੇ ਦਿਲ ਦੀ ਧੜਕਣ ਵਧਦੀ ਜਾ ਰਹੀ ਸੀ। ਦੂਰ ਜਿੱਥੋਂ ਤੱਕ ਨਜ਼ਰ ਜਾਂਦੀ ਸੀ, ਉੱਥੇ ਤੱਕ ਪਾਕਿਸਤਾਨ ਦੇ ਹਰੇ-ਭਰੇ ਖੇਤ ਅਤੇ ਰੁੱਖ ਨਜ਼ਰ ਆਉਣ ਲੱਗੇ ਸਨ। ਖੁੱਲ੍ਹੇ ਵਾਤਾਵਰਣ ਵਿੱਚ ਪਤਾ ਹੀ ਨਹੀਂ ਲੱਗ ਰਿਹਾ ਸੀ ਕਿ ਭਾਰਤ ਕਿਹੜੇ ਪਾਸੇ ਹੈ ਅਤੇ ਪਾਕਿਸਤਾਨ ਕਿਹੜੇ ਪਾਸੇ ਹੈ?

ਖ਼ੈਰ! ਸ਼ਾਮ ਨੂੰ ਤਕਰੀਬਨ ਸਾਢੇ ਕੁ ਪੰਜ ਵਜੇ ਅਸੀਂ 'ਸਾਦਕੀ ਬਾਰਡਰ' ਦੇ ਨੇੜੇ ਪਹੁੰਚ ਗਏ। ਸਾਡੇ ਨਾਲ ਬੱਸ ਵਿੱਚ ਇੱਕ ਅਜਿਹਾ ਸ਼ਖ਼ਸ ਵੀ ਆਇਆ ਸੀ, ਜਿਹੜਾ ਪਹਿਲਾਂ ਵੀ ਇਹ ਪਰੇਡ ਕਈ ਵਾਰ ਦੇਖ ਚੁਕਿਆ ਸੀ। ਉਸਨੇ ਦੱਸਿਆ ਕਿ ਬਾਰਡਰ ਦੇ ਉਸ ਪਾਰ ਤਕਰੀਬਨ 15 ਕੁ ਕਿਲੋਮੀਟਰ ਦੀ ਵਿੱਥ 'ਤੇ ਪਾਕਿਸਤਾਨ ਦਾ ਕਸੂਰ ਸ਼ਹਿਰ ਹੈ ਅਤੇ ਇੱਧਰ ਆਪਣੇ ਵਾਲੇ ਪਾਸੇ 14 ਕੁ ਕਿਲੋਮੀਟਰ ਦੀ ਵਿੱਥ ਤੇ ਫ਼ਾਜ਼ਿਲਕਾ ਸ਼ਹਿਰ ਵੱਸਦਾ ਹੈ। ਅਸਲ ਵਿੱਚ ਫ਼ਾਜ਼ਿਲਕਾ ਨੂੰ "ਫ਼ਾਜ਼ਿਲ ਕਾ ਬੰਗਲਾ" ਕਿਹਾ ਜਾਂਦਾ ਸੀ। ਅੱਜ ਵੀ ਪੁਰਾਣੇ ਲੋਕ ਫ਼ਾਜ਼ਿਲਕਾ ਸ਼ਹਿਰ ਨੂੰ "ਫ਼ਾਜ਼ਿਲ ਕਾ ਬੰਗਲਾ" ਹੀ ਆਖਦੇ ਸੁਣੇ ਜਾ ਸਕਦੇ ਹਨ। ਫ਼ਾਜ਼ਿਲਕਾ ਸ਼ਹਿਰ ਦੇ ਮੁੱਖ ਬਾਜ਼ਾਰ ਦਾ ਘੰਟਾਘਰ ਪੂਰੇ ਸੰਸਾਰ ਵਿੱਚ ਪ੍ਰਸਿੱਧ ਹੈ।

ਸਾਡੀ ਬੱਸ ਨੂੰ ਗੇਟ ਦੇ ਬਾਹਰ ਹੀ ਰੋਕ ਦਿੱਤਾ ਗਿਆ। ਇੱਥੇ ਹੀ ਸਾਰੀਆਂ ਗੱਡੀਆਂ, ਕਾਰਾਂ, ਬੱਸਾਂ ਨੂੰ ਰੋਕਿਆ ਜਾਂਦਾ ਹੈ, ਕਿਉਂਕਿ ਇੱਥੋਂ ਅੱਗੇ ਅਸਲ ਕੰਟਰੋਲ ਰੇਖਾ ਅੱਧਾ ਕਿਲੋਮੀਟਰ ਹੀ ਦੂਰ ਰਹਿ ਜਾਂਦੀ ਹੈ। ਇਸ ਜਗ੍ਹਾ ਤੋਂ ਯਾਤਰੀ ਪੈਦਲ ਹੀ ਬਾਰਡਰ ਵਾਲੇ ਪਾਸੇ ਨੂੰ ਜਾਂਦੇ ਹਨ। ਅਸੀਂ ਵੀ ਪੈਦਲ ਹੀ ਬਾਰਡਰ ਵਾਲੇ ਪਾਸੇ ਨੂੰ ਤੁਰ ਪਏ। ਰਾਹ ਵਿੱਚ ਬੀ.ਐੱਸ.ਐੱਫ਼. ਦੇ ਜਵਾਨਾਂ ਦੀ 'ਚੈੱਕ ਪੋਸਟ' ਉੱਪਰ ਸਾਡੀ ਤਲਾਸ਼ੀ ਲਈ ਗਈ। ਪਰੇਡ ਦੇਖਣ ਆਈਆਂ ਔਰਤਾਂ ਲਈ ਵੱਖਰੇ ਪ੍ਰਬੰਧ ਕੀਤੇ ਗਏ ਸਨ, ਜਿੱਥੇ ਔਰਤ ਕਾਂਸਟੇਬਲਾਂ ਤਲਾਸ਼ੀ ਲੈ ਰਹੀਆਂ ਸਨ। ਉਨ੍ਹਾਂ ਲਈ ਪਰਦਾ ਲਾ ਕੇ ਇੱਕ ਟੈਂਟ ਸੈੱਟ ਕੀਤਾ ਹੋਇਆ ਸੀ। ਪਾਣੀ ਦੀਆਂ ਬੋਤਲਾਂ, ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਉੱਥੇ ਟੈਂਟ ਦੇ ਕੋਲ ਹੀ ਰਖਵਾਇਆ ਜਾ ਰਿਹਾ ਸੀ। ਕਿਸੇ ਤਰ੍ਹਾਂ ਦੀ ਆਵਾਜ਼ ਕਰਦੇ ਖਿਡੌਣੇ, ਸੀਟੀਆਂ ਅਤੇ ਪੋਸਟਰ ਅੱਗੇ ਲੈ ਕੇ ਜਾਣ ਦੀ ਮਨਾਹੀ ਸੀ। ਤਲਾਸ਼ੀ ਤੋਂ ਉਪਰੰਤ ਬੀ.ਐੱਸ.ਐੱਫ਼. ਦੇ ਜਵਾਨਾਂ ਨੇ ਸਾਨੂੰ ਅੱਗੇ ਭੇਜ ਦਿੱਤਾ, ਜਿੱਥੇ ਵੱਡਾ ਸਾਰਾ ਚਬੂਤਰਾ ਬਣਿਆ ਹੋਇਆ ਸੀ। ਮੈਂ ਆਪਣੇ ਦੋਸਤ ਨਾਲ ਇੱਕ ਥਾਂ 'ਤੇ ਬੈਠ ਗਿਆ।

ਸਾਡੇ ਐਨ ਸਾਹਮਣੇ ਪਾਕਿਸਤਾਨ ਦਾ ਕੌਮੀ ਝੰਡਾ ਲਹਿਰਾ ਰਿਹਾ ਸੀ ਅਤੇ ਆਪਣੇ ਵਾਲੇ ਪਾਸੇ ਸਾਡੇ ਮੁਲਕ ਦਾ ਤਿਰੰਗਾ ਝੰਡਾ ਹਵਾ ਵਿੱਚ ਝੂਲ ਰਿਹਾ ਸੀ। ਦੋਹਾਂ ਦੇ ਵਿਚਕਾਰ ਮੋਟੀ ਸਾਰੀ ਕੰਡਿਆਲੀ ਤਾਰ ਲੱਗੀ ਹੋਈ ਸੀ। ਪਰੇਡ ਸ਼ੁਰੂ ਹੋਣ ਵਿੱਚ ਅਜੇ ਕੁਝ ਟਾਈਮ ਬਾਕੀ ਸੀ, ਇਸ ਲਈ ਸਾਹਮਣੇ (ਦੂਜੇ ਪਾਸੇ) ਪਾਕਿਸਤਾਨੀ ਫ਼ੌਜੀ ਤਿਆਰ ਹੋ ਰਹੇ ਸਨ। ਉੱਚਾ ਲੰਮਾ ਕਦ, ਕਾਲੀਆਂ ਸਲਵਾਰ-ਕਮੀਜ਼ਾਂ ਪਾ ਕੇ ਖੜੇ ਫ਼ੌਜੀ ਜਵਾਨ ਬੜੇ ਸੋਹਣੇ ਲੱਗ ਰਹੇ ਸਨ।




ਇੱਧਰ ਆਪਣੇ ਵਾਲੇ ਪਾਸੇ ਵੀ ਫ਼ੌਜੀ ਜਵਾਨ ਤਿਆਰ ਹੋ ਰਹੇ ਸਨ। ਉਹ ਆਪਣੀਆਂ ਟੋਪੀਆਂ ਤੇ ਪੱਗਾਂ ਨੂੰ ਸਵਾਰ ਰਹੇ ਸਨ ਅਤੇ ਇੱਕ- ਦੂਜੇ ਨਾਲ ਹਾਸਾ-ਠੱਠਾ ਕਰ ਰਹੇ ਸਨ। ਸਾਡਾ ਧਿਆਨ ਪਾਕਿਸਤਾਨੀ ਫ਼ੌਜੀਆਂ ਅਤੇ ਲੋਕਾਂ ਵੱਲ ਵਧੇਰੇ ਸੀ, ਕਿਉਂਕਿ ਉਨ੍ਹਾਂ ਨੂੰ ਅਸੀਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਦੇਖ ਰਹੇ ਸਾਂ। ਪਰਲੇ ਪਾਸੇ ਲੋਕਾਂ ਦਾ ਇੰਨਾ ਇਕੱਠ ਨਹੀਂ ਸੀ। ਔਰਤਾਂ ਵੱਖ ਬੈਠੀਆਂ ਸਨ ਅਤੇ ਬਹੁਤੀਆਂ ਨੇ ਕਾਲੇ ਰੰਗੇ ਦੇ ਬੁਰਕੇ ਪਹਿਨੇ ਹੋਏ ਸਨ। ਨਿੱਕੇ ਬੱਚੇ ਫ਼ੌਜੀਆਂ ਦੇ ਨੇੜੇ ਖੇਡ ਰਹੇ ਸਨ ਅਤੇ ਮਰਦ ਆਪਣੀਆਂ ਗੱਲਾਂ ਵਿੱਚ ਰੁੱਝੇ ਹੋਏ ਸਨ, ਕਿਉਂਕਿ ਪਰੇਡ ਅਜੇ ਸ਼ੁਰੂ ਨਹੀਂ ਸੀ ਹੋਈ।

ਉਨ੍ਹਾਂ ਦੀ ਪੋਸਟ 'ਤੇ 'ਪਾਕਿਸਤਾਨ ਜ਼ਿੰਦਾਬਾਦ' ਅੰਗਰੇਜ਼ੀ ਵਿੱਚ ਲਿਖਿਆ ਹੋਇਆ ਸੀ। ਕੁਝ ਉਰਦੂ ਵਿੱਚ ਵੀ ਲਿਖਿਆ ਹੋਇਆ ਸੀ, ਪਰ ਉਰਦੂ ਨਾ ਆਉਣ ਕਰਕੇ ਪਤਾ ਨਹੀਂ ਲੱਗਿਆ ਕਿ ਉੱਥੇ ਕੀ ਲਿਖਿਆ ਹੋਇਆ ਸੀ! ਮੇਰੇ ਅੰਦਾਜ਼ੇ ਮੁਤਾਬਕ ਉੱਥੇ ਵੀ ਪਾਕਿਸਤਾਨ ਜ਼ਿੰਦਾਬਾਦ ਹੀ ਲਿਖਿਆ ਹੋਵੇਗਾ ਸ਼ਾਇਦ। ਪਰ ਸਾਡੀ ਪੋਸਟ 'ਤੇ 'ਮੇਰਾ ਭਾਰਤ ਮਹਾਨ' ਲਿਖਿਆ ਹੋਇਆ ਸੀ। ਦੋਹਾਂ ਪਾਸੇ ਵੱਡੇ-ਵੱਡੇ ਸਪੀਕਰ ਚੱਲ ਰਹੇ ਸਨ। ਸਾਡੇ ਵਾਲੇ ਪਾਸੇ 'ਮੇਰਾ ਰੰਗ ਦੇ ਬਸੰਤੀ ਚੋਲਾ' ਅਤੇ 'ਜ਼ਰਾ ਯਾਦ ਕਰੋ ਕੁਰਬਾਨੀ' ਗੀਤ ਵੱਜ ਰਹੇ ਸਨ। ਪਾਕਿਸਤਾਨ ਵਾਲੇ ਪਾਸੇ 'ਮੇਲਾ ਵੇਖਣ ਆਈਆਂ ਕੁੜੀਆਂ ਲਾਹੌਰ ਦੀਆਂ' ਗੀਤ ਉੱਚੀ ਆਵਾਜ਼ ਵਿੱਚ ਵੱਜ ਰਿਹਾ ਸੀ। ਉਨ੍ਹਾਂ ਵਾਲੇ ਪਾਸੇ ਤੋਂ ਇੱਕ-ਦੋ ਪਾਕਿਸਤਾਨੀ ਮੁੰਡੇ ਨੱਚ ਵੀ ਰਹੇ ਸਨ।

ਖ਼ੈਰ! ਠੀਕ ਸਾਢੇ ਛੇ ਵਜੇ ਭਾਰਤ ਵਾਲੇ ਪਾਸੇ ਤੋਂ ਫ਼ੌਜੀ ਪਰੇਡ ਸ਼ੁਰੂ ਹੋ ਗਈ। ਦੂਜੇ ਪਾਸੇ, ਪਾਕਿਸਤਾਨੀ ਫ਼ੌਜੀ ਵੀ ਤਿਆਰ ਸਨ, ਉਨ੍ਹਾਂ ਨੇ ਵੀ ਪਰੇਡ ਸ਼ੁਰੂ ਕਰ ਦਿੱਤੀ। ਪਾਕਿਸਤਾਨ ਦੇ ਫ਼ੌਜੀ ਕਮਾਂਡਰ ਨੇ ਸਾਡੇ ਮੁਲਕ ਦੇ ਤਿਰੰਗੇ ਝੰਡੇ ਨੂੰ ਸਲੂਟ ਮਾਰਿਆ ਅਤੇ ਸਾਡੇ ਫ਼ੌਜੀ ਅਫ਼ਸਰ ਨੇ ਪਾਕਿਸਤਾਨੀ ਕੌਮੀ ਝੰਡੇ ਨੂੰ ਸਲੂਟ ਮਾਰਿਆ। ਲੋਕਾਂ ਨੇ ਤਾੜੀਆਂ ਮਾਰ ਕੇ ਦੋਹਾਂ ਅਫ਼ਸਰਾਂ ਦਾ ਸੁਆਗਤ ਕੀਤਾ। ਫਿਰ ਫ਼ੌਜੀ ਡਰਿੱਲ ਆਰੰਭ ਹੋ ਗਈ। ਸਾਡੇ ਫ਼ੌਜੀਆਂ ਦਾ ਕੱਦ ਛੇ ਫੁੱਟ ਤੋਂ ਵੀ ਵੱਧ ਸੀ ਅਤੇ ਉੱਧਰ ਪਾਕਿਸਤਾਨ ਦੇ ਫ਼ੌਜੀ ਵੀ ਰੱਜ ਕੇ ਜੁਆਨ। ਮੈਨੂੰ ਦੇਖ ਕੇ ਬਹੁਤ ਵਧੀਆ ਲੱਗ ਰਿਹਾ ਸੀ, ਕਿਉਂਕਿ ਇੰਨੀ ਨੇੜੇ ਤੋਂ ਪਾਕਿਸਤਾਨ ਦੇ ਫ਼ੌਜੀ ਅਤੇ ਲੋਕ ਪਹਿਲੀ ਵਾਰ ਦੇਖ ਰਹੇ ਸਾਂ।

ਉਨ੍ਹਾਂ ਦੇ ਫ਼ੌਜੀ ਜਵਾਨ ਸਾਡੇ ਜਵਾਨਾਂ ਵੱਲ ਦੇਖ ਕੇ ਅੱਖਾਂ ਕੱਢਣ ਅਤੇ ਸਾਡੇ ਜੁਆਨ ਉਨ੍ਹਾਂ ਦੇ ਜਵਾਨਾਂ ਨੂੰ ਦੇਖ ਕੇ ਗੁੱਸੇ ਦਾ ਪ੍ਰਗਟਾਵਾ ਕਰਨ। ਇੰਝ ਲੱਗ ਰਿਹਾ ਸੀ ਜਿਵੇਂ ਦੋਹਾਂ ਮੁਲਕਾਂ ਵਿੱਚ ਸਦੀਆਂ ਦਾ ਵੈਰ ਹੋਵੇ। ਸਾਡੇ ਜਵਾਨਾਂ ਦੀ ਚੰਗੀ ਡਰਿੱਲ 'ਤੇ ਅਸੀਂ ਤਾੜੀਆਂ ਮਾਰੀਏ ਅਤੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਬੁਲਾਈਏ ਅਤੇ ਉਨ੍ਹਾਂ ਦੀ ਚੰਗੀ ਡਰਿੱਲ 'ਤੇ 'ਪਾਕਿਸਤਾਨ ਜ਼ਿੰਦਾਬਾਦ' ਅਤੇ 'ਨਾਅਰੇ ਤੱਕਬੀਰ ਅੱਲਾ ਹੂ ਅਕਬਰ' ਦੇ ਨਾਅਰੇ ਲੱਗਣ; ਜਿਵੇਂ ਕੋਈ ਜੰਗ ਦਾ ਮੈਦਾਨ ਭੱਖਿਆ ਹੋਵੇ।

ਇਸ ਤਰ੍ਹਾਂ ਦੀ ਡਰਿੱਲ ਤਕਰੀਬਨ ਵੀਹ ਕੁ ਮਿੰਟ ਚੱਲਦੀ ਰਹੀ। ਫ਼ੌਜੀ ਜਵਾਨ ਕਦੇ ਤਾਰਾਂ ਦੇ ਬਿਲਕੁਲ ਕੋਲ ਚਲੇ ਜਾਣ ਅਤੇ ਕਦੇ ਪਿਛਾਂਹ ਮੁੜ ਆਉਣ। ਇਸੇ ਤਰ੍ਹਾਂ ਉੱਧਰ ਵੀ ਦੇਖਣ ਨੂੰ ਮਿਲ ਰਿਹਾ ਸੀ। ਕਦੇ ਸਾਡੇ ਜਵਾਨ ਆਪਣੀਆਂ ਪੱਗਾਂ ਅਤੇ ਟੋਪੀਆਂ ਠੀਕ ਕਰਨ, ਕਦੇ ਅੱਖਾਂ ਕੱਢਣ, ਆਪਣੀਆਂ ਮੁੱਛਾਂ ਨੂੰ ਤਾਅ ਦੇਣ ਅਤੇ ਦੂਜੇ ਪਾਸੇ ਪਾਕਿਸਤਾਨ ਦੇ ਫ਼ੌਜੀ ਵੀ ਕਦੇ ਆਪਣੀਆਂ ਟੋਪੀਆਂ ਸਹੀ ਕਰਨ, ਕਦੇ ਅੱਖਾਂ ਕੱਢਣ ਤੇ ਕਦੇ ਡੌਲੇ ਦਿਖਾਉਣ। ਇਸ ਤਰ੍ਹਾਂ ਦੀ ਕਾਰਵਾਈ ਦੇ ਅੱਧੇ ਕੁ ਘੰਟੇ ਬਾਅਦ ਦੋਹਾਂ ਦੇਸ਼ਾਂ ਦੇ ਕੌਮੀ ਝੰਡੇ ਲਾਹ ਲਏ ਗਏ। ਫ਼ੌਜੀ ਜਵਾਨ (ਦੋਹਾਂ ਪਾਸਿਆਂ ਤੋਂ) ਤਾਰਾਂ ਦੇ ਐਨ ਨੇੜੇ ਆ ਕੇ ਖੜੇ ਹੋ ਗਏ। ਲੋਕ ਵੀ ਆਪਣੀ ਥਾਂ ਤੋਂ ਉੱਠ ਕੇ ਤਾਰਾਂ ਦੇ ਐਨ ਨੇੜੇ ਆ ਗਏ। ਫ਼ੌਜੀ ਜਵਾਨ ਉਨ੍ਹਾਂ ਨੂੰ ਅੱਗੇ ਜਾਣ ਤੋਂ ਰੋਕਦੇ ਅਤੇ ਦੋਹਾਂ ਦੇਸ਼ਾਂ ਦੇ ਲੋਕਾਂ ਵਿੱਚ ਇਹ ਦੂਰੀ ਮਹਿਜ਼ 10 ਕੁ ਫੁੱਟ ਦੀ ਰਹਿ ਗਈ ਜਾਪਦੀ ਸੀ। ਪਾਕਿਸਤਾਨ ਦੇ ਲੋਕ ਸਾਡੇ ਵੱਲ ਹੱਥ ਹਿਲਾਉਂਦੇ ਰਹੇ ਅਤੇ ਸਾਡੇ ਵਾਲੇ ਪਾਸੇ ਦੇ ਲੋਕ ਉਨ੍ਹਾਂ ਨੂੰ ਹੱਥ ਹਿਲਾ ਕੇ ਦੇਖਦੇ ਰਹੇ। ਫ਼ੌਜੀਆਂ ਨੇ ਕਿਹਾ ਕਿ ਬਹੁਤਾ ਅੱਗੇ ਨਾ ਜਾਓ, ਕਿਉਂਕਿ ਅੱਗੇ ਤਾਰਾਂ ਕੋਲ ਜਾਣ ਦੀ ਆਗਿਆ ਨਹੀਂ ਹੈ। ਦੋਹਾਂ ਦੇਸ਼ਾਂ ਦੇ ਲੋਕ ਇੱਕ-ਦੂਜੇ ਨੂੰ ਦੇਖਦੇ ਰਹੇ, ਹੱਥ ਹਿਲਾਉਂਦੇ ਰਹੇ, ਪਰ ਗੱਲਬਾਤ ਕੋਈ ਨਹੀਂ ਸੀ ਕਰ ਸਕਦਾ ਅਤੇ ਨਾ ਹੀ ਇਸਦੀ ਕੋਈ ਸੰਭਾਵਨਾ ਸੀ।

ਖ਼ੈਰ! ਸਹਿਜੇ-ਸਹਿਜੇ ਲੋਕਾਂ ਦਾ ਹਜ਼ੂਮ ਪਿੱਛੇ ਨੂੰ ਮੁੜਨ ਲੱਗਾ। ਉੱਚੀ ਆਵਾਜ਼ ਵਿੱਚ ਵੱਜਦੇ ਸਪੀਕਰ ਬੰਦ ਹੋ ਗਏ ਅਤੇ ਲੋਕਾਂ ਦੀ ਭੀੜ ਘਟਣ ਲੱਗੀ। ਸਾਡੇ ਵਾਲੇ ਪਾਸੇ ਦੇ ਲੋਕ ਪੈਦਲ ਆਪਣੀਆਂ ਗੱਡੀਆਂ ਕੋਲ ਜਾਣ ਲਈ ਰਵਾਨਾ ਹੋ ਗਏ ਅਤੇ ਦੂਜੇ ਪਾਸੇ ਪਾਕਿਸਤਾਨ ਦੇ ਲੋਕ ਵੀ ਸਹਿਜੇ-ਸਹਿਜੇ ਅੱਖਾਂ ਤੋਂ ਦੂਰ ਹੋਣ ਲੱਗੇ। ਭੀੜ ਖਿੰਡਰ ਗਈ ਅਤੇ ਲੋਕਾਂ ਨਾਲ ਨੱਕੋ-ਨੱਕ ਭਰੇ ਚਬੂਤਰੇ ਝੱਟਪਟ ਖ਼ਾਲੀ ਹੋ ਗਏ।

ਫ਼ਾਜ਼ਿਲਕਾ ਪਾਸੇ ਮੁੜਦਿਆਂ ਮੇਰੇ ਮਨ ਵਿੱਚ ਵਿਚਾਰ ਆਏ ਕਿ ਕੈਸੀ ਦੀਵਾਰ ਹੈ, ਜਿਸਨੇ ਬੰਦੇ ਨੂੰ ਬੰਦਿਆਂ ਨਾਲੋਂ ਵੰਡ ਕੇ ਰੱਖ ਦਿੱਤਾ ਹੈ। ਕੈਸਾ ਵੈਰ ਹੈ, ਵਿਰੋਧ ਹੈ, ਕੈਸਾ ਧਰਮ ਹੈ- ਜਿਸਨੇ ਬੰਦੇ ਨੂੰ ਬੰਦੇ ਦੇ ਹੀ ਵੈਰੀ ਬਣਾ ਕੇ ਰੱਖ ਦਿੱਤਾ ਹੈ। ਅਸੀਂ ਇੱਕ-ਦੂਜੇ ਦੇ ਲਹੂ ਦੇ ਪਿਆਸੇ ਹੋ ਗਏ ਹਾਂ। ਪਰਲੇ ਪਾਰ (ਪਾਕਿਸਤਾਨ) ਵਾਲੇ ਪਾਸੇ ਵੀ ਸਾਡੇ ਵਰਗੇ ਲੋਕ ਹਨ, ਸਾਡੇ ਬੱਚਿਆਂ ਵਾਂਗ ਉਨ੍ਹਾਂ ਦੇ ਵੀ ਬੱਚੇ ਹਨ, ਸਾਡੀਆਂ ਔਰਤਾਂ ਵਾਂਗ ਉਨ੍ਹਾਂ ਦੀਆਂ ਵੀ ਔਰਤਾਂ ਹਨ, ਫੇਰ ਨਫ਼ਰਤ ਕਿੱਥੇ ਹੈ? ਵੈਰ ਕਿੱਥੇ ਹਨ, ਵਿਰੋਧ ਕਿੱਥੇ ਹੈ? ਮੈਂ ਅਜੇ ਇਨ੍ਹਾਂ ਖ਼ਿਆਲਾਂ ਵਿੱਚ ਹੀ ਗੁਆਚਾ ਸਾਂ ਕਿ ਇੱਕ ਕਬੂਤਰ ਜਿਹੜਾ ਕਿ ਸਾਡੇ ਵਾਲੀ ਪੋਸਟ ਦੇ ਐਨ ਉੱਪਰ ਬੈਠਾ ਸੀ, ਝੱਟਪਟ ਉੱਡਿਆ 'ਤੇ ਪਲਾਂ ਵਿੱਚ ਹੀ ਮੇਰੀਆਂ ਨਜ਼ਰਾਂ ਦੇ ਸਾਹਮਣੇ ਪਾਕਿਸਤਾਨ ਵਾਲੀ ਪੋਸਟ ਦੀ ਛੱਤ 'ਤੇ ਬਹਿ ਗਿਆ। ਚੰਦ ਕੁ ਪਲ ਉੱਥੇ ਬੈਠਣ ਤੋਂ ਬਾਅਦ ਉਹ ਮੁੜ ਫੇਰ ਉੱਡਿਆ ਤੇ ਪਾਕਿਸਤਾਨ ਦੀਆਂ ਫ਼ਿਜ਼ਾਵਾਂ ਵਿੱਚ ਉਡਾਰੀਆਂ ਮਾਰਦਾ ਨਜ਼ਰਾਂ ਤੋਂ ਲੋਪ ਹੋ ਗਿਆ।

ਮੈਨੂੰ ਜਾਪਿਆ ਜਿਵੇਂ ਉਹ ਪੰਛੀ ਸਾਡੇ ਇਨਸਾਨਪੁਣੇ ਦਾ ਮਖ਼ੌਲ ਉਡਾ ਰਿਹਾ ਹੈ ਅਤੇ ਕਹਿ ਰਿਹਾ ਹੈ, 'ਦੇਖੋ ਦੇਖੋ, ਤੁਸੀਂ ਇਨਸਾਨ ਬਹੁਤ ਸਿਆਣੇ ਬਣਦੇ ਹੋ, ਤੁਸੀਂ ਭਾਵੇਂ ਚੰਨ 'ਤੇ ਅੱਪੜ ਗਏ ਹੋ, ਪਰ ਇੱਧਰ- ਉੱਧਰ (ਇੱਕ-ਦੂਜੇ ਦੇ ਮੁਲਕ ਵਿੱਚ) ਨਹੀਂ ਜਾ ਸਕਦੇ। ਤੁਸੀਂ ਧਰਤੀ ਵੰਡ ਲਈ ਹੈ, ਲੋਕ ਵੰਡ ਲਏ ਹਨ ਅਤੇ ਬਹੁਤ ਵਾਰ ਸਾਨੂੰ ਵੀ ਕੈਦ ਕਰ ਲੈਂਦੇ ਹੋ, ਪਰ ਤੁਸੀਂ ਆਜ਼ਾਦ ਨਹੀਂ ਹੋ। ਤੁਸੀਂ ਧਰਤੀ 'ਤੇ ਵਾਹੀਆ ਲਕੀਰਾਂ ਦੀ ਬੰਦਿਸ਼ ਵਿੱਚ ਘੁਟ-ਘੁਟ ਕੇ ਮਰਨ ਲਈ ਮਜਬੂਰ ਹੋ- ਅਸੀਂ ਆਜ਼ਾਦ ਹਾਂ, ਜਿੱਥੇ ਮਰਜ਼ੀ ਜਾਈਏ। ਦੇਖੋ ਮੇਰੇ ਵੱਲ, ਮੈਂ ਕੁਝ ਨਹੀਂ ਵੰਡਣਾ- ਨਾ ਧਰਤੀ, ਨਾ ਪਾਣੀ, ਨਾ ਰੁੱਖ ਅਤੇ ਨਾ ਹੀ ਅੰਬਰ। ਸਭ ਕੁਝ ਮੇਰਾ ਹੈ, ਤੁਹਾਡਾ 'ਸਿਆਣਿਆਂ' ਦਾ ਕੁਝ ਵੀ ਨਹੀਂ, ਕੁਝ ਵੀ ਨਹੀਂ।

ਮੈਂ ਕਦੇ ਉਸ ਕਬੂਤਰ ਵੱਲ ਦੇਖਦਾ ਅਤੇ ਕਦੇ ਬੰਦੂਕਾਂ ਫੜ ਕੇ ਖੜੇ ਉੱਚੇ-ਲੰਮੇ ਫ਼ੌਜੀ ਜਵਾਨਾਂ ਵੱਲ, ਜਿਹੜੇ ਸਾਨੂੰ ਤਾਰਾਂ ਦੇ ਨੇੜੇ ਨਹੀਂ ਸੀ ਜਾਣ ਦੇ ਰਹੇ। ਮੇਰੇ ਮਨ ਵਿੱਚ ਵਿਚਾਰ ਆਇਆ ਕਿ 'ਹਾਕਮੋ, ਤੁਸੀਂ ਇਨਸਾਨਾਂ ਨੂੰ ਤਾਂ ਧਰਮਾਂ, ਜਾਤਾਂ, ਗੋਤਾਂ, ਮੁਲਕਾਂ ਵਿੱਚ ਵੰਡ ਸਕਦੇ ਹੋ; ਪਰ ਇਨ੍ਹਾਂ ਪੰਛੀਆਂ ਨੂੰ ਰੋਕ ਦੇ ਦਿਖਾਓ, ਦੋਹਾਂ ਮੁਲਕਾਂ ਵਿੱਚ ਵਰ੍ਹਦੀ ਵਰਖਾ ਨੂੰ ਰੋਕ ਦੇ ਦਿਖਾਓ, ਉੱਡਦੇ ਬੱਦਲਾਂ ਨੂੰ ਰੋਕ ਕੇ ਦਿਖਾਓ, ਦੋਹਾਂ ਮੁਲਕਾਂ ਵਿੱਚ ਵਗਦੀਆਂ ਠੰਢੀਆਂ ਪੌਣਾਂ ਨੂੰ ਰੋਕ ਕੇ ਦਿਖਾਓ! ਇਹ ਤੁਹਾਡੇ ਵੱਸ ਦੀ ਗੱਲ ਨਹੀਂ। ਤੁਸੀਂ ਇਨਸਾਨਾਂ ਵਿੱਚ ਹੀ ਵੰਡੀਆਂ ਪਾ ਸਕਦੇ ਹੋ, ਕੁਦਰਤ ਵਿੱਚ ਨਹੀਂ। ਖ਼ੈਰ! ਇਹ ਸੋਚਦਿਆਂ ਮੈਂ ਤੇ ਮੇਰਾ ਮਿੱਤਰ ਫ਼ਾਜ਼ਿਲਕਾ ਵਾਲੇ ਪਾਸੇ ਨੂੰ ਤੁਰ ਪਏ ਅਤੇ ਪਿੱਛੇ ਛੱਡ ਆਏ ਅਣਗਿਣਤ ਯਾਦਾਂ ਅਤੇ ਮਣਾਂ-ਮੂੰਹੀਂ ਸਿਆਣਪ।

# ਸਿੱਖ ਬਹਾਦਰੀ ਦੇ ਬਿਰਤਾਂਤ

ਜਾਂਦਾ ਹੈ ਜੋ ਕਦੇ ਜੰਗ ਦੇ ਮੈਦਾਨ ਦੇ ਉਲਟ ਪਾਸੇ ਖੜ੍ਹੇ ਸਨ।

---

**ਪਹਿਲੇ ਤੇ ਦੂਜੇ ਵਿਸ਼ਵ ਯੁੱਧ ਅਤੇ ਗਦਰ ਲਹਿਰ ਤੇ ਭਾਰਤ ਦੇ ਆਜ਼ਾਦੀ ਯੁੱਗ ਵਰਗੇ ਹੋਰ ਸੰਘਰਸ਼ਾਂ ਦੌਰਾਨ ਸਿੱਖ ਸੈਨਿਕਾਂ ਦੀ ਬਹਾਦਰੀ ਦੇ ਜਾਣੇ-ਪਛਾਣੇ ਹਵਾਲੇ ਵੀ ਜ਼ਿਕਰਯੋਗ ਹਨ। ਇਹ ਹਵਾਲੇ ਜਨਰਲਾਂ, ਇਤਿਹਾਸਕਾਰਾਂ, ਲੇਖਕਾਂ ਅਤੇ ਨਿਰੀਖਕਾਂ ਤੋਂ ਆਏ ਹਨ, ਜਿਨ੍ਹਾਂ ਨੇ ਸਿੱਖ ਹਿੰਮਤ ਦੇਖੀ ਸੀ।**

### 1. ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਵਿੱਚ ਸਿੱਖ ਬਹਾਦਰੀ ਬਾਰੇ ਹਵਾਲੇ

**ਜਨਰਲ ਸਰ ਫ੍ਰੈਂਕ ਮੈਸਰਵੀ (ਬ੍ਰਿਟਿਸ਼ ਫ਼ੌਜ):** "ਪਿਛਲੇ ਦੋ ਵਿਸ਼ਵ ਯੁੱਧਾਂ ਵਿੱਚ 83,005 ਪੱਗ ਬੰਨ੍ਹਣ ਵਾਲੇ ਸਿੱਖ ਸੈਨਿਕ ਮਾਰੇ ਗਏ ਸਨ ਅਤੇ 109,045 ਜ਼ਖ਼ਮੀ ਹੋਏ ਸਨ। ਉਹ ਉਨ੍ਹਾਂ ਦੀ ਸੁਰੱਖਿਆ ਪੱਗ ਤੋਂ ਇਲਾਵਾ ਕਿਸੇ ਹੋਰ ਸੁਰੱਖਿਆ ਦੇ ਪ੍ਰਤੀਕ 'ਵਿਸ਼ਵਾਸ' ਨਾਲ ਗੋਲਾਬਾਰੀ ਹੇਠ ਲੜੇ ਸਨ।

ਇਹ ਹਵਾਲਾ ਵਿਸ਼ਵ ਯੁੱਧਾਂ ਵਿੱਚ ਸਿੱਖ ਸੈਨਿਕਾਂ ਦੀ ਵੱਡੀ ਕੁਰਬਾਨੀ ਅਤੇ ਨਿਡਰ ਰਵੱਈਏ- ਦੋਹਾਂ ਨੂੰ ਉਜਾਗਰ ਕਰਦਾ ਹੈ।

**ਜਨਰਲ ਸਰ ਫ੍ਰੈਂਕ ਮੈਸਰਵੀ ਦੀ ਸਿੱਖ ਰੈਜੀਮੈਂਟ ਨੂੰ ਸ਼ਰਧਾਂਜਲੀ:** ਕੋਈ ਵੀ ਜ਼ਿੰਦਾ ਸ਼ਾਨ ਉਨ੍ਹਾਂ ਦੀ ਮਹਾਨ ਕੁਰਬਾਨੀ ਤੋਂ ਪਰੇ ਨਹੀਂ ਰਹਿ ਸਕਦੀ। ਅਸੀਂ ਜੋ ਜਿਉਂਦੇ ਹਾਂ, ਉਨ੍ਹਾਂ ਸਾਥੀਆਂ ਨੂੰ ਕਦੇ ਨਹੀਂ ਭੁੱਲ ਸਕਦੇ, ਜਿਨ੍ਹਾਂ ਨੇ ਸਿੱਖ ਰੈਜੀਮੈਂਟ ਦੀ ਕਹਾਣੀ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ।

**ਬ੍ਰਿਗੇਡੀਅਰ ਸੇਲੀਆ ਜੇਨ ਹਾਰਵੇ (ਬ੍ਰਿਟਿਸ਼ ਫ਼ੌਜ):** ਵਿਸ਼ਵ ਯੁੱਧਾਂ ਦੌਰਾਨ ਸਿੱਖ ਫੌਜੀਆਂ ਦੀ ਭੂਮਿਕਾ ਮਿਸਾਲੀ ਸੀ ਅਤੇ ਯੂਰਪ ਆਪਣੀ ਆਜ਼ਾਦੀ ਲਈ ਪੰਜਾਬ ਦੇ ਬਹਾਦਰ ਫੌਜੀਆਂ ਦਾ ਰਿਣੀ ਹੈ।

**ਸਿੱਖ ਚਰਿੱਤਰ 'ਤੇ ਬ੍ਰਿਟਿਸ਼ ਫੌਜ ਅਧਿਕਾਰੀ ਦਾ ਬਿਆਨ:** ਸਿੱਖਾਂ ਨੇ ਦੱਬੇ-ਕੁਚਲੇ, ਬੇਸਹਾਰਾ ਅਤੇ ਹੋਰ ਧਰਮਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ।

### 2. ਫੌਜੀ ਆਗੂਆਂ ਵੱਲੋਂ ਸਿੱਖ ਦਲੇਰੀ ਬਾਰੇ ਹਵਾਲੇ

**ਜਨਰਲ ਸਰ ਵਿਲੀਅਮ ਬਰਡਵੁੱਡ (ਬ੍ਰਿਟਿਸ਼ ਫ਼ੌਜ):** "ਮੈਨੂੰ ਆਪਣੀ ਪਤਨੀ ਅਤੇ ਧੀ ਨੂੰ ਇੱਕ ਸਿੱਖ ਸਿਪਾਹੀ ਦੀ ਸੁਰੱਖਿਆ ਹੇਠ ਛੱਡਣ ਦੀ ਥੋੜ੍ਹੀ ਜਿਹੀ ਚਿੰਤਾ ਨਹੀਂ ਹੋਵੇਗੀ।" ਇਹ ਹਵਾਲਾ ਸਿੱਖ ਸੈਨਿਕਾਂ ਨੂੰ ਬ੍ਰਿਟਿਸ਼ ਕਮਾਂਡਰਾਂ ਤੋਂ ਪ੍ਰਾਪਤ ਹੋਏ ਵਿਸ਼ਵਾਸ ਅਤੇ ਸਤਿਕਾਰ ਨੂੰ ਦਰਸਾਉਂਦਾ ਹੈ।

**ਮੇਜਰ ਜਨਰਲ ਫ਼ਜ਼ਲ ਮੁਕੀਮ ਖਾਨ (ਪਾਕਿਸਤਾਨ ਫ਼ੌਜ ਦੇ ਇਤਿਹਾਸਕਾਰ):** "ਸਾਡੀ ਹਾਰ ਦਾ ਮੁੱਖ ਕਾਰਨ ਸਿੱਖ ਹਨ। ਅਸੀਂ ਉਨ੍ਹਾਂ ਦੇ ਸਾਹਮਣੇ ਕੁਝ ਵੀ ਕਰਨ ਦੇ ਅਸਮਰੱਥ ਹਾਂ...। ਉਹ ਦਲੇਰੀ ਨਾਲ ਲੜਦੇ ਹਨ ਅਤੇ ਇੱਕ ਬਹੁਤ ਵੱਡੀ ਫੌਜ ਨੂੰ ਹਰਾ ਸਕਦੇ ਹਨ।"

ਇਹ ਸਿੱਖ ਬਹਾਦਰੀ ਨੂੰ ਸਵੀਕਾਰ ਕਰਦੇ ਹੋਏ 'ਦੁਸ਼ਮਣ ਵੱਲੋਂ ਪ੍ਰਸ਼ੰਸਾ' ਦੀ ਇੱਕ ਮਿਸਾਲ ਹੈ।

### 3. ਪਹਿਲੇ ਵਿਸ਼ਵ ਯੁੱਧ ਵਿੱਚ ਸਿੱਖ ਸੈਨਿਕਾਂ ਦੀ ਭਾਵਨਾ ਨੂੰ ਦਰਸਾਉਂਦੇ ਹਵਾਲੇ

**ਪਹਿਲੇ ਵਿਸ਼ਵ ਯੁੱਧ ਦੌਰਾਨ ਇੱਕ ਸਿੱਖ ਸਿਪਾਹੀ ਨੇ ਲਿਖਿਆ:** "ਲੜਾਈ ਵਿੱਚ ਮਰਨਾ ਇੱਕ ਉੱਤਮ ਕਾਰਨਾਮਾ ਹੈ। ਅਜਿਹੀਆਂ ਮੁਸ਼ਕਲਾਂ ਮਹਾਨ ਮਨੁੱਖਾਂ 'ਤੇ ਆਉਂਦੀਆਂ ਹਨ।" ਇਹ ਹਵਾਲਾ ਯੁੱਧ ਵਿੱਚ ਸਿੱਖ ਸੈਨਿਕਾਂ ਦੇ ਜੰਗੀ ਅਤੇ ਅਧਿਆਤਮਿਕ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।

### 4. ਯੋਧਿਆਂ ਵਜੋਂ ਸਿੱਖਾਂ ਦੀ ਸਾਖ ਨੂੰ ਦਰਸਾਉਂਦੇ ਹਵਾਲੇ

**ਐਫ. ਯੀਟਸ-ਬ੍ਰਾਊਨ (ਮਾਰਸ਼ਲ ਇੰਡੀਆ, 1945 ਦੇ ਲੇਖਕ):** ਇੱਕ ਸ਼ਾਨਦਾਰ ਲੋਕ 'ਸਿੱਖ', ਜਿਨ੍ਹਾਂ ਨੇ ਇਤਿਹਾਸ ਰਚਿਆ ਹੈ ਅਤੇ ਉਹ ਇਸਨੂੰ ਦੁਬਾਰਾ ਬਣਾਉਣਗੇ।

### 5. ਇਤਿਹਾਸਕ ਲੜਾਈਆਂ ਵਿੱਚ ਸਿੱਖ ਬਹਾਦਰੀ ਨਾਲ ਸਬੰਧਤ ਹਵਾਲੇ

**ਸਾਰਾਗੜ੍ਹੀ ਲੜਾਈ ਦਾ ਵਰਣਨ ਕਰਦੇ ਹੋਏ ਬ੍ਰਿਟਿਸ਼ ਅਧਿਕਾਰੀ ਨੇ ਲਿਖਿਆ:** "ਸਿਰਫ਼ 21 ਸਿੱਖ ਸਿਪਾਹੀਆਂ ਨੇ 10,000 ਅਫ਼ਗਾਨਾਂ ਨਾਲ ਲੜਾਈ ਕੀਤੀ ਅਤੇ ਆਖ਼ਰੀ ਸਾਹ ਤੱਕ ਲੜੇ।" ਇਹ ਲੜਾਈ ਫੌਜੀ ਇਤਿਹਾਸ ਦੇ ਸਭ ਤੋਂ ਮਹਾਨ ਆਖ਼ਰੀ ਅੱਡਿਆਂ ਵਿੱਚੋਂ ਇੱਕ ਬਣ ਗਈ।

### 6. ਸਿੱਖ ਫ਼ੌਜੀ ਸੇਵਾ ਦੇ ਪਿੱਛੇ ਦੀ ਭਾਵਨਾ ਨੂੰ ਦਰਸਾਉਂਦੇ ਹਵਾਲੇ

**ਰਵਾਇਤੀ ਸਿੱਖ ਸਿੱਖਿਆ ਸਿਪਾਹੀ ਲਿਖਤਾਂ ਵਿੱਚ ਪ੍ਰਤੀਬਿੰਬਤ ਹੁੰਦੀ ਹੈ:** "ਸੱਚਾ ਸਿੱਖ ਉਹ ਹੈ, ਜੋ ਵਫ਼ਾਦਾਰ ਰਹਿੰਦਾ ਹੈ ਅਤੇ ਧਾਰਮਿਕਤਾ ਲਈ ਜੰਗ ਦੇ ਮੈਦਾਨ ਵਿੱਚ ਲੜਦਾ ਹੋਇਆ ਮਰਦਾ ਹੈ।" ਇਹ ਦੱਸਦਾ ਹੈ ਕਿ ਸਿੱਖ ਸਿਪਾਹੀਆਂ ਨੂੰ ਅਕਸਰ ਹਿੰਮਤ, ਕੁਰਬਾਨੀ ਅਤੇ ਵਫ਼ਾਦਾਰੀ ਲਈ ਕਿਉਂ ਪ੍ਰਸ਼ੰਸਾ ਕੀਤੀ ਜਾਂਦੀ ਸੀ।

ਪਹਿਲੇ ਤੇ ਦੂਜੇ ਵਿਸ਼ਵ ਯੁੱਧ ਅਤੇ ਹੋਰ ਸੰਘਰਸ਼ਾਂ ਦੌਰਾਨ ਸਿੱਖ ਸਿਪਾਹੀਆਂ ਨੇ ਦੁਨੀਆ ਭਰ ਵਿੱਚ ਪ੍ਰਸ਼ੰਸਾ ਪ੍ਰਾਪਤ ਕੀਤੀ, ਕਿਉਂਕਿ ਉਹ ਨਿਰਭਉ, ਜੰਗ ਦੇ ਮੈਦਾਨ ਵਿੱਚ ਹਿੰਮਤ, ਆਪਣੀਆਂ ਜਾਨਾਂ ਕੁਰਬਾਨ ਕਰਨ ਦੀ ਇੱਛਾ, ਮਜ਼ਬੂਤ ਅਧਿਆਤਮਿਕ ਪ੍ਰੇਰਣਾ, ਦੱਬੇ-ਕੁਚਲੇ ਲੋਕਾਂ ਦੀ ਰੱਖਿਆ ਕਰਨ, ਵਫ਼ਾਦਾਰੀ ਅਤੇ ਅਨੁਸ਼ਾਸਨ ਆਦਿ ਗੁਣਾਂ ਨਾਲ ਭਰਪੂਰ ਸਨ। ਇਨ੍ਹਾਂ ਗੁਣਾਂ ਨੇ ਸਿੱਖ ਸਿਪਾਹੀਆਂ ਨੂੰ ਆਧੁਨਿਕ ਫੌਜੀ ਇਤਿਹਾਸ ਵਿੱਚ ਸਭ ਤੋਂ ਸਤਿਕਾਰਤ ਯੋਧਾ ਸਮੂਹਾਂ ਵਿੱਚੋਂ ਇੱਕ ਬਣਾਇਆ।

# ਕਿੱਥੇ ਗਿਆ ਸਿਆਲ?

## ਪੰਜਾਬ-ਹਰਿਆਣਾ 'ਚ ਗਰਮੀ ਨਾਲ ਕਣਕ ਦੀ ਫ਼ਸਲ 'ਤੇ ਸੰਕਟ

***ਇਸ ਵਾਰ ਹਰਿਆਣਾ-ਪੰਜਾਬ ਦੇ ਪਿੰਡਾਂ ਵਿੱਚ ਇੱਕ ਆਮ ਸਵਾਲ ਲਗਭਗ ਹਰ ਕਿਸੇ ਦੇ ਮੂੰਹੋਂ ਸੁਣਨ ਨੂੰ ਮਿਲਿਆ- "ਸਰਦੀ ਕਿੱਥੇ ਗਈ?"***

**ਮਨਦੀਪ ਪੂਨੀਆ**



ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਬਿਸ਼ਨਪੁਰਾ ਖੋਖਰ ਪਿੰਡ ਦੇ ਕਿਸਾਨ ਮਲਕੀਤ ਸਿੰਘ ਆਪਣੇ ਖੇਤਾਂ ਵਿੱਚ ਪੱਕਣ ਲਈ ਤਿਆਰ ਖੜੀ ਕਣਕ ਦੀ ਫ਼ਸਲ ਨੂੰ ਤੱਕ ਰਹੇ ਹਨ। ਉਹ ਆਸਮਾਨ ਵੱਲ ਵੇਖ ਕੇ ਕਹਿੰਦੇ ਹਨ, "ਇਸ ਵਾਰ ਸਰਦੀ ਕਦੋਂ ਆਈ, ਕਦੋਂ ਗਈ-ਪਤਾ ਹੀ ਨਹੀਂ ਲੱਗਿਆ। ਜਨਵਰੀ ਵਿੱਚ ਤਾਂ ਠੰਢ ਪਈ, ਪਰ ਫਰਵਰੀ ਦੇ ਦੂਜੇ ਹਫ਼ਤੇ ਤੋਂ ਹੀ ਦਿਨ ਗਰਮ ਹੋਣ ਲੱਗ ਪਏ ਸਨ। ਫਰਵਰੀ ਤੇ ਮਾਰਚ ਵਿੱਚ ਜੇ ਜ਼ਿਆਦਾ ਗਰਮੀ ਪੈਂਦੀ ਹੈ ਤਾਂ ਸਾਡੀ ਕਣਕ ਦੀ ਫ਼ਸਲ ਦਾ ਝਾੜ (ਦਾਣਾ) ਘੱਟ ਜਾਂਦਾ ਹੈ। ਇਹ ਸਮਾਂ ਕਣਕ ਦੇ ਸਿੱਟਿਆਂ ਵਿੱਚ ਦਾਣਾ ਭਰਨ ਦਾ ਹੁੰਦਾ ਹੈ, ਪਰ ਤਪਦੇ ਸੂਰਜ ਕਾਰਨ ਸਿੱਟੇ ਸਮੇਂ ਤੋਂ ਪਹਿਲਾਂ ਹੀ ਪੱਕ ਰਹੇ ਹਨ, ਜਿਸ ਕਰ ਕੇ ਦਾਣੇ ਛੋਟੇ ਰਹਿ ਜਾਣਗੇ।"

ਮਲਕੀਤ ਸਿੰਘ ਦੀ ਤਰ੍ਹਾਂ ਹੀ ਉਨ੍ਹਾਂ ਦੇ ਗੁਆਂਢੀ ਕਿਸਾਨ ਗੁਰਪਿਆਰ ਸਿੰਘ ਵੀ ਚਿੰਤਤ ਹਨ। ਉਹ ਕਹਿੰਦੇ ਹਨ, "ਪਿਛਲੇ ਸਾਲ ਸਾਡੇ ਪਿੰਡ ਵਿੱਚ ਕਣਕ ਦਾ ਝਾੜ 25-26 ਕੁਇੰਟਲ ਪ੍ਰਤੀ ਏਕੜ ਸੀ, ਪਰ ਇਸ ਵਾਰ ਘੱਟੋ-ਘੱਟ 10 ਫ਼ੀਸਦੀ ਘੱਟ ਆਵੇਗਾ।"

ਮਲਕੀਤ ਸਿੰਘ ਅਤੇ ਗੁਰਪਿਆਰ ਸਿੰਘ ਵਰਗੇ ਹਜ਼ਾਰਾਂ ਕਿਸਾਨ ਪੰਜਾਬ ਅਤੇ ਹਰਿਆਣਾ ਵਿੱਚ ਇਸ ਅਸਧਾਰਣ ਗਰਮ ਸਰਦੀ ਨਾਲ ਜੂਝ ਰਹੇ ਹਨ। ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਭਰੋਖਾਂ ਪਿੰਡ ਦੇ ਕਿਸਾਨ ਰਮਨ ਢਾਕਾ ਦੱਸਦੇ ਹਨ, "ਇਸ ਸਾਲ ਗਰਮੀ ਨੇ ਪਿੰਡ ਦੇ ਜ਼ਿਆਦਾਤਰ ਕਿਸਾਨਾਂ ਨੂੰ ਡਰਾ ਦਿੱਤਾ ਹੈ। ਆਮ ਤੌਰ 'ਤੇ ਹਰਿਆਣਾ-ਪੰਜਾਬ ਵਿੱਚ ਕਣਕ ਦੀ ਫ਼ਸਲ ਨੂੰ 3 ਵਾਰ ਪਾਣੀ ਲਗਦਾ ਹੈ, ਪਰ ਇਸ ਵਾਰ ਗਰਮੀ ਦੇ ਡਰ ਕਰ ਕੇ ਲੋਕਾਂ ਨੇ ਘੱਟੋ-ਘੱਟ 4 ਵਾਰ ਸਿੰਚਾਈ ਕੀਤੀ ਹੈ, ਤਾਂ ਜੋ ਫ਼ਸਲ ਵਿੱਚ ਨਮੀ ਬਣੀ ਰਹੇ ਅਤੇ ਉਹ ਜਲਦੀ ਨਾ ਪੱਕੇ। ਪਰ ਇਸ ਵਾਰ ਘਾਹ-ਫੂਸ ਦਾ ਅਸਰ ਵੀ ਵੱਧ ਹੈ। ਦਵਾਈ ਛਿੜਕਣ ਦੇ ਬਾਵਜੂਦ ਗੁੱਲੀ-ਡੰਡਾ ਤੇ ਹੋਰ ਘਾਹ ਜਿਉਂ ਦੀ ਤਿਉਂ ਖੜੀ ਹੈ। ਇਸ ਦੋਹਰੀ ਮਾਰ ਤੋਂ ਬਚਾਉਣ ਲਈ ਕਿਸਾਨਾਂ ਨੂੰ ਘੱਟੋ-ਘੱਟ 400 ਰੁਪਏ ਪ੍ਰਤੀ ਕੁਇੰਟਲ ਬੋਨਸ ਮਿਲਣਾ ਚਾਹੀਦਾ ਹੈ।"

ਜਿਸ ਤਰ੍ਹਾਂ ਹਰਿਆਣਾ ਦੇ ਕਿਸਾਨ ਰਮਨ ਨੇ ਇਸ ਵਾਰ ਆਪਣੀ ਫ਼ਸਲ ਵਿੱਚ ਚਾਰ ਵਾਰ ਸਿੰਚਾਈ ਕੀਤੀ ਹੈ, ਉਸੇ ਤਰ੍ਹਾਂ ਪੰਜਾਬ ਦੇ ਕਿਸਾਨ ਮਲਕੀਤ ਸਿੰਘ ਨੇ ਵੀ ਆਪਣੇ ਖੇਤਾਂ ਵਿੱਚ ਚਾਰ ਵਾਰ ਪਾਣੀ ਲਾਇਆ ਹੈ। ਮਲਕੀਤ ਸਿੰਘ ਨੇ ਸਾਲ 2022 ਦੇ ਸੀਜ਼ਨ ਨੂੰ ਯਾਦ ਕਰਦੇ ਹੋਏ ਦੱਸਿਆ, "ਇਸ ਵਾਰ ਫਰਵਰੀ-ਮਾਰਚ ਵਿੱਚ ਜੋ ਗਰਮੀ ਪਈ ਹੈ, ਉਹੀ ਹਾਲਾਤ 2022 ਵਿੱਚ ਵੀ ਸਨ। ਉਸ ਸਾਲ ਵੀ ਗਰਮੀ ਜਲਦੀ ਆ ਗਈ ਸੀ, ਜਿਸ ਕਰ ਕੇ ਸਾਡੀ ਕਣਕ ਦੇ ਝਾੜ 'ਚ 5-7 ਮਣ ਪ੍ਰਤੀ ਏਕੜ ਦਾ ਫ਼ਰਕ ਪਿਆ ਸੀ। ਉਹੀ ਡਰ ਇਸ ਵਾਰ ਵੀ ਸਤਾਉਂਦਾ ਹੈ।"

ਸਾਲ 2022 ਦੇ ਫਰਵਰੀ ਅਤੇ ਮਾਰਚ ਮਹੀਨਿਆਂ ਵਿੱਚ ਪਈ ਗਰਮੀ ਕਰ ਕੇ ਪੰਜਾਬ ਅਤੇ ਹਰਿਆਣਾ ਵਿੱਚ ਉਸ ਸਾਲ 13 ਤੋਂ 16 ਫ਼ੀਸਦੀ ਤੱਕ ਘੱਟ ਪੈਦਾਵਾਰ ਹੋਈ ਸੀ। ਕਈ ਜ਼ਿਲ੍ਹਿਆਂ ਵਿੱਚ ਇਸ ਤੋਂ ਵੀ ਵੱਧ ਅਸਰ ਪਿਆ ਸੀ। ਭਾਰਤੀ ਖੇਤੀ ਖੋਜ ਕੇਂਦਰ ਦੇ ਸਾਬਕਾ ਚੀਫ਼ ਵਿਗਿਆਨੀ ਡਾ. ਵੀਰੇਂਦਰ ਲਾਠਰ ਕਹਿੰਦੇ ਹਨ, "ਸਮੇਂ 'ਤੇ ਬੀਜੀ ਗਈ ਕਣਕ ਵਿੱਚ 7-8 ਫ਼ੀਸਦੀ ਅਤੇ ਦੇਰ ਨਾਲ ਬੀਜੀ ਗਈ ਫ਼ਸਲ ਵਿੱਚ 10 ਫ਼ੀਸਦੀ ਤੱਕ ਨੁਕਸਾਨ ਹੋ ਸਕਦਾ ਹੈ। ਜੇ ਤਾਪਮਾਨ ਇਵੇਂ ਹੀ ਵਧਦਾ ਰਿਹਾ ਤਾਂ ਫ਼ਸਲ ਆਮ ਸਮੇਂ ਨਾਲੋਂ 10-15 ਦਿਨ ਪਹਿਲਾਂ ਪੱਕ ਜਾਵੇਗੀ।"

ਜਨਵਰੀ-ਫਰਵਰੀ-ਮਾਰਚ 2026 ਦੀ ਇਸ ਸਰਦੀ ਨੂੰ ਵੇਖੀਏ ਤਾਂ ਮੌਸਮ ਵਿਗਿਆਨੀਆਂ ਮੁਤਾਬਕ ਇਹ ਆਮ ਤੋਂ ਕਾਫ਼ੀ ਵੱਧ ਗਰਮ ਰਹੀ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਕ੍ਰਿਸ਼ੀ ਮੌਸਮ ਵਿਗਿਆਨ ਦੀ ਪ੍ਰੋ. ਪਵਨੀਤ ਕੌਰ ਕਿੰਗਰਾ ਦੱਸਦੇ ਹਨ, "ਇਸ ਸਾਲ ਮੌਸਮ ਵਿੱਚ ਬਦਲਾਅ ਜ਼ਿਆਦਾ ਰਹੇ। ਗਲੋਬਲ ਵਾਰਮਿੰਗ ਕਰ ਕੇ ਹਵਾਈ ਦਬਾਅ ਅਤੇ ਹਵਾਵਾਂ ਦੇ ਰੁਝਾਨ ਬਦਲ ਰਹੇ ਹਨ, ਜਿਸ ਨਾਲ ਮੌਸਮ ਹੋਰ ਅਸਥਿਰ ਹੋ ਰਿਹਾ ਹੈ। ਇਸ ਵਾਰ ਫਰਵਰੀ ਤੇ ਮਾਰਚ ਦੇ ਵਿਚਕਾਰ ਤੱਕ ਵੈਸਟਰਨ ਡਿਸਟਰਬੈਂਸ ਸਿਸਟਮ ਵਿਕਸਿਤ ਨਹੀਂ ਹੋਇਆ, ਜਿਸ ਕਰ ਕੇ ਤਾਪਮਾਨ ਵਧਿਆ ਅਤੇ ਆਸਮਾਨ ਵੀ ਸਾਫ਼ ਰਿਹਾ। ਹਾਲਾਂਕਿ ਪਿਛਲੇ ਦੋ ਦਿਨਾਂ ਵਿੱਚ ਤਾਪਮਾਨ ਵਿੱਚ ਥੋੜ੍ਹੀ ਮਨੀ ਵੇਖੀ ਗਈ ਹੈ, ਇਸ ਲਈ ਹੁਣੇ ਕੁਝ ਪੱਕਾ ਨਹੀਂ ਕਿਹਾ ਜਾ ਸਕਦਾ ਪਰ ਮਾਰਚ ਵਿੱਚ ਆਮ ਨਾਲੋਂ ਲਗਭਗ 5 ਡਿਗਰੀ ਵੱਧ ਤਾਪਮਾਨ ਰਿਹਾ ਹੈ।"

ਪੰਜਾਬ ਵਿੱਚ ਫਰਵਰੀ ਮਹੀਨੇ ਦੌਰਾਨ ਤਾਪਮਾਨ ਆਮ ਨਾਲੋਂ ਕਾਫ਼ੀ ਵੱਧ ਰਿਹਾ ਅਤੇ ਸੂਬੇ ਵਿੱਚ ਬਾਰਿਸ਼ ਵੀ ਬਹੁਤ ਘੱਟ ਹੋਈ। ਪੂਰੇ ਮਹੀਨੇ ਵਿੱਚ ਸਿਰਫ਼ 0.6 ਮਿਲੀਮੀਟਰ ਬਾਰਿਸ਼ ਦਰਜ ਹੋਈ, ਜੋ ਕਿ ਔਸਤ 27.1 ਮਿਲੀਮੀਟਰ ਨਾਲੋਂ 98 ਫ਼ੀਸਦੀ ਘੱਟ ਸੀ। ਅੰਮ੍ਰਿਤਸਰ ਵਿੱਚ ਵੱਧ ਤੋਂ ਵੱਧ ਤਾਪਮਾਨ 26.7 ਡਿਗਰੀ ਸੈਲਸੀਅਸ ਤੋਂ ਲੈ ਕੇ ਰੋਪੜ ਅਤੇ ਪਟਿਆਲਾ ਵਿੱਚ 29.6 ਡਿਗਰੀ ਤੱਕ ਰਿਹਾ, ਜੋ ਆਮ ਨਾਲੋਂ 5.8 ਡਿਗਰੀ ਵੱਧ ਸੀ। ਘੱਟ ਤੋਂ ਘੱਟ ਤਾਪਮਾਨ ਵੀ 11.9 ਤੋਂ 15.5 ਡਿਗਰੀ ਦੇ ਵਿਚਕਾਰ ਰਿਹਾ, ਜੋ ਕਈ ਥਾਵਾਂ 'ਤੇ 4.7 ਡਿਗਰੀ ਤੱਕ ਵੱਧ ਸੀ।

ਸਿਰਫ਼ ਪੂਰਬੀ ਅਤੇ ਦੱਖਣੀ ਸਰਹੱਦੀ ਜ਼ਿਲ੍ਹਿਆਂ-ਬਠਿੰਡਾ, ਫਰੀਦਕੋਟ, ਹੁਸ਼ਿਆਰਪੁਰ, ਲੁਧਿਆਣਾ, ਮਾਨਸਾ, ਪਠਾਨਕੋਟ, ਪਟਿਆਲਾ, ਰੋਪੜ, ਸੰਗਰੂਰ ਅਤੇ ਨਵਾਂਸ਼ਹਿਰ ਵਿੱਚ ਹੀ ਥੋੜ੍ਹੀ ਬਾਰਿਸ਼ ਹੋਈ, ਜਦਕਿ ਬਾਕੀ ਜ਼ਿਲ੍ਹਿਆਂ ਵਿੱਚ ਸੋਕਾ ਰਿਹਾ। ਮਾਰਚ ਵਿੱਚ ਤਾਂ ਪੰਜਾਬ ਦੇ ਫਰੀਦਕੋਟ, ਬਠਿੰਡਾ ਅਤੇ ਮਾਲਵਾ ਦੇ ਕਈ ਇਲਾਕਿਆਂ ਵਿੱਚ ਤਾਪਮਾਨ 34 ਡਿਗਰੀ ਤੱਕ ਪਹੁੰਚ ਗਿਆ ਸੀ, ਜੋ ਆਮ ਨਾਲੋਂ 6 ਡਿਗਰੀ ਵੱਧ ਸੀ। ਫਰਵਰੀ ਅਤੇ ਮਾਰਚ ਦੇ ਪਹਿਲੇ ਦੋ ਹਫ਼ਤਿਆਂ ਦੇ ਸੋਕੇ ਨੇ ਹੀ ਕਣਕ ਅਤੇ ਜੌਂ ਵਰਗੀਆਂ ਰਬੀ ਫ਼ਸਲਾਂ 'ਤੇ ਹੀਟ ਸਟ੍ਰੈੱਸ ਦਾ ਖ਼ਤਰਾ ਵਧਾ ਦਿੱਤਾ ਅਤੇ ਕਿਸਾਨਾਂ ਦੀ ਚਿੰਤਾ ਹੋਰ ਵਧ ਗਈ।

ਇਸ ਗਰਮ ਸਰਦੀ ਦਾ ਅਸਰ ਖੇਤੀ 'ਤੇ ਵੱਧ ਪੈਣਾ ਸੀ ਪਰ ਪਿਛਲੇ ਦਿਨਾਂ ਵਿੱਚ ਤਾਪਮਾਨ ਵਿੱਚ ਆਈ ਕਮੀ ਨੇ ਉਮੀਦ ਦੀ ਇੱਕ ਕਿਰਣ ਦਿਖਾਈ ਹੈ। ਪੀ.ਏ.ਯੂ. ਦੇ ਖੇਤੀ ਅਰਥਸ਼ਾਸਤਰੀ ਡਾ. ਹਰਿਰਾਮ ਸ਼ਰਮਾ ਕਹਿੰਦੇ ਹਨ, "ਫਰਵਰੀ ਅਤੇ ਮਾਰਚ ਵਿੱਚ ਵੱਧ ਤਾਪਮਾਨ ਕਾਰਨ ਕਣਕ, ਸਰੋਂ ਅਤੇ ਛੋਲਿਆਂ 'ਤੇ ਹੀਟ ਸਟ੍ਰੈੱਸ ਪੈ ਸਕਦਾ ਸੀ, ਜਿਸ ਨਾਲ ਪੰਜਾਬ ਅਤੇ ਹਰਿਆਣਾ ਵਿੱਚ ਕਣਕ ਦੀ ਪੈਦਾਵਾਰ 10 ਫ਼ੀਸਦੀ ਤੱਕ ਘੱਟ ਹੋ ਸਕਦੀ ਸੀ; ਪਰ ਤਾਪਮਾਨ ਵਿੱਚ ਆਈ ਕਮੀ ਨਾਲ ਨੁਕਸਾਨ ਘੱਟ ਹੋਣ ਦੀ ਸੰਭਾਵਨਾ ਹੈ। ਜੋ ਫ਼ਸਲ ਪਹਿਲਾਂ ਹੀ ਸੁਨਹਿਰੀ ਹੋ ਕੇ ਪੱਕਣ ਵੱਲ ਵੱਧ ਚੁੱਕੀ ਹੈ, ਉਸ ਦਾ ਨੁਕਸਾਨ ਘੱਟ ਨਹੀਂ ਹੋਵੇਗਾ, ਪਰ ਜੋ ਅਜੇ ਹਰੀ ਹੈ, ਉਸ ਨੂੰ ਜ਼ਰੂਰ ਫਾਇਦਾ ਹੋਵੇਗਾ। ਇਸ ਤੋਂ ਪਹਿਲਾਂ 2022 ਵਿੱਚ ਲਗਭਗ 13 ਤੋਂ 16 ਫ਼ੀਸਦੀ ਘੱਟ ਪੈਦਾਵਾਰ ਹੋਈ ਸੀ।"

ਸਾਲ 2022 ਤੋਂ ਮਿਲੇ ਸਬਕ ਕਰ ਕੇ ਇਸ ਵਾਰ ਹਰਿਆਣਾ ਅਤੇ ਪੰਜਾਬ ਦੇ ਖੇਤੀ ਨਾਲ ਜੁੜੇ ਅਦਾਰੇ ਹੋਰ ਜ਼ਿਆਦਾ ਚੌਕਸ ਦਿਖੇ। ਫਰਵਰੀ ਵਿੱਚ ਆਮ ਨਾਲੋਂ ਘੱਟ ਬਾਰਿਸ਼ ਨੇ ਸਭ ਨੂੰ ਚਿੰਤਤ ਕਰ ਦਿੱਤਾ ਸੀ।

ਹਰਿਆਣਾ ਐਗਰੀਕਲਚਰ ਯੂਨੀਵਰਸਿਟੀ ਵਿੱਚ ਕਣਕ ਦੇ ਮਾਹਿਰ ਡਾ. ਵਿਕਰਮ ਕਾਲੀਰਮਣ ਦੱਸਦੇ ਹਨ, "ਅੱਜ ਕੱਲ੍ਹ ਕਣਕ ਦੀਆਂ ਜੋ ਕਿਸਮਾਂ ਚੱਲ ਰਹੀਆਂ ਹਨ, ਉਨ੍ਹਾਂ 'ਤੇ 30 ਡਿਗਰੀ ਤੱਕ ਦੇ ਤਾਪਮਾਨ ਦਾ ਵੱਡਾ ਅਸਰ ਨਹੀਂ ਪੈਂਦਾ, ਪਰ ਜੇ ਤਾਪਮਾਨ 35 ਡਿਗਰੀ ਤੱਕ ਪਹੁੰਚ ਜਾਵੇ ਤਾਂ ਕਣਕ ਅਤੇ ਜੌਂ ਦੀ ਫ਼ਸਲ ਪ੍ਰਭਾਵਿਤ ਹੁੰਦੀ ਹੈ। ਹਰਿਆਣਾ ਦੇ ਕਈ ਇਲਾਕਿਆਂ ਵਿੱਚ ਇਸ ਵਾਰ ਮਾਰਚ ਦਾ ਦੂਜਾ ਹਫ਼ਤਾ ਕਾਫ਼ੀ ਗਰਮ ਰਿਹਾ। ਇਸ ਲਈ ਅਸੀਂ ਇਸ ਵਾਰ ਐਡਵਾਇਜ਼ਰੀ ਜਾਰੀ ਕਰ ਕੇ ਕਿਸਾਨਾਂ ਨੂੰ ਹਲਕੀ ਸਿੰਚਾਈ ਅਤੇ 2 ਫ਼ੀਸਦੀ ਪੋਟੈਸ਼ੀਅਮ ਨਾਈਟਰੇਟ ਦਾ ਛਿੜਕਾਅ ਕਰਨ ਦੀ ਸਲਾਹ ਦਿੱਤੀ ਸੀ, ਤਾਂ ਜੋ ਗਰਮੀ ਦਾ ਅਸਰ ਘੱਟ ਹੋ ਸਕੇ।"

ਭਾਰਤੀ ਕਿਸਾਨ ਯੂਨੀਅਨ (ਭਗਤ ਸਿੰਘ) ਦੇ ਬੁਲਾਰੇ ਤੇਜਬੀਰ ਸਿੰਘ ਦੱਸਦੇ ਹਨ, "ਇਸ ਵਾਰ ਫਰਵਰੀ ਵਿੱਚ ਜ਼ਿਆਦਾਤਰ ਦਿਨ (20-25) ਤਾਪਮਾਨ ਆਮ ਨਾਲੋਂ ਵੱਧ ਰਿਹਾ, ਜਦਕਿ ਮਾਰਚ ਦੇ ਪਹਿਲੇ ਦੋ ਹਫ਼ਤਿਆਂ ਵਿੱਚ 10 ਦਿਨ ਹੀਟਵੇਵ ਵਰਗੇ ਰਹੇ। ਕੁੱਲ ਮਿਲਾ ਕੇ 60 ਫ਼ੀਸਦੀ ਤੋਂ ਵੱਧ ਦਿਨ ਗਰਮ ਰਹੇ। ਇਹ ਹਾਲਤ ਕਿਸਾਨਾਂ ਦੀ ਕਮਰ ਤੋੜ ਰਹੀ ਹੈ। ਜੇ ਇਹ ਰੁਝਾਨ ਜਾਰੀ ਰਿਹਾ ਤਾਂ ਉੱਤਰੀ ਭਾਰਤ ਦੀ ਖੇਤੀ ਅਰਥਵਿਵਸਥਾ ਲਈ ਵੱਡਾ ਖ਼ਤਰਾ ਹੈ। ਸਰਕਾਰਾਂ ਨੂੰ ਇਸ 'ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਸਾਡੀ ਮੰਗ ਹੈ ਕਿ ਕਿਸਾਨਾਂ ਨੂੰ ਘੱਟੋ-ਘੱਟ 500 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ।"

ਇਸ ਵਾਰ ਹਰਿਆਣਾ-ਪੰਜਾਬ ਦੇ ਪਿੰਡਾਂ ਵਿੱਚ ਇੱਕ ਆਮ ਸਵਾਲ ਲਗਭਗ ਹਰ ਕਿਸੇ ਦੇ ਮੂੰਹੋਂ ਸੁਣਨ ਨੂੰ ਮਿਲਿਆ- "ਸਰਦੀ ਕਿੱਥੇ ਗਈ?" ਕਿਸਾਨ ਰਮਨ ਢਾਕਾ ਕਹਿੰਦੇ ਹਨ, "ਪਿਛਲੇ ਦਸ-ਪੰਦਰਾਂ ਸਾਲਾਂ ਤੋਂ ਸਰਦੀ ਦਾ ਸਮਾਂ ਲਗਾਤਾਰ ਘਟਦਾ ਜਾ ਰਿਹਾ ਹੈ। ਫਰਵਰੀ ਵਿੱਚ ਹੀ ਅਪ੍ਰੈਲ ਵਰਗਾ ਮੌਸਮ ਮਹਿਸੂਸ ਹੋਣ ਲੱਗਦਾ ਹੈ। ਮਾਰਚ ਦੇ ਸ਼ੁਰੂ ਵਿੱਚ ਹੀ ਮੇਰੇ ਜ਼ਿਲ੍ਹੇ ਦਾ ਤਾਪਮਾਨ 34 ਡਿਗਰੀ ਹੋ ਗਿਆ ਸੀ। ਹੁਣ ਸਾਡੇ ਇਲਾਕੇ ਵਿੱਚ ਸਰਦੀ ਵੀ ਘੱਟ ਰਹੀ ਹੈ, ਕਣਕ ਦੇ ਸਿੱਟੇ ਵੀ ਸੁੰਗੜ ਰਹੇ ਹਨ ਅਤੇ ਕਿਸਾਨਾਂ ਦੀ ਆਮਦਨ ਵੀ ਘੱਟ ਰਹੀ ਹੈ।"

---

**ਮਾਣ**



**ਸੁਖਜੀਤ ਸਿੰਘ ਵਿਰਕ**
ਫੋਨ+91-9815897878

# ਇਹ ਵੀ ਸਾਡਾ ਦੇਸ਼ ਹੈ...

ਕੇਰਲ ਦੀ ਰਾਜਧਾਨੀ ਤ੍ਰਿਵੇਂਦਰਮ ਵਿਖੇ ਪਿਛਲੇ ਦਿਨੀਂ ਭਾਸ਼ਾਵਾਂ ਨਾਲ ਸੰਬੰਧਿਤ ਇੱਕ ਸੈਮੀਨਾਰ ਵਿੱਚ ਸ਼ਾਮਿਲ ਹੋਣ ਲਈ ਪੰਜਾਬੀ ਭਾਸ਼ਾ ਵਿਗਿਆਨ ਦੇ ਉੱਘੇ ਵਿਦਵਾਨ ਪ੍ਰੋਫੈਸਰ ਭੁਪਿੰਦਰ ਸਿੰਘ ਖੈਰਾ ਦੀ ਅਗਵਾਈ ਵਾਲੇ ਵਫਦ ਵਿੱਚ ਪ੍ਰੋਫੈਸਰ ਹਰਪਾਲ ਸਿੰਘ ਭੱਟੀ ਅਤੇ ਲੈਕਚਰਰ ਰਾਜੂ ਨਵਾਟੀਆ ਸਮੇਤ ਮੈਂ ਵੀ ਸ਼ਾਮਿਲ ਸਾਂ। ਵਿਚਾਰ ਗੋਸ਼ਟੀ ਤੋਂ ਵਾਧੂ ਸਮੇਂ ਦਾ ਆਨੰਦ ਲੈਣ ਲਈ ਕੰਨਿਆਂ ਕੁਮਾਰੀ ਘੁੰਮਣ ਜਾਣ ਦਾ ਇਰਾਦਾ ਬਣਿਆ ਤਾਂ ਅਸੀਂ ਆਪਣਾ ਲੋੜੀਂਦਾ ਅਤੇ ਜ਼ਰੂਰੀ ਕੀਮਤੀ ਸਮਾਨ ਇੱਕ ਸਾਂਝੇ ਬੈਗ ਵਿੱਚ ਪਾ ਲਿਆ। ਇੱਕ ਆਟੋ ਵਿੱਚ ਸਵਾਰ ਹੋ ਕੇ ਰੇਲਵੇ ਸਟੇਸ਼ਨ ਲਈ ਨਿਕਲ ਪਏ ਤੇ ਬੈਗ ਆਟੋ ਦੀ ਢੋਹ ਵਾਲੇ ਪਾਸੇ ਪਿੱਛੇ ਰੱਖ ਦਿੱਤਾ। ਰਸਤੇ ਵਿੱਚ ਅਸੀਂ ਦੁਬਲੇ-ਪਤਲੇ ਦਰਮਿਆਨੇ ਕੱਦ ਅਤੇ ਕਾਲੇ ਰੰਗ ਵਾਲੇ ਉਸ ਆਟੋ ਰਿਕਸ਼ਾ ਚਾਲਕ ਦੀ ਸ਼ਕਲ ਸੂਰਤ ਬਾਰੇ ਹੱਸਦਿਆਂ ਹੋਇਆਂ ਪੰਜਾਬੀ ਵਿੱਚ ਖੂਬ ਮਜਾਹੀਆ ਗੱਲਾਂ ਕੀਤੀਆਂ, ਪਰ ਉਹ ਸਾਡੀਆਂ ਗੱਲਾਂ ਤੋਂ ਬੇਖਬਰ ਆਪਣੀ ਹੀ ਧੁਨ ਵਿੱਚ ਮਸਤ ਆਟੋ ਚਲਾ ਰਿਹਾ ਸੀ। ਉਹ ਕੁਝ ਹੀ ਸਮੇਂ ਵਿੱਚ ਸਾਨੂੰ ਰੇਲਵੇ ਸਟੇਸ਼ਨ 'ਤੇ ਛੱਡ ਕੇ ਆਪਣਾ ਬਣਦਾ ਕਿਰਾਇਆ ਲੈ ਕੇ ਚਲਾ ਗਿਆ। ਜਦੋਂ ਅਸੀਂ ਸਟੇਸ਼ਨ ਦੀ ਭੀੜ ਵਿੱਚ ਘੁੰਮਦੇ ਗੱਡੀ ਨਾਲ ਸੰਬੰਧਿਤ ਪਲੈਟਫਾਰਮ ਦੀ ਤਲਾਸ਼ ਕਰ ਰਹੇ ਸਾਂ ਤਾਂ ਯਾਦ ਆਇਆ ਕਿ ਅਸੀਂ ਆਪਣਾ ਸਮਾਨ ਵਾਲਾ ਬੈਗ ਤਾਂ ਆਟੋ ਵਿੱਚ ਹੀ ਭੁੱਲ ਆਏ ਸਾਂ ਅਤੇ ਉਦੋਂ ਤੱਕ ਕਾਫੀ ਦੇਰ ਹੋ ਚੁੱਕੀ ਸੀ। ਅਸੀਂ ਬੇਹੱਦ ਪ੍ਰੇਸ਼ਾਨ ਸਾਂ, ਕਿਉਂਕਿ ਇਹ ਤਾਂ ਕੇਰਲ ਦੀ ਰਾਜਧਾਨੀ ਦਾ ਰੇਲਵੇ ਸਟੇਸ਼ਨ ਸੀ, ਜਿੱਥੇ ਸੈਂਕੜਿਆਂ ਦੀ ਗਿਣਤੀ ਵਿੱਚ ਘੁੰਮ ਰਹੇ ਆਟੋ ਰਿਕਸ਼ਿਆਂ ਵਿੱਚ ਉਹ ਆਟੋ ਵਾਲਾ ਕਿੱਧਰ ਚਲਾ ਗਿਆ ਹੋਵੇਗਾ, ਕੁਝ ਵੀ ਪਤਾ ਨਹੀਂ ਸੀ ਅਤੇ ਨਾ ਹੀ ਅਸੀਂ ਆਟੋ ਦਾ ਨੰਬਰ ਦੇਖਿਆ ਸੀ। ਸਾਡਾ ਘੁੰਮਣ-ਫਿਰਨ ਦਾ ਸਾਰਾ ਚਾਅ ਉੱਡ-ਪੁੱਡ ਗਿਆ ਸੀ ਅਤੇ ਸਾਰਾ ਪ੍ਰੋਗਰਾਮ ਧਰਿਆ ਧਰਾਇਆ ਰਹਿ ਗਿਆ ਸੀ।

ਪੰਜਾਬ ਅਤੇ ਇਰਦ-ਗਿਰਦ ਵਾਪਰਦੀਆਂ ਘਟਨਾਵਾਂ ਬਾਰੇ ਯਾਦ ਕਰਕੇ ਭੈੜੇ-ਭੈੜੇ ਖਿਆਲ ਮਨ ਵਿੱਚ ਆ ਰਹੇ ਸਨ ਕਿ ਆਟੋ ਵਿੱਚ ਲੜਕੀ ਨਾਲ ਬਲਾਤਕਾਰ ਹੋਇਆ, ਹਾਦਸੇ ਵਿੱਚ ਜ਼ਖਮੀ ਹੋਏ ਲੋਕਾਂ ਦੇ ਨਗਦੀ ਅਤੇ ਗਹਿਣੇ ਕੋਈ ਚੋਰੀ ਕਰ ਕੇ ਲੈ ਗਿਆ, ਘਰ ਅੱਗੇ ਖੜੀ ਗੱਡੀ ਦੇ ਟਾਇਰ ਚੋਰੀ ਹੋਏ, ਰਾਹ ਜਾਂਦੀ ਔਰਤ ਦੀ ਚੈਨ ਝਪਟ ਲਈ, ਪਰਸ ਜਾਂ ਮੋਬਾਈਲ ਖੋਹ ਲਿਆ- ਅਨੇਕਾਂ ਘਟਨਾਵਾਂ ਯਾਦ ਕਰਦਾ ਸੋਚ ਰਿਹਾ ਸਾਂ ਕਿ ਅਸੀਂ ਤਾਂ ਖੁਦ ਹੀ ਆਪਣਾ ਬੈਗ ਭੁੱਲ ਕੇ ਆਟੋ ਵਿੱਚ ਛੱਡ ਆਏ ਸਾਂ। ਭਾਵੇਂ ਪਤਾ ਸੀ ਕਿ ਸਾਡੀ ਸ਼ਨਾਖਤ ਨਾਲ ਸਬੰਧਤ ਕਾਫੀ ਦਸਤਾਵੇਜ਼ ਬੈਗ ਵਿੱਚ ਸਨ, ਜੋ ਆਟੋ ਵਾਲਾ ਵੇਖ ਕੇ ਸਾਡੇ ਨਾਲ ਸੰਪਰਕ ਕਰ ਸਕਦਾ ਸੀ, ਪਰ ਵੱਡਾ ਡਰ ਸਤਾਅ ਰਿਹਾ ਸੀ ਕਿ ਮੁਫਤ ਵਿੱਚ ਮਿਲਿਆ ਕੀਮਤੀ ਸਮਾਨ ਆਟੋ ਵਾਲਾ ਕਿਉਂ ਮੋੜੇਗਾ! ਅਸੀਂ ਕਾਫੀ ਦੇਰ ਇੱਕ-ਦੂਜੇ ਨਾਲ ਵਿਚਾਰ-ਵਟਾਂਦਰਾ ਕਰਦੇ ਸੋਚਾਂ ਵਿੱਚ ਪਏ ਹੋਏ ਸਾਂ ਕਿ ਕੀ ਕੀਤਾ ਜਾਵੇ!

ਅਚਾਨਕ ਹੈਰਾਨੀ ਅਤੇ ਖੁਸ਼ੀ ਨਾਲ ਸਾਡੇ ਮੂੰਹ ਖੁੱਲ੍ਹੇ ਦੇ ਖੁੱਲ੍ਹੇ ਰਹਿ ਗਏ, ਅਸੀਂ ਅਚੰਭਿਤ ਹੋਏ ਇੱਕ-ਦੂਜੇ ਵੱਲ ਤੱਕ ਰਹੇ ਸਾਂ। ਸਾਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਸੀ ਹੋ ਰਿਹਾ ਕਿ ਕੀ ਇਹ ਵੀ ਸਾਡਾ ਹੀ ਦੇਸ਼ ਹੈ, ਜਿੱਥੇ ਕੁਝ ਹੀ ਮਿੰਟਾਂ ਦੇ ਸਫਰ ਲਈ ਰਾਹ ਜਾਂਦਾ ਮਿਲਿਆ ਆਟੋ ਰਿਕਸ਼ਾ ਵਾਲਾ ਆਪਣੇ ਇਮਾਨ ਅਤੇ ਕਿਰਦਾਰ ਦੀ ਇੰਨੀ ਉੱਚੀ ਸੁੱਚੀ ਮਿਸਾਲ ਬਣ ਸਾਡੇ ਸਾਹਮਣੇ ਖੁਦ ਪਰਗਟ ਹੋ ਜਾਵੇਗਾ। ਉਹ ਸਾਨੂੰ ਲੱਭਦਿਆਂ ਰੇਲਵੇ ਪਲੈਟਫਾਰਮ ਦੀਆਂ ਪੌੜੀਆਂ ਚੜ੍ਹਦਿਆਂ-ਉੱਤਰਦਿਆਂ ਹੰਭ ਜਾਣ ਕਰਕੇ ਸਾਹੋ-ਸਾਹ ਹੋਇਆ ਸਾਡੇ ਸਾਹਮਣੇ ਖੜ੍ਹਾ ਸੀ। ਸਾਹ ਲੈ ਕੇ ਉਹ ਬੜੇ ਹੀ ਸਤਿਕਾਰ ਨਾਲ ਪ੍ਰੋਫੈਸਰ ਖੈਰਾ ਦੀ ਪੱਗ ਨੂੰ ਹੱਥ ਲਾ ਕੇ ਬੈਗ ਫੜਾਉਂਦਿਆਂ ਬੋਲਿਆ, "ਆਈ ਐਮ ਸੋ ਹੈਪੀ ਸਰਦਾਰ ਜੀ, ਯੂਅਰ ਟਰਬਨ ਹੈਲਪਡ ਮੀ ਟੂ ਟਰੇਸ ਆਊਟ ਯੂ, ਇਨ ਸੱਚ ਆ ਬਿੱਗ ਕਰਾਊਡ।"

ਅਸੀਂ ਦੰਗ ਹੋਏ ਉਸ ਦੀ ਇਮਾਨਦਾਰੀ ਅਤੇ ਸ਼ਾਨਦਾਰ ਅੰਗਰੇਜ਼ੀ ਉਚਾਰਣ ਦੀ ਪ੍ਰਸ਼ੰਸਾ ਕਰ ਰਹੇ ਸਾਂ, ਜੋ ਸਾਡੀ ਗਲਤੀ ਬਾਰੇ ਪਤਾ ਲੱਗਣ 'ਤੇ ਖੁਦ ਹੀ ਬੈਗ ਦੇਣ ਲਈ ਸਾਨੂੰ ਲੱਭਦਿਆਂ ਭੱਜਦਾ ਹੋਇਆ ਚਲਿਆ ਆਇਆ ਸੀ। ਅਸੀਂ ਬਦਲੇ ਵਿੱਚ ਉਸ ਦਾ ਧੰਨਵਾਦ ਕਰਨ ਵਾਸਤੇ ਕੁਝ ਨਗਦੀ ਦੇਣ ਦੀ ਪੇਸ਼ਕਸ਼ ਕੀਤੀ, ਪਰ ਉਹ ਆਟੋ ਵਾਲਾ ਤਾਂ ਰੱਜੀ ਹੋਈ ਰੂਹ ਦਾ ਰਾਜਾ ਨਿਕਲਿਆ ਅਤੇ ਸਾਡਾ ਦਿਲ ਹੀ ਲੁੱਟ ਕੇ ਲੈ ਗਿਆ ਜਦੋਂ ਉਹ ਉਲਟਾ ਸਾਡਾ ਹੀ ਧੰਨਵਾਦ ਕਰਦਿਆਂ ਬੋਲਿਆ, "ਨੋਅ ਸਰਦਾਰ ਜੀ ਨੋਅ, ਵੀ ਦਾ ਪੀਪਲ ਆਫ ਕੇਰਲਾ ਆਰ ਥੈਂਕਫੁੱਲ ਟੂ ਯੂ, ਐਜ਼ ਯੂ ਆਰ ਟੂਰਿਸਟ ਐਂਡ ਗੈਸਟ ਆਫ ਆਵਰ ਸਟੇਟ। ਇਟ ਵਾਜ਼ ਮਾਈ ਡਿਊਟੀ ਟੂਵਾਰਡਜ਼ ਯੂ ਪੀਪਲ ਟੂ ਫਾਈਂਡ ਆਊਟ ਯੂ, ਔਰ ਟੂ ਹੈਂਡ ਓਵਰ ਯੂਅਰ ਲਗੇਜ਼ ਟੂ ਦਾ ਪੋਲਿਸ।"

ਮੈਨੂੰ ਉਸਦੇ ਇੱਸ ਵਿਲੱਖਣ ਕਾਰਜ ਅਤੇ ਅੰਦਾਜ਼ 'ਤੇ ਰਸ਼ਕ ਆ ਰਿਹਾ ਸੀ। ਮੇਰਾ ਜੀਅ ਕਰ ਰਿਹਾ ਸੀ ਕਿ ਮੈਂ ਉਸਦੇ ਹੱਥ ਫੜ ਕੇ ਮੱਥਾ ਚੁੰਮ ਲਵਾਂ, ਉਸਦੇ ਕਾਲੇ ਰੰਗ ਪਰ ਦੁੱਧ ਚਿੱਟੇ ਦਿਲ ਵਿੱਚੋਂ ਉਭਰ ਰਹੇ ਸਫੈਦ ਸਿਦਕ ਦੇ ਸਦਕੇ ਜਾਵਾਂ। ਸਲਾਮ ਹੈ ਉਸ ਦੇ ਸ਼ਾਨਾਂਮੱਤੇ ਪ੍ਰਾਂਤ ਕੇਰਲ ਨੂੰ, ਜੋ ਆਪਣੇ ਲੋਕਾਂ ਨੂੰ ਇਸ ਕਦਰ ਸਿੱਖਿਅਤ, ਸੱਭਿਅਤ, ਕਾਬਲ ਅਤੇ ਜ਼ਿੰਮੇਵਾਰ ਬਣਾ ਰਿਹਾ ਹੈ ਕਿ ਉਹ ਆਪਣੀ ਮਿਸਾਲ ਆਪ ਹੀ ਹਨ।

-0-



# ਸ਼ਹੀਦ ਭਗਤ ਸਿੰਘ ਦੇ ਪਿੰਡ ਵਿੱਚ

***ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾ.ਲ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾ.ਲ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਇਤਿਹਾਸਕ ਪਿਛੋਕੜ ਦੇ ਵੇਰਵਿਆਂ ਨਾਲ ਵੀ ਭਰਪੂਰ ਹੈ ਅਤੇ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਬਾਰ੍ਹਵੀਂ ਕਿਸ਼ਤ, ਜਿਸ ਵਿੱਚ ਸ਼ਹੀਦ ਭਗਤ ਸਿੰਘ ਦੇ ਪਿੰਡ ਦੀ ਫੇਰੀ ਦਾ ਸੰਖੇਪ ਵੇਰਵਾ ਦਰਜ ਹੈ...***



**ਰਵਿੰਦਰ ਸਹਿਰਾਅ**
ਫੋਨ: 219-900-1115

ਪਹਿਲੀ ਮਾਰਚ, ਵੀਹ ਸੌ ਚੌਵੀ ਦਿਨ ਸ਼ੁੱਕਰਵਾਰ, ਲਾਹੌਰ ਵਿੱਚ ਮਾਧੋ ਲਾਲ ਹੁਸੈਨ (ਸ਼ਾਹ ਹੁਸੈਨ) ਦੀ ਯਾਦ ਵਿੱਚ 'ਮੇਲਾ ਚਿਰਾਗ਼ਾਂ ਦਾ' ਦੀ ਸ਼ੁਰੂਆਤ ਦਾ ਦਿਨ ਸੀ। ਦੱਸਦੇ ਹਨ ਕਿ ਕਦੀ ਹਜ਼ਾਰਾਂ ਦੀ ਗਿਣਤੀ 'ਚ ਲੋਕ ਸ਼ਾਮਲ ਹੁੰਦੇ ਸਨ ਪਰ ਹੁਣ ਤਾਂ ਕੁਝ ਅਦੀਬ ਹੀ ਇਕੱਠੇ ਹੋ ਕੇ ਮਨਾਉਂਦੇ ਹਨ। ਸਾਡਾ ਪ੍ਰੋਗਰਾਮ ਭਗਤ ਸਿੰਘ ਦੇ ਪਿੰਡ ਜਾਣ ਦਾ ਸੀ, ਸੋ ਅਸੀਂ ਸਵੇਰੇ ਨੌਂ ਕੁ ਵਜੇ ਨਿਕਲ ਪਏ। ਉਸਦਾ ਪਿੰਡ ਬੰਗਾ, ਤਹਿਸੀਲ ਜੜ੍ਹਾਂਵਾਲਾ (ਜ਼ਿਲ੍ਹਾ ਲਾਇਲਪੁਰ) ਵਿੱਚ ਹੈ, ਜੋ ਲਾਹੌਰ ਤੋਂ ਕਰੀਬ 140 ਕਿਲੋਮੀਟਰ ਹੈ। ਸਾਡਾ ਡਰਾਈਵਰ ਇਮਰਾਨ ਵੀ ਪਹਿਲੀ ਵੇਰ ਇੱਥੇ ਜਾ ਰਿਹਾ ਸੀ। ਤਾਹਿਰ ਸੰਧੂ ਵੀ ਸਾਡੇ ਨਾ.ਲ ਸੀ ਤੇ ਉਹ ਵੀ ਪਹਿਲੀ ਵੇਰ ਭਗਤ ਸਿੰਘ ਦੇ ਪਿੰਡ ਜਾ ਰਿਹਾ ਸੀ। ਗੱਲਾਂ-ਬਾਤਾਂ ਕਰਦੇ ਅਸੀਂ ਦੋ-ਢਾਈ ਘੰਟੇ ਵਿੱਚ ਜੜ੍ਹਾਂਵਾਲਾ ਪਹੁੰਚ ਗਏ। ਮੀਂਹ ਕਾਰਨ ਸੜਕਾਂ ਦਾ ਬੁਰਾ ਹਾਲ ਸੀ।

ਸੜਕ ਉੱਪਰ 'ਤਾਰੀਖ਼ੀ ਹਵੇਲੀ ਭਗਤ ਸਿੰਘ' ਦਾ ਸਾਈਨ ਲੱਗਾ ਦੇਖ ਕੇ ਸਾਨੂੰ ਚਾਅ ਚੜ੍ਹ ਗਿਆ। ਇਹ ਇੱਕ ਨਹਿਰ ਦੇ ਨਾ.ਲ ਜਾਂਦੀ ਸੜਕ ਵੱਲ ਇਸ਼ਾਰਾ ਕਰਦਾ ਦਿਖਾਇਆ ਗਿਆ ਸੀ। ਅਸੀਂ ਕਿਸੇ ਕੋਲੋਂ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਬਸ ਦੋ-ਤਿੰਨ ਕਿਲੋਮੀਟਰ ਜਾ ਕੇ ਖੱਬੇ ਪਾਸੇ ਮੁੜ ਜਾਇਓ; ਪਰ ਅਸੀਂ ਅਗਾਂਹ ਨਿਕਲ ਗਏ ਕਿਉਂਕਿ ਉੱਥੇ ਪਿੰਡ ਦਾ ਕੋਈ ਸਾਈਨ ਨਹੀਂ ਸੀ। ਪੱਠਿਆਂ ਨਾ.ਲ ਲੱਦੇ ਇੱਕ ਰੇੜ੍ਹੇ ਵਾਲੇ ਕੋਲੋਂ ਪੁੱਛਿਆ ਤਾਂ ਉਹਨੇ ਸਾਨੂੰ ਪਿਛਾਂਹ ਮੁੜਨ ਨੂੰ ਕਿਹਾ। ਇਹ ਇੱਕ ਕੱਚਾ ਜਿਹਾ ਰਾਹ ਸੀ। ਟੋਇਆਂ ਦੀ ਭਰਮਾਰ ਵਾਲਾ। ਚੰਗੀ ਕਿਸਮਤ ਨੂੰ ਮੀਂਹ ਨਹੀਂ ਸੀ ਪਿਆ, ਨਹੀਂ ਤਾਂ ਕਾਰ ਲਿਜਾਣੀ ਕਿਸੇ ਮੁਸੀਬਤ ਤੋਂ ਘੱਟ ਨਹੀਂ ਸੀ। ਸਾਨੂੰ ਦੁੱਖ ਵੀ ਹੋਇਆ ਕਿ ਸਾਡੇ ਕੌਮੀ ਸ਼ਹੀਦ ਦੇ ਪਿੰਡ ਨੂੰ ਜਾਂਦਾ ਇਹ ਛੋਟਾ ਜਿਹਾ ਟੋਟਾ ਵੀ ਪੱਕਾ ਨਹੀਂ ਕੀਤਾ ਗਿਆ।

ਅਸੀਂ ਪਿੰਡ ਵਿੱਚ ਪਹੁੰਚ ਗਏ। ਸ਼ਹੀਦ ਦੇ ਘਰ ਮੂਹਰੇ ਸਾਕਿਬ ਇਕਬਾਲ ਵਿਰਕ ਦੇ ਨਾਂ ਵਾਲਾ ਵੱਡਾ ਸਾਰਾ ਇਸ਼ਤਿਹਾਰੀ ਕਿਸਮ ਦਾ ਬੋਰਡ ਲੱਗਾ ਹੋਇਆ ਸੀ, ਜਿਸ ਉੱਪਰ ਉਸਦਾ ਫ਼ੋਨ ਨੰਬਰ ਵੀ ਲਿਖਿਆ ਹੋਇਆ ਸੀ। ਕੁਝ ਲੋਕ ਵੀ ਸਾਨੂੰ ਦੇਖ ਕੇ ਉੱਥੇ ਇਕੱਠੇ ਹੋ ਗਏ। ਇੱਕ ਨੌਜਵਾਨ ਨੇ ਦੱਸਿਆ ਕਿ ਸਾਕਿਬ ਨੂੰ ਫ਼ੋਨ ਕਰ ਲਉ, ਉਹ ਆ ਕੇ ਤੁਹਾਨੂੰ ਮਿਊਜ਼ੀਅਮ ਦਿਖਾ ਦੇਣਗੇ। ਤਾਹਿਰ ਨੇ ਰੁਕ-ਰੁਕ ਕੇ ਕਈ ਵਾਰ ਫ਼ੋਨ ਕੀਤਾ, ਪਰ ਕਿਸੇ ਵਜ੍ਹਾ ਕਾਰਨ ਉਨ੍ਹਾਂ ਫ਼ੋਨ ਨਾ ਚੁੱਕਿਆ। ਅਸੀਂ ਅੱਗੇ ਵਧੇ ਤੇ ਦੇਖਿਆ ਕਿ ਇੱਕ ਨੀਵੀਂ ਜਿਹੀ ਥਾਂ 'ਤੇ ਇੱਕ ਕਮਰੇ ਨੂੰ ਕੋਈ ਜਿੰਦਰਾ ਨਹੀਂ ਸੀ, ਸਿਰਫ਼ ਕੁੰਡਾ ਹੀ ਸੀ। ਨਾ.ਲ ਵਾਲੀ ਪੱਕੀ ਵੱਡ-ਆਕਾਰੀ ਇਮਾਰਤ ਜੋ ਦੱਸਦੇ ਨੇ ਹੁਣ ਸਾਕਿਬ ਇਕਬਾਲ ਹੋਰਾਂ ਦੀ ਮਲਕੀਅਤ ਹੈ, ਉੱਥੇ ਲੋਹੇ ਦਾ ਗੇਟ ਸੀ ਅਤੇ ਤਾਲਾ ਵੀ ਲੱਗਿਆ ਹੋਇਆ ਸੀ।

ਅਸੀਂ ਨੀਵੇਂ ਜਿਹੇ ਕਮਰੇ ਵੱਲ ਜਾ ਕੇ ਕੁੰਡਾ ਖੋਲ੍ਹਿਆ। ਅੰਦਰ ਹਨੇਰਾ ਸੀ। ਤਾਹਿਰ ਨੇ ਏਧਰ-ਓਧਰ ਦੇਖਿਆ (ਫ਼ੋਨ ਦੀ ਲੋਅ ਨਾ.ਲ) ਤਾਂ ਅੰਦਰ ਕੈਮਰੇ ਵੀ ਲੱਗੇ ਹੋਏ ਸਨ ਅਤੇ ਬਿਜਲੀ ਵਾਲੇ ਬਲਬ ਵੀ ਸਨ। ਉਸਨੇ ਬੱਤੀ ਜਗਾਈ। ਇਹ ਇੱਕ ਦਲਾਨ ਦੀ ਕਿਸਮ ਦਾ ਕਮਰਾ ਸੀ। ਕੰਧਾਂ ਉੱਪਰ ਗ਼ਦਰੀ ਬਾਬਿਆਂ ਦੀਆਂ ਫ਼ੋਟੋਆਂ ਟੰਗੀਆਂ ਹੋਈਆਂ ਸਨ। ਭਗਤ ਸਿੰਘ ਦੀ ਸ਼ਹਾਦਤ ਦੀ ਖ਼ਬਰ ਵਾਲੀਆਂ ਕੁਝ ਅਖ਼ਬਾਰਾਂ ਦੀਆਂ ਕਾਤਰਾਂ ਵੀ ਫ਼ਰੇਮ ਕਰਵਾ ਕੇ ਜੜੀਆਂ ਹੋਈਆਂ ਸਨ। ਭਗਤ ਸਿੰਘ ਦੀ ਮਾਤਾ ਦੀ ਚੱਕੀ ਵੀ ਇੱਕ ਖੂੰਜੇ ਵਿੱਚ ਸਾਂਭੀ ਹੋਈ ਸੀ। ਅਸੀਂ ਪੰਦਰਾਂ-ਵੀਹ ਮਿੰਟ ਰੁਕਣ ਤੋਂ ਬਾਅਦ ਬੱਤੀਆਂ ਬੁਝਾ ਕੇ ਕੁੰਡਾ ਲਗਾ ਕੇ ਬਾਹਰ ਆ ਗਏ।

ਬਾਹਰ ਆਏ ਤਾਂ ਪੰਦਰਾਂ-ਵੀਹ ਨੌਜੁਆਨ ਅਤੇ ਕੁਝ ਸਿਆਣੀ ਉਮਰ ਦੇ ਲੋਕ ਸਾਡੀ ਉਡੀਕ ਕਰ ਰਹੇ ਸਨ। ਮਾੜੀ-ਮਾੜੀ ਠੰਡ ਸੀ ਤੇ ਨਿੱਘੀ-ਨਿੱਘੀ ਧੁੱਪ ਨਾ.ਲ ਦਿਨ ਪੂਰਾ ਨਿੱਖਰਿਆ ਹੋਇਆ ਸੀ। ਇੱਕ ਰੇੜ੍ਹੀ ਵਾਲਾ ਤਾਜ਼ੇ ਅਮਰੂਦ ਵੇਚ ਰਿਹਾ ਸੀ। ਅਸੀਂ ਵਾਹਵਾ ਸਾਰੇ ਅਮਰੂਦ ਖ਼ਰੀਦੇ ਅਤੇ ਕੁਝ ਬੱਚਿਆਂ 'ਚ ਵੰਡ ਦਿੱਤੇ। ਇੱਕ ਟਰਾਲੀ ਵਾਲਾ ਗੰਨਿਆਂ ਦੀ ਲੱਦੀ ਟਰਾਲੀ ਲੈ ਕੇ ਲੰਘ ਰਿਹਾ ਸੀ, ਜਿਸਨੂੰ ਤਾਹਿਰ ਨੇ ਕੁਝ ਗੰਨੇ ਦੇਣ ਲਈ ਆਖਿਆ ਪਰ ਉਹਨੇ ਸਿਰ ਫੇਰ ਦਿੱਤਾ। ਮਗਰ ਹੀ ਇੱਕ ਹੋਰ ਗੰਨਿਆਂ ਨਾ.ਲ ਲੱਦੇ ਰੇੜ੍ਹੇ ਵਾਲ ਆ ਗਿਆ। ਉਸਨੇ ਸਾਡੇ ਕੋਲੇ ਰੁਕ ਕੇ ਕਿਹਾ, "ਸਰਦਾਰ ਜੀ ਚੜ੍ਹਦੇ ਬੰਨਿਉਂ ਆਏ ਹੋ?" ਨਾ.ਲ ਹੀ ਉਤਰ ਕੇ ਢੇਰ ਸਾਰੇ ਗੰਨੇ ਸਾਡੇ ਮੂਹਰੇ ਰੱਖ ਦਿੱਤੇ। ਕਹਿੰਦਾ, ਮੈਂ ਫ਼ੌਜ ਵਿੱਚ ਰਿਹਾ ਹਾਂ ਤੇ ਸਰਦਾਰਾਂ ਦੀ ਬਹੁਤ ਇੱਜ਼ਤ ਕਰਦਾਂ। ਨਿਆਣਿਆਂ ਨੇ ਵੀ ਹੱਥੋ ਹੱਥੀਂ ਗੰਨੇ ਫੜ੍ਹ ਲਏ। ਸਾਡੇ ਡਰਾਈਵਰ ਨੇ ਛੋਟੇ-ਛੋਟੇ ਟੋਟੇ ਕਰ ਕੇ ਡਿੱਗੀ ਵਿੱਚ ਰੱਖ ਲਏ। ਉਸ ਕਿਸਾਨ ਦਾ ਅਸੀਂ ਸ਼ੁਕਰਾਨਾ ਕੀਤਾ।

ਹੁਣ ਅਸੀਂ ਉਹ ਸਕੂਲ ਦੇਖਣਾ ਸੀ, ਜਿੱਥੇ ਭਗਤ ਸਿੰਘ ਪੜ੍ਹਦਾ ਰਿਹਾ ਸੀ। ਸਾਰੇ ਲੋਕ ਵੀ ਸਾਡੇ ਨਾ.ਲ ਹੋ ਤੁਰੇ। ਪਿੰਡ ਨਾ.ਲ ਹੀ ਥੋੜ੍ਹੀ ਜਿਹੀ ਵਿੱਥ ਉੱਪਰ ਇੱਕ ਕਮਰੇ ਵਾਲਾ ਉਹ ਪੁਰਾਣਾ ਸਕੂਲ ਅਜੇ ਵੀ ਸਾਂਭਿਆ ਹੋਇਆ ਹੈ। ਨਾ.ਲ ਹੀ ਨਵੀਂ ਇਮਾਰਤ ਵੀ ਬਣਾ ਦਿੱਤੀ ਗਈ ਹੈ। ਪੁਰਾਣੀ ਇਮਾਰਤ ਵਿੱਚ ਸ਼ਹੀਦ ਦੀਆਂ ਫ਼ੋਟੋਆਂ ਲੱਗੀਆਂ ਹੋਈਆਂ ਹਨ। ਸਾਨੂੰ ਦੇਖ ਕੇ ਨਾ.ਲ ਵਾਲੀ ਬਿਲਡਿੰਗ ਵਿੱਚੋਂ ਪੜ੍ਹ ਰਹੇ ਬੱਚੇ ਬਾਹਰ ਆ ਗਏ। ਉਸਤਾਦ ਜਿਹਦਾ ਨਾਂ ਇਮਰਾਨ ਸੀ, ਹੱਕਾ-ਬੱਕਾ ਦੇਖਦਾ ਰਹਿ ਗਿਆ। ਅੱਜ ਜ਼ੁੰਮਾ ਹੋਣ ਕਾਰਨ ਸਕੂਲ ਸਾਢੇ ਬਾਰਾਂ ਵਜੇ ਬੰਦ ਹੋਣਾ ਸੀ, ਪਰ ਅਜੇ ਤਾਂ ਸਵਾ ਗਿਆਰਾਂ ਹੀ ਹੋਏ ਸਨ। ਬੱਚਿਆਂ ਦੀ ਚਹਿਲ-ਪਹਿਲ ਦੇਖ ਕੇ ਤਾਹਿਰ ਨੇ ਉੱਚੀ ਦੇਣੀ ਕਿਹਾ, "ਆ ਜਾਓ ਬੱਚਿਓ, ਅੱਜ ਅੱਧੀ ਛੁੱਟੀ ਸਾਰੀ ਛੁੱਟੀ। ਬੱਸ ਫੇਰ ਕੀ ਸੀ ਬਾਕੀ ਬੱਚੇ ਵੀ ਰੌ.ਲਾ ਪਾਉਂਦੇ ਹੋਏ ਸਾਡੇ ਨਾ.ਲ ਆ ਰ.ਲੇ। ਉਸਤਾਦ ਵੀ ਆ ਗਿਆ, ਜੋ ਇੱਕ ਸੁਲਝਿਆ ਹੋਇਆ ਨੌਜੁਆਨ ਸੀ ਅਤੇ ਇਸੇ ਪਿੰਡ ਦਾ ਰਹਿਣ ਵਾਲਾ ਸੀ। ਅਸੀਂ ਭਗਤ ਸਿੰਘ ਵਾਲੇ ਸਕੂਲ ਵਿੱਚ ਬੱਚਿਆਂ ਨਾ.ਲ ਭਗਤ ਸਿੰਘ ਬਾਰੇ ਗੱਲਾਂ ਕੀਤੀਆਂ ਅਤੇ ਉਸਤਾਦ ਨੂੰ ਪੰਜ ਹਜ਼ਾਰ ਰੁਪਏ ਬੱਚਿਆਂ ਦੀਆਂ ਕਾਪੀਆਂ-ਕਿਤਾਬਾਂ ਆਦਿ ਲਈ ਦਿੱਤੇ। ਬੱਚਿਆਂ ਦੇ ਖਾਣ-ਪੀਣ ਲਈ ਵੀ ਕੁਝ ਰਕਮ ਉਸਤਾਦ ਨੂੰ ਦਿੱਤੀ। ਸਾਰੇ ਬੱਚੇ ਜੋ ਪੈਂਤੀ ਚਾਲੀ ਦੇ ਕਰੀਬ ਸਨ, ਕਿਲਕਾਰੀਆਂ ਮਾਰਦੇ ਸਾਡੇ ਨਾ.ਲ ਫ਼ੋਟੋਆਂ ਖਿਚਵਾਉਣ ਲੱਗ ਪਏ...। ਫਿਰ ਅਸੀਂ ਲਾਹੌਰ ਵੱਲ ਚਾਲੇ ਪਾ ਲਏ।

ਰਸਤੇ ਵਿੱਚ ਇੱਕ ਟਰੈਵਲ ਪਲਾਜ਼ੇ 'ਤੇ ਥੋੜ੍ਹਾ ਜਿਹਾ ਸੁਸਤਾਉਣ ਲਈ ਰੁਕੇ ਤਾਂ ਤਾਹਿਰ ਸੰਧੂ ਨੇ ਬਾਬਾ ਨਜ਼ਮੀ, ਜਿਨ੍ਹਾਂ ਦਾ ਘਰ ਸਾਡੇ ਹੋਟਲ ਦੇ ਰਸਤੇ ਵਿੱਚ ਹੀ ਆਉਂਦਾ ਸੀ, ਨੂੰ ਫ਼ੋਨ ਕੀਤਾ ਕਿ ਅਸੀਂ ਥੋੜ੍ਹੀ ਦੇਰ ਤੁਹਾਡੇ ਕੋਲ ਚਾਹ ਪੀਣ ਲਈ ਰੁਕਾਂਗੇ। ਬਾਬਾ ਨਜ਼ਮੀ ਜੀ ਤਾਂ ਬੱਸ ਘਰ ਰਾਤ ਕੱਟਣ ਹੀ ਆਉਂਦੇ ਨੇ। ਸਾਰਾ ਦਿਨ ਕੋਈ ਨਾ ਕੋਈ ਉਨ੍ਹਾਂ ਨੂੰ ਲੈਣ ਜਾਂ ਛੱਡਣ ਆਇਆ ਰਹਿੰਦਾ ਹੈ। ਜਦੋਂ ਤਾਹਿਰ ਨੇ ਫ਼ੋਨ ਕੀਤਾ ਤਾਂ ਉਹ ਬਾਹਰ ਜਾਣ ਲਈ ਤਿਆਰ ਬੈਠੇ ਸਨ, ਪਰ ਸਾਡੇ ਕਾਰਨ ਰੁਕ ਗਏ। ਅਸੀਂ ਪੰਦਰਾਂ-ਵੀਹ ਮਿੰਟ ਉਨ੍ਹਾਂ ਦੀ ਸੰਗਤ ਮਾਣੀ। ਉਨ੍ਹਾਂ ਦੀ ਬੇਗ਼ਮ ਨੇ ਸਾਡੀ ਵਾਹਵਾ ਆਓ-ਭਗਤ ਕੀਤੀ। ਬਾਬਾ ਜੀ ਨੂੰ ਸ਼ਾਇਦ ਅਹਿਮਦ ਰਜ਼ਾ ਦਾ ਫ਼ੋਨ ਆ ਰਿਹਾ ਸੀ ਤੇ ਉਹ ਵੀ ਸਾਨੂੰ ਮਿਲਣਾ ਚਾਹੁੰਦਾ ਸੀ। ਪਰ ਹੁਣ ਦੇਰ ਹੋ ਚੁੱਕੀ ਸੀ ਤੇ ਅਸੀਂ ਤਾਹਿਰ ਨੂੰ ਉਹਦੇ ਘਰ ਲਾਹ ਕੇ ਸਿੱਧੇ ਹੋਟਲ ਜਾਣਾ ਚਾਹੁੰਦੇ ਸੀ। ਬਾਬਾ ਜੀ ਸਾਨੂੰ ਚਹਿਲ-ਪਹਿਲ ਵਾਲੇ ਬਾਜ਼ਾਰ 'ਚੋਂ ਲੰਘਦਿਆਂ ਸਾਡੀ ਕਾਰ ਤੱਕ ਛੱਡਣ ਆਏ। ਅਸੀਂ ਉਨ੍ਹਾਂ ਦਾ ਸ਼ੁਕਰਾਨਾ ਕਰਦਿਆਂ ਉਨ੍ਹਾਂ ਨੂੰ ਫਿਰ ਮਿਲਣ ਦਾ ਵਾਅਦਾ ਕਰਕੇ ਇਜਾਜ਼ਤ ਲਈ।

-0-




**(1) ਸ਼ਹੀਦ ਭਗਤ ਸਿੰਘ ਦੇ ਵੇਲੇ ਦੀ ਚੱਕੀ ਦੇ ਪੁੜ (2) ਮਾਤਾ, ਪਿਤਾ ਤੇ ਸ਼ਹੀਦ ਦੀਆਂ ਫੋਟੋਆਂ ਅਤੇ (3) ਸ਼ਹੀਦ ਦੇ ਘਰ ਪਿੰਡ ਬੰਗਾ ਤਹਿਸੀਲ ਜੜ੍ਹਾਂ ਵਾਲਾ ਵਿਖੇ ਲੇਖਕ ਤੇ ਉਨ੍ਹਾਂ ਦੀ ਪਤਨੀ**

# ਪੰਜਾਬ ਦੀਆਂ ਸੜਕਾਂ 'ਤੇ ਦੌੜਦੀ ਫਿਰਦੀ ਮੌਤ

## *ਹਰ ਰੋਜ਼ 2 ਪੈਦਲ ਯਾਤਰੀਆਂ ਦੀ ਮੌਤ *ਤਿੰਨ ਸਾਲਾਂ ਵਿੱਚ 22 ਫ਼ੀਸਦੀ ਵਾਧਾ

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਵਿੱਚ ਸੜਕਾਂ 'ਤੇ ਪੈਦਲ ਚੱਲਣਾ ਦਿਨੋਂ-ਦਿਨ ਖ਼ਤਰਨਾਕ ਬਣਦਾ ਜਾ ਰਿਹਾ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਸੂਬੇ ਵਿੱਚ ਹਰ ਰੋਜ਼ ਔਸਤਨ ਦੋ ਪੈਦਲ ਯਾਤਰੀ ਸੜਕ ਹਾਦਸਿਆਂ ਵਿੱਚ ਆਪਣੀ ਜਾਨ ਗੁਆ ਰਹੇ ਹਨ। ਇਹ ਸਿਰਫ਼ ਇੱਕ ਅੰਕੜਾ ਨਹੀਂ, ਸਗੋਂ ਸੜਕ ਸੁਰੱਖਿਆ ਪ੍ਰਣਾਲੀ ਦੀਆਂ ਖ਼ਾਮੀਆਂ ਅਤੇ ਪ੍ਰਬੰਧਕੀ ਨਾਕਾਮੀਆਂ ਦੀ ਸਾਫ਼ ਤਸਵੀਰ ਪੇਸ਼ ਕਰਦਾ ਹੈ। ਸੜਕੀ ਟਰਾਂਸਪੋਰਟ ਅਤੇ ਰਾਜ-ਮਾਰਗ ਮੰਤਰਾਲੇ ਦੀ ਤਾਜ਼ਾ ਰਿਪੋਰਟ ਮੁਤਾਬਕ, ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਵਿੱਚ ਪੈਦਲ ਯਾਤਰੀਆਂ ਦੀਆਂ ਮੌਤਾਂ ਵਿੱਚ ਲਗਭਗ 22 ਫ਼ੀਸਦੀ ਵਾਧਾ ਦਰਜ ਕੀਤਾ ਗਿਆ ਹੈ। ਇਹ ਵਾਧਾ ਦਰਸਾਉਂਦਾ ਹੈ ਕਿ ਸੜਕਾਂ ਦੀ ਯੋਜਨਾ ਅਤੇ ਡਿਜ਼ਾਈਨ ਵਿੱਚ ਪੈਦਲ ਯਾਤਰੀਆਂ ਨੂੰ ਅਜੇ ਵੀ ਤਰਜੀਹ ਨਹੀਂ ਦਿੱਤੀ ਜਾ ਰਹੀ।

**ਤਿੰਨ ਸਾਲਾਂ ਦੇ ਅੰਕੜੇ ਚਿੰਤਾਜਨਕ:** ਰਿਪੋਰਟ ਅਨੁਸਾਰ ਸਾਲ 2022 ਵਿੱਚ 608 ਪੈਦਲ ਯਾਤਰੀਆਂ ਦੀ ਮੌਤ ਸੜਕ ਹਾਦਸਿਆਂ ਵਿੱਚ ਹੋਈ ਸੀ। ਇਹ ਗਿਣਤੀ 2023 ਵਿੱਚ ਵੱਧ ਕੇ 716 ਹੋ ਗਈ ਅਤੇ 2024 ਵਿੱਚ ਇਹ ਹੋਰ ਵੱਧ ਕੇ 746 ਤੱਕ ਪਹੁੰਚ ਗਈ। ਇਹ ਲਗਾਤਾਰ ਵਾਧਾ ਦਰਸਾਉਂਦਾ ਹੈ ਕਿ ਮੌਜੂਦਾ ਸੜਕ ਸੁਰੱਖਿਆ ਉਪਾਅ ਕਾਫ਼ੀ ਨਹੀਂ ਹਨ। ਜੇ ਇਸ ਨੂੰ ਹੋਰ ਸਪੱਸ਼ਟ ਤਰੀਕੇ ਨਾਲ ਵੇਖੀਏ ਤਾਂ ਪਿਛਲੇ ਤਿੰਨ ਸਾਲਾਂ ਵਿੱਚ ਹਰ ਸਾਲ ਲਗਭਗ 100 ਤੋਂ ਵੱਧ ਨਵੀਆਂ ਮੌਤਾਂ ਦਾ ਇਜ਼ਾਫ਼ਾ ਹੋਇਆ ਹੈ। ਇਸਦਾ ਮਤਲਬ ਹੈ ਕਿ ਹਾਲਾਤ ਸੁਧਰਨ ਦੀ ਬਜਾਏ ਹੋਰ ਖ਼ਰਾਬ ਹੋ ਰਹੇ ਹਨ।

**ਫੁੱਟਪਾਥਾਂ ਦੀ ਕਮੀ ਅਤੇ ਗ਼ੈਰ-ਕਾਨੂੰਨੀ ਉਸਾਰੀਆਂ ਵੱਡੀ ਸਮੱਸਿਆ:** ਸੜਕ ਹਾਦਸਿਆਂ ਵਿੱਚ ਵਾਧੇ ਦਾ ਸਭ ਤੋਂ ਵੱਡਾ ਕਾਰਨ ਫੁੱਟਪਾਥਾਂ ਦੀ ਕਮੀ ਹੈ। ਪੰਜਾਬ ਦੀਆਂ ਜ਼ਿਆਦਾਤਰ ਸੜਕਾਂ 'ਤੇ ਪੈਦਲ ਚੱਲਣ ਲਈ ਕੋਈ ਵੱਖਰਾ ਅਤੇ ਸੁਰੱਖਿਅਤ ਰਸਤਾ ਨਹੀਂ ਹੈ। ਜਿੱਥੇ ਫੁੱਟਪਾਥ ਬਣੇ ਵੀ ਹਨ, ਉੱਥੇ ਉਨ੍ਹਾਂ 'ਤੇ ਦੁਕਾਨਦਾਰਾਂ ਜਾਂ ਹੋਰ ਲੋਕਾਂ ਵੱਲੋਂ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਇਸ ਕਾਰਨ ਪੈਦਲ ਯਾਤਰੀਆਂ ਨੂੰ ਮਜਬੂਰੀ ਵਿੱਚ ਸੜਕ 'ਤੇ ਹੀ ਚੱਲਣਾ ਪੈਂਦਾ ਹੈ, ਜੋ ਕਿ ਉਨ੍ਹਾਂ ਦੀ ਜ਼ਿੰਦਗੀ ਲਈ ਖ਼ਤਰਾ ਬਣ ਜਾਂਦਾ ਹੈ। ਸੜਕ ਸੁਰੱਖਿਆ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਜਦ ਤੱਕ ਫੁੱਟਪਾਥਾਂ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਕੇ ਉਨ੍ਹਾਂ ਨੂੰ ਵਰਤਣਯੋਗ ਨਹੀਂ ਬਣਾਇਆ ਜਾਂਦਾ, ਤਦ ਤੱਕ ਹਾਦਸਿਆਂ ਵਿੱਚ ਕਮੀ ਆਉਣਾ ਮੁਸ਼ਕਲ ਹੈ।

**ਸੜਕਾਂ ਦਾ ਡਿਜ਼ਾਈਨ ਵੀ ਜ਼ਿੰਮੇਵਾਰ:** ਸਿਰਫ਼ ਫੁੱਟਪਾਥਾਂ ਦੀ ਕਮੀ ਹੀ ਨਹੀਂ, ਸੜਕਾਂ ਦਾ ਮੌਜੂਦਾ ਡਿਜ਼ਾਈਨ ਵੀ ਹਾਦਸਿਆਂ ਲਈ ਜ਼ਿੰਮੇਵਾਰ ਹੈ। ਪੰਜਾਬ ਵਿੱਚ ਜ਼ਿਆਦਾਤਰ ਸੜਕਾਂ ਨੂੰ ਵਾਹਨਾਂ ਲਈ ਤਿਆਰ ਕੀਤਾ ਗਿਆ ਹੈ, ਨਾ ਕਿ ਪੈਦਲ ਯਾਤਰੀਆਂ ਲਈ। ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਹਰ ਸੜਕ 'ਤੇ ਪੈਦਲ ਯਾਤਰੀਆਂ ਲਈ ਵੱਖਰੇ ਰਸਤੇ, ਜ਼ੈਬਰਾ ਕ੍ਰਾਸਿੰਗ, ਟ੍ਰੈਫ਼ਿਕ ਸਿਗਨਲ ਅਤੇ ਸੁਰੱਖਿਆ ਪ੍ਰਬੰਧ ਹੋਣੇ ਚਾਹੀਦੇ ਹਨ, ਪਰ ਸੂਬੇ ਵਿੱਚ ਇਹ ਸਹੂਲਤਾਂ ਬਹੁਤ ਘੱਟ ਹਨ। ਇਸ ਤੋਂ ਇਲਾਵਾ ਬਲੈਕ ਸਪਾਟ (ਜਿੱਥੇ ਵੱਧ ਹਾਦਸੇ ਹੁੰਦੇ ਹਨ) ਦੀ ਠੀਕ ਪਛਾਣ ਅਤੇ ਸੁਧਾਰ ਵੀ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਹਾਦਸਿਆਂ ਦੀ ਤਦਾਦ ਵਧ ਰਹੀ ਹੈ।

**ਗੁਆਂਢੀ ਰਾਜਾਂ ਦੀ ਸਥਿਤੀ ਵੀ ਗੰਭੀਰ:** ਪੰਜਾਬ ਹੀ ਨਹੀਂ, ਸਗੋਂ ਗੁਆਂਢੀ ਰਾਜਾਂ ਵਿੱਚ ਵੀ ਇਹ ਸਮੱਸਿਆ ਗੰਭੀਰ ਹੈ। ਹਰਿਆਣਾ ਵਿੱਚ 2024 ਦੌਰਾਨ 866 ਪੈਦਲ ਯਾਤਰੀਆਂ ਦੀ ਮੌਤ ਦਰਜ ਕੀਤੀ ਗਈ, ਹਾਲਾਂਕਿ ਇਹ ਗਿਣਤੀ 2023 ਨਾਲੋਂ ਕੁਝ ਘੱਟ ਹੈ। ਦੂਜੇ ਪਾਸੇ, ਤਾਮਿਲਨਾਡੂ ਵਿੱਚ ਸਭ ਤੋਂ ਵੱਧ 4712 ਮੌਤਾਂ ਦਰਜ ਕੀਤੀਆਂ ਗਈਆਂ, ਜੋ ਕਿ ਦੇਸ਼ ਵਿੱਚ ਸਭ ਤੋਂ ਉੱਚਾ ਅੰਕੜਾ ਹੈ। ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਹਾਲਾਤ ਕੁਝ ਬਿਹਤਰ ਹਨ, ਪਰ ਉੱਥੇ ਵੀ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਕਿਹਾ ਜਾ ਸਕਦਾ।

**ਭਾਰਤ ਵਿੱਚ ਪੈਦਲ ਯਾਤਰੀਆਂ ਦੀ ਸਥਿਤੀ:** ਦੇਸ਼ ਪੱਧਰ 'ਤੇ ਵੇਖਿਆ ਜਾਵੇ ਤਾਂ ਭਾਰਤ ਵਿੱਚ ਸੜਕ ਹਾਦਸਿਆਂ ਵਿੱਚ ਮਰਨ ਵਾਲਿਆਂ ਵਿੱਚ ਵੱਡਾ ਹਿੱਸਾ ਪੈਦਲ ਯਾਤਰੀਆਂ ਦਾ ਹੁੰਦਾ ਹੈ। ਕਈ ਅਧਿਐਨਾਂ ਮੁਤਾਬਕ, ਕੁੱਲ ਮੌਤਾਂ ਵਿੱਚੋਂ ਲਗਭਗ 15 ਤੋਂ 20 ਫ਼ੀਸਦੀ ਹਿੱਸਾ ਪੈਦਲ ਯਾਤਰੀਆਂ ਦਾ ਹੁੰਦਾ ਹੈ। ਇਸ ਦਾ ਮੁੱਖ ਕਾਰਨ ਸ਼ਹਿਰੀਕਰਨ ਦਾ ਤੇਜ਼ ਵਾਧਾ, ਵਾਹਨਾਂ ਦੀ ਵਧਦੀ ਗਿਣਤੀ ਅਤੇ ਸੜਕਾਂ ਦੀ ਗ਼ਲਤ ਯੋਜਨਾਕਾਰੀ ਹੈ।

**ਸਰਕਾਰ ਦੀ ਨਵੀਂ ਯੋਜਨਾ:** ਵਧਦੇ ਹਾਦਸਿਆਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਹੁਣ ਕੁਝ ਕਦਮ ਚੁੱਕਣ ਦੀ ਯੋਜਨਾ ਬਣਾ ਰਹੀ ਹੈ। ਸੂਬੇ ਦੇ ਚਾਰ ਮੁੱਖ ਸ਼ਹਿਰਾਂ-ਲੁਧਿਆਣਾ, ਅੰਮ੍ਰਿਤਸਰ, ਜਲੰਧਰ ਅਤੇ ਮੋਹਾਲੀ-ਵਿੱਚ ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਸੜਕਾਂ ਨੂੰ ਵਿਕਸਤ ਕਰਨ ਦੀ ਯੋਜਨਾ ਤਿਆਰ ਕੀਤੀ ਗਈ ਹੈ। ਇਸ ਯੋਜਨਾ ਅਧੀਨ ਸੜਕਾਂ ਦੇ ਡਿਜ਼ਾਈਨ ਨੂੰ ਬਿਹਤਰ ਬਣਾਇਆ ਜਾਵੇਗਾ ਅਤੇ ਪੈਦਲ ਯਾਤਰੀਆਂ ਤੇ ਸਾਈਕਲ ਸਵਾਰਾਂ ਲਈ ਵੱਖਰੇ ਟਰੈਕ ਬਣਾਏ ਜਾਣਗੇ।

ਇਸ ਤੋਂ ਇਲਾਵਾ ਸੜਕਾਂ ਦੇ ਐਂਟਰੀ ਅਤੇ ਐਗਜ਼ਿਟ ਪੁਆਇੰਟਸ ਨੂੰ ਵਿਗਿਆਨਕ ਢੰਗ ਨਾਲ ਤਿਆਰ ਕੀਤਾ ਜਾਵੇਗਾ। ਟ੍ਰੈਫ਼ਿਕ ਪ੍ਰਬੰਧਨ ਨੂੰ ਮਜਬੂਤ ਕੀਤਾ ਜਾਵੇਗਾ ਅਤੇ ਬਲੈਕ ਸਪਾਟਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਠੀਕ ਕੀਤਾ ਜਾਵੇਗਾ। ਇਸ ਪ੍ਰੋਜੈਕਟ ਦੀ ਸ਼ੁਰੂਆਤ ਮੋਹਾਲੀ ਅਤੇ ਲੁਧਿਆਣਾ ਤੋਂ ਕੀਤੀ ਜਾ ਰਹੀ ਹੈ।

**ਹੱਲ ਕੀ ਹੋ ਸਕਦੇ ਹਨ?:** ਇਸ ਸਮੱਸਿਆ ਦਾ ਹੱਲ ਬਹੁਪੱਖੀ ਤਰੀਕੇ ਨਾਲ ਹੀ ਸੰਭਵ ਹੈ। ਸਭ ਤੋਂ ਪਹਿਲਾਂ ਸੜਕਾਂ ਦੇ ਕਿਨਾਰੇ ਤੋਂ ਨਾਜਾਇਜ਼ ਕਬਜ਼ੇ ਹਟਾਉਣਾ ਜ਼ਰੂਰੀ ਹੈ। ਦੂਜੇ, ਹਰ ਸੜਕ 'ਤੇ ਸੁਰੱਖਿਅਤ ਅਤੇ ਚੌੜੇ ਫੁੱਟਪਾਥ ਬਣਾਉਣੇ ਚਾਹੀਦੇ ਹਨ। ਨਾਲ ਹੀ, ਜ਼ੈਬਰਾ ਕ੍ਰਾਸਿੰਗ ਅਤੇ ਫੁੱਟਓਵਰ ਬ੍ਰਿਜਾਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ। ਤੀਜੇ, ਲੋਕਾਂ 'ਚ ਸੜਕ ਸੁਰੱਖਿਆ ਬਾਰੇ ਜਾਗਰੂਕਤਾ ਪੈਦਾ ਕਰਨੀ ਵੀ ਜ਼ਰੂਰੀ ਹੈ। ਵਾਹਨ ਚਾਲਕਾਂ ਨੂੰ ਵੀ ਪੈਦਲ ਯਾਤਰੀਆਂ ਦੇ ਹੱਕਾਂ ਦਾ ਆਦਰ ਕਰਨਾ ਸਿਖਾਉਣਾ ਚਾਹੀਦਾ ਹੈ।

ਪੰਜਾਬ ਵਿੱਚ ਪੈਦਲ ਯਾਤਰੀਆਂ ਦੀ ਵਧਦੀ ਮੌਤਾਂ ਇੱਕ ਗੰਭੀਰ ਚੇਤਾਵਨੀ ਹੈ। ਜੇ ਸਮੇਂ ਸਿਰ ਢੰਗ ਦੇ ਕਦਮ ਨਾ ਚੁੱਕੇ ਗਏ ਤਾਂ ਹਾਲਾਤ ਹੋਰ ਵੀ ਭਿਆਨਕ ਹੋ ਸਕਦੇ ਹਨ। ਸੜਕਾਂ ਸਿਰਫ਼ ਵਾਹਨਾਂ ਲਈ ਨਹੀਂ, ਸਗੋਂ ਹਰ ਇਨਸਾਨ ਲਈ ਹੁੰਦੀਆਂ ਹਨ। ਜਦ ਤੱਕ ਪੈਦਲ ਯਾਤਰੀਆਂ ਨੂੰ ਸੁਰੱਖਿਆ ਨਹੀਂ ਮਿਲਦੀ, ਤਦ ਤੱਕ ਵਿਕਾਸ ਦੀ ਗੱਲ ਅਧੂਰੀ ਰਹੇਗੀ। ਇਹ ਸਮਾਂ ਹੈ ਕਿ ਸਰਕਾਰ, ਪ੍ਰਸ਼ਾਸਨ ਅਤੇ ਸਮਾਜ ਮਿਲ ਕੇ ਇਸ ਸਮੱਸਿਆ ਦਾ ਪੱਕਾ ਹੱਲ ਲੱਭਣ।

-0-

# ਸਾਰੀਆਂ ਕਲਾਵਾਂ ਵਿੱਚੋਂ ਉੱਤਮ ਕਲਾ ਹੈ 'ਰੰਗਮੰਚ'

**ਵਿਸ਼ੇਸ਼**



ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008

ਮਹਾਨ ਵਿਦਵਾਨ ਆਸਕਰ ਵਾਈਲਡ ਦੇ ਬਚਨ ਹਨ, "ਮੈਂ ਰੰਗਮੰਚ ਨੂੰ ਸਾਰੀਆਂ ਕਲਾਵਾਂ ਵਿੱਚੋਂ ਸਰਬੋਤਮ ਮੰਨਦਾ ਹਾਂ, ਕਿਉਂਕਿ ਇਸ ਕਲਾ ਰੂਪ ਰਾਹੀਂ ਮਨੁੱਖ ਹੋਣ ਦੀ ਭਾਵਨਾ ਇੱਕ ਮਨੁੱਖ ਦੁਆਰਾ ਦੂਜੇ ਮਨੁੱਖ ਤੱਕ ਸੰਚਾਰਿਤ ਕੀਤੀ ਜਾਂਦੀ ਹੈ।" ਇੱਕ ਹੋਰ ਸਾਹਿਤਕਾਰ ਲਾਰੈਂਸ ਓਲੀਵਰ ਨੇ ਕਿਹਾ ਸੀ, "ਮੇਰਾ ਵਿਸ਼ਵਾਸ਼ ਹੈ ਕਿ ਚਾਹੇ ਵੱਡਾ ਸ਼ਹਿਰ ਹੋਵੇ ਜਾਂ ਛੋਟਾ; ਜਾਂ ਫਿਰ ਕੋਈ ਪਿੰਡ ਹੀ ਕਿਉਂ ਨਾ ਹੋਵੇ, ਅੰਦਰੂਨੀ ਸੰਸਕ੍ਰਿਤੀ ਦੇ ਪ੍ਰਗਟਾਵੇ ਦੇ ਪ੍ਰਤੱਖ ਸੰਕੇਤ ਦਾ ਦੂਜਾ ਨਾਂ ਰੰਗਮੰਚ ਹੈ।"

ਨਾਟਕਕਾਰਾ ਸਟੈਲਾ ਐਡਲਰ ਅਨੁਸਾਰ ਸ਼ਬਦ 'ਰੰਗਮੰਚ' ਅਸਲ ਵਿੱਚ ਯੂਨਾਨ ਤੋਂ ਆਇਆ ਹੈ ਤੇ ਇਸਦਾ ਅਰਥ ਹੁੰਦਾ ਹੈ- ਕਿਸੇ ਥਾਂ ਨੂੰ ਵੇਖਣਾ। ਇਹ ਅਸਲ ਵਿੱਚ ਉਹ ਥਾਂ ਹੁੰਦੀ ਹੈ, ਜਿੱਥੇ ਲੋਕ ਜੀਵਨ ਦੇ ਅਸਲ ਸੱਚ ਨੂੰ ਸਬੰਧਿਤ ਸਮਾਜਿਕ ਹਾਲਾਤਾਂ ਦੀ ਰੌਸ਼ਨੀ ਵਿੱਚ ਵੇਖਣ ਲਈ ਇਕੱਤਰ ਹੁੰਦੇ ਹਨ। ਰੰਗਮੰਚ ਅਸਲ ਵਿੱਚ ਆਪਣੇ ਵਕਤ ਦਾ ਅਧਿਆਤਮਿਕ ਅਤੇ ਸਮਾਜਿਕ ਐਕਸਰੇ ਹੁੰਦਾ ਹੈ। ਸੋ, ਰੰਗਮੰਚ ਦੀ ਰਚਨਾ ਲੋਕਾਂ ਨੂੰ ਜੀਵਨ ਦੀ ਹਕੀਕਤ, ਸਮਾਜਿਕ ਹਾਲਾਤ ਅਤੇ ਵਿਵਸਥਾ ਬਾਰੇ ਭਾਵਪੂਰਤ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਗਈ ਸੀ; ਤੇ ਆਪਣੇ ਹੁਣ ਤੱਕ ਦੇ ਸਫ਼ਰ ਵਿੱਚ ਰੰਗਮੰਚ ਆਪਣੇ ਉਦੇਸ਼ਾਂ ਅਤੇ ਟੀਚਿਆਂ ਦੀ ਪ੍ਰਾਪਤੀ ਵਿੱਚ ਸਫ਼ਲ ਰਿਹਾ ਹੈ।

ਸੰਸਾਰ ਪ੍ਰਸਿੱਧ ਨਾਟਕਕਾਰ ਸ਼ੇਕਸਪੀਅਰ ਦੇ ਅਮਰ ਬੋਲ ਹਨ, "ਇਹ ਸਾਰੀ ਦੁਨੀਆਂ ਹੀ ਇੱਕ ਰੰਗਮੰਚ ਹੈ।" ਉਸਦੇ ਆਖੇ ਇਹ ਬੋਲ ਹਕੀਕੀ ਤੌਰ 'ਤੇ ਬਿਲਕੁਲ ਸੱਚ ਹਨ, ਕਿਉਂਕਿ ਦੁਨੀਆਂ ਰੂਪੀ ਇਸ ਮੰਚ 'ਤੇ ਆਉਣ ਵਾਲਾ ਹਰੇਕ ਸ਼ਖ਼ਸ ਆਪੋ-ਆਪਣਾ ਕਿਰਦਾਰ ਅਦਾ ਕਰਕੇ ਮੰਚ ਤੋਂ ਚਲਾ ਜਾਂਦਾ ਹੈ ਤੇ ਆਪਣੀ ਚੰਗੀ ਜਾਂ ਮੰਦੀ ਛਾਪ ਦਰਸ਼ਕਾਂ ਭਾਵ ਸੰਸਾਰਵਾਸੀਆਂ ਦੇ ਮਨਾਂ 'ਤੇ ਛੱਡ ਜਾਂਦਾ ਹੈ। ਦੁਨੀਆਂ ਰੂਪੀ ਇਸ ਵੱਡੇ ਕੈਨਵਸ ਤੋਂ ਹਟ ਕੇ ਜੇਕਰ ਰੰਗਮੰਚ ਦੇ ਛੋਟੇ ਕੈਨਵਸ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਰੰਗਮੰਚ ਜੀਵਨ ਦੇ ਹਰੇਕ ਰੰਗ ਨੂੰ ਸਫ਼ਲਤਾਪੂਰਵਕ ਪੇਸ਼ ਕਰਨ ਦੇ ਸਮਰੱਥ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਦੁਨੀਆਂ ਭਰ ਵਿੱਚ ਹਰ ਸਾਲ 27 ਮਾਰਚ ਦੇ ਦਿਨ 'ਵਿਸ਼ਵ ਰੰਗਮੰਚ ਦਿਵਸ' ਬੜੇ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਇਸ ਦਿਨ ਮਨਾਉਣ ਦਾ ਸੁਝਾਅ ਸਭ ਤੋਂ ਪਹਿਲੀ ਵਾਰ 'ਵਰਲਡ ਥੀਏਟਰ ਅਕੈਡਮੀ' ਦੇ ਨਿਰਦੇਸ਼ਕ ਅਰਵੀ ਕਿਵੀਮਾ ਨੇ ਜੂਨ 1961 ਵਿੱਚ ਹੈਲਿੰਸਕੀ ਵਿਖੇ ਹੋਈ 'ਨੌਵੀਂ ਵਿਸ਼ਵ ਕਾਂਗਰਸ' ਦੌਰਾਨ ਦਿੱਤਾ ਸੀ ਅਤੇ ਫਿਰ ਸੰਨ 1962 ਵਿੱਚ ਇੱਕ ਵਾਰ ਫਿਰ ਇਸ ਸੁਝਾਅ ਨੂੰ ਦੁਹਰਾਇਆ ਵੀ ਸੀ। ਇਸ ਦਿਵਸ ਨੂੰ ਮਨਾਉਣ ਦਾ ਮਕਸਦ ਮਨੁੱਖੀ ਜੀਵਨ ਅਤੇ ਵਿਸ਼ਵ ਕਲਾ ਜਗਤ ਵਿੱਚ ਰੰਗਮੰਚ ਦੇ ਮਹੱਤਵ ਨੂੰ ਉਘਾੜਨਾ, ਉਭਾਰਨਾ ਅਤੇ ਪ੍ਰਚਾਰਨਾ ਹੈ।

ਪ੍ਰਾਚੀਨ ਕਾਲ ਵਿੱਚ ਯੂਨਾਨ ਵਿਖੇ ਨਾਟਕਾਂ ਦੀ ਮੰਚ ਉੱਤੇ ਪੇਸ਼ਕਾਰੀ ਬੜੀ ਹੀ ਸ਼ਿੱਦਤ ਨਾਲ ਕੀਤੀ ਜਾਂਦੀ ਸੀ। ਉਸ ਵਕਤ ਅਦਾਕਾਰ ਤੇ ਸੰਗੀਤਕਾਰ ਅਸਲ ਜੀਵਨ 'ਚੋਂ ਕਿਸੇ ਘਟਨਾ ਦੇ ਬਿਰਤਾਂਤ ਨੂੰ ਬੜੇ ਮਨਮੋਹਕ ਢੰਗ ਨਾਲ ਦਰਸ਼ਕਾਂ ਦੇ ਰੂਬਰੂ ਪੇਸ਼ ਕਰਦੇ ਸਨ। ਭਾਰਤ ਵਿੱਚ ਪ੍ਰਾਚੀਨ ਰੰਗਮੰਚ ਦਾ ਜਨਮਦਾਤਾ ਮਹਾਂਕਵੀ ਭਾਸ਼ ਨੂੰ ਮੰਨਿਆ ਜਾਂਦਾ ਹੈ, ਜਿਸਦਾ ਜੀਵਨਕਾਲ 324-184 ਈਸਾਪੂਰਵ ਦੇ ਨੇੜੇ-ਤੇੜੇ ਮੰਨਿਆ ਜਾਂਦਾ ਹੈ। ਮਹਾਨ ਨਾਟਕਕਾਰ ਕਾਲੀਦਾਸ ਨੇ ਆਪਣੇ ਨਾਟਕ 'ਮਾਲਵਿਕਾ ਅਗਨੀ ਮਿਤਰਮ' ਦੀ ਭੂਮਿਕਾ ਵਿੱਚ ਭਾਸ਼ ਦੀ ਨਾਟਕ ਕਲਾ ਦੀ ਭਰਵੀਂ ਤਾਰੀਫ਼ ਕੀਤੀ ਸੀ। ਭਾਸ਼ ਦੇ ਚਰਚਿਤ ਨਾਟਕਾਂ ਵਿੱਚ- 'ਸਵਪਨ ਵਾਸਵਦੱਤਮ', 'ਉਰੂਭੰਗਮ', 'ਦੂਰ ਵਾਕਿਅਮ', 'ਪੰਚਤੰਤਰਮ', 'ਬਾਲ ਚਰਿਤਮ', 'ਦੂਤ ਘਟੋਤਕਚਮ' ਅਤੇ 'ਪ੍ਰਤਿਮਾ ਨਾਟਕਮ' ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਉਂਜ ਆਧੁਨਿਕ ਭਾਰਤੀ ਰੰਗਮੰਚ ਦਾ ਜਨਮਦਾਤਾ ਇਬਰਾਹੀਮ ਅਲਕਾਜ਼ੀ ਨੂੰ ਮੰਨਿਆ ਜਾਂਦਾ ਹੈ, ਜਿਸਦਾ 4 ਅਗਸਤ 2020 ਨੂੰ ਦੇਹਾਂਤ ਹੋ ਗਿਆ ਸੀ।

ਜੇਕਰ ਪੰਜਾਬੀ ਰੰਗਮੰਚ ਦੇ ਪਿਤਾਮਾ ਦੀ ਗੱਲ ਕੀਤੀ ਜਾਵੇ ਤਾਂ ਨਾਟਕਾਕਾਰ ਈਸ਼ਵਰ ਚੰਦਰ ਨੰਦਾ (ਆਈ.ਸੀ. ਨੰਦਾ) ਦਾ ਨਾਂ ਸਾਹਮਣੇ ਆਉਂਦਾ ਹੈ, ਜਿਸਦੇ ਰਚੇ ਨਾਟਕ 'ਦੁਲਹਨ' ਦਾ ਸੰਨ 1914 ਵਿੱਚ ਪਹਿਲੀ ਵਾਰ ਮੰਚਨ ਹੋਇਆ ਸੀ ਤੇ ਇਸ ਨਾਟਕ ਦੇ ਮੰਚਨ ਦਾ ਸਿਹਰਾ ਪੰਜਾਬੀ ਰੰਗਮੰਚ ਦੀ 'ਨੱਕੜਦਾਦੀ' ਕਹੀ ਜਾਂਦੀ ਨਾਟਕਕਾਰਾ ਨੌਰ੍ਹਾ ਰਿਚਰਡਜ਼ ਨੂੰ ਜਾਂਦਾ ਹੈ। ਸੰਨ 1876 ਵਿੱਚ ਆਇਰਲੈਂਡ ਵਿਖੇ ਜਨਮੀ ਨੌਰ੍ਹਾ ਸੰਨ 1911 ਵਿੱਚ ਪੰਜਾਬ ਆਈ ਸੀ ਤੇ ਸੰਨ 1914 ਵਿੱਚ ਉਸਦੀ ਨਿਰਦੇਸ਼ਨਾ ਹੇਠ ਆਈ.ਸੀ. ਨੰਦਾ ਦੇ ਉਕਤ ਨਾਟਕ ਦਾ ਮੰਚਨ ਕੀਤਾ ਗਿਆ ਸੀ। ਇਸੇ ਤਰ੍ਹਾਂ ਜੇਕਰ ਪੰਜਾਬੀ ਦੇ ਸ੍ਰੇਸ਼ਠ ਨਾਟਕਕਾਰਾਂ ਦੀ ਗੱਲ ਕਰਨੀ ਹੋਵੇ ਤਾਂ ਭਾਈ ਵੀਰ ਸਿੰਘ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ, ਅਜਮੇਰ ਸਿੰਘ ਔਲਖ, ਡਾ. ਸਵਰਾਜਬੀਰ, ਡਾ. ਆਤਮਜੀਤ, ਸੁਰਜੀਤ ਸਿੰਘ ਸੇਠੀ, ਭਾਅ ਜੀ ਗੁਰਸ਼ਰਨ ਸਿੰਘ, ਹਰਪਾਲ ਟਿਵਾਣਾ, ਸ਼ੀਲਾ ਭਾਟੀਆ, ਕੇਵਲ ਧਾਲੀਵਾਲ ਅਤੇ ਨਜਮ ਹੁਸੈਨ ਸੱਯਦ ਜਿਹੇ ਕੁਝ ਹੋਰ ਵਿਦਵਾਨ ਨਾਟਕਕਾਰਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨਾ ਬਣਦਾ ਹੈ।


ਟੈਲੀਵਿਜ਼ਨ 'ਤੇ ਪ੍ਰਸਾਰਿਤ ਹੋਣ ਵਾਲੇ ਨਾਟਕਾਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਹ ਦੱਸਣਾ ਬਣਦਾ ਹੈ ਕਿ 15 ਸਤੰਬਰ 1959 ਨੂੰ ਬਹੁਤ ਹੀ ਛੋਟੇ ਪੱਧਰ 'ਤੇ ਸ਼ੁਰੂ ਹੋਏ ਟੀ.ਵੀ. ਪ੍ਰਸਾਰਨ ਨੂੰ ਸੰਨ 1965 ਵਿੱਚ ਆਕਾਸ਼ਵਾਣੀ ਦਾ ਹਿੱਸਾ ਬਣਾ ਕੇ ਰੋਜ਼ਾਨਾ ਪ੍ਰਸਾਰਨ ਦੀ ਸ਼ੁਰੂਆਤ ਕੀਤੀ ਗਈ ਸੀ ਤੇ ਇਸ ਤੋਂ ਬਾਅਦ 'ਦੂਰਦਰਸ਼ਨ' ਦਾ ਜਨਮ ਹੋਇਆ ਸੀ। ਦੂਰਦਰਸ਼ਨ ਤੋਂ ਪ੍ਰਸਾਰਿਤ ਹੋਣ ਵਾਲਾ ਪਹਿਲਾ ਲੜੀਵਾਰ ਨਾਟਕ 'ਹਮ ਲੋਗ' ਸੀ, ਜੋ ਕਿ ਆਪਣੀ ਦਿਲ ਨੂੰ ਛੂਹ ਜਾਣ ਵਾਲੀ ਕਹਾਣੀ, ਪਟਕਥਾ, ਸੰਵਾਦ ਅਤੇ ਅਦਾਕਾਰੀ ਕਾਰਨ ਬੇਹੱਦ ਮਕਬੂਲ ਹੋਇਆ ਸੀ। ਇਸ ਲੜੀਵਾਰ ਦੀਆਂ 154 ਕਿਸ਼ਤਾਂ ਪ੍ਰਸਾਰਿਤ ਹੋਈਆਂ ਸਨ।

ਸੰਨ 1987 ਵਿੱਚ ਪ੍ਰਸਾਰਿਤ ਹੋਣ ਵਾਲੇ ਟੀ.ਵੀ. ਲੜੀਵਾਰ 'ਰਾਮਾਇਣ' ਅਤੇ ਸੰਨ 1988 ਵਿੱਚ ਆਏ ਲੜੀਵਾਰ 'ਮਹਾਂਭਾਰਤ' ਨੇ ਦੇਸ਼ ਭਰ ਵਿੱਚ ਭਗਤੀ ਅਤੇ ਭਾਈਚਾਰੇ ਦੀ ਲਹਿਰ ਚਲਾ ਦਿੱਤੀ ਸੀ ਤੇ ਇਨ੍ਹਾਂ ਲੜੀਵਾਰਾਂ ਨੂੰ ਵੇਖਣ ਲਈ ਲੋਕ ਆਪਣੇ ਕਾਰੋਬਾਰ ਬੰਦ ਕਰਕੇ ਸਮੇਂ ਸਿਰ ਘਰ ਪੁੱਜ ਜਾਂਦੇ ਸਨ ਤੇ ਰਾਮਾਨੰਦ ਸਾਗਰ ਅਤੇ ਬੀ.ਆਰ. ਚੋਪੜਾ ਜਿਹੇ ਮਹਾਨ ਫ਼ਿਲਮਕਾਰਾਂ ਵੱਲੋਂ ਬਣਾਏ ਗਏ ਇਨ੍ਹਾਂ ਮਹਾਨ ਟੀ.ਵੀ. ਲੜੀਵਾਰਾਂ ਦਾ ਅਨੰਦ ਲੈਂਦੇ ਸਨ। ਅੱਜ ਭਾਰਤ ਵਿੱਚ 905 ਦੇ ਕਰੀਬ ਟੀ.ਵੀ. ਚੈਨਲ ਚੱਲਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਚੈਨਲ ਅੱਜ ਵੀ ਕਿਸੇ ਨਾ ਕਿਸੇ ਲੜੀਵਾਰ ਨਾਟਕ ਦੇ ਕਰਕੇ ਵਿਸ਼ੇਸ਼ ਤੌਰ 'ਤੇ ਵੇਖੇ ਅਤੇ ਜਾਣੇ ਜਾਂਦੇ ਹਨ।

# ਪੰਜਾਬੀ ਨਾਟ ਦੀ ਨੱਕੜਦਾਦੀ ਨੌਰ੍ਹਾ

ਡਾ. ਗੋਪਾਲ ਸਿੰਘ ਬੁੱਟਰ

ਆਪਣੇ ਵਿਲੱਖਣ ਯੋਗਦਾਨ ਸਦਕਾ ਨਾਟ ਮੰਚ ਦੇ ਪ੍ਰੇਮੀਆਂ ਵਿੱਚ ਪੰਜਾਬੀ ਨਾਟ ਦੀ ਨੱਕੜਦਾਦੀ ਵਜੋਂ ਜਾਣੀ ਜਾਂਦੀ ਨੌਰ੍ਹਾ ਰਿਚਰਡਜ਼ ਦਾ ਜਨਮ ਆਇਰਲੈਂਡ ਦੇ ਫਾਰਸੈਟ ਪ੍ਰਾਂਤ ਵਿੱਚ ਗੋਰਵੁਡ ਵਿਖੇ 29 ਅਕਤੂਬਰ 1876 ਨੂੰ ਹੋਇਆ ਸੀ। ਉਸ ਦਾ ਬਚਪਨ ਦਾ ਨਾਮ 'ਨੀ ਨੌਰ੍ਹਾ ਡਾਇਲ' ਸੀ। ਉਸ ਨੇ ਨਾਟਕ ਅਤੇ ਗਾਇਨ ਦੀਆਂ ਪੇਸ਼ਕਾਰੀਆਂ ਦੇ ਸ਼ੌਕ ਨਾਲ ਸਟੇਜ 'ਤੇ ਆਉਣਾ ਸ਼ੁਰੂ ਕੀਤਾ ਸੀ। ਉਹ ਜਲਦੀ ਹੀ ਪ੍ਰਸਿੱਧ ਹੋ ਗਈ।



ਪ੍ਰੋਫੈਸਰ ਰਿਚਰਡਜ਼ ਨਾਲ ਪ੍ਰੇਮ ਵਿਆਹ ਤੋਂ ਬਾਅਦ ਉਹ 1908 'ਚ ਮਿਸ ਨੌਰ੍ਹਾ ਡਾਇਲ ਤੋਂ ਮਿਸਿਜ਼ ਨੌਰ੍ਹਾ ਰਿਚਰਡਜ਼ ਬਣ ਗਈ। ਜਦ 1911 ਵਿੱਚ ਪ੍ਰੋਫੈਸਰ ਪੀ.ਈ. ਰਿਚਰਡਜ਼ ਦਿਆਲ ਸਿੰਘ ਕਾਲਜ ਲਾਹੌਰ ਵਿਖੇ ਅੰਗਰੇਜ਼ੀ ਸਾਹਿਤ ਦੇ ਪ੍ਰੋਫੈਸਰ ਨਿਯੁਕਤ ਹੋ ਗਏ ਤਾਂ ਉਹ ਆਪਣੇ ਪਤੀ ਦੇ ਕਾਲਜ ਦੀਆਂ ਸਰਗਰਮੀਆਂ ਨਾਲ ਜੁੜ ਗਈ। ਉਸ ਨੇ ਆਪਣੇ ਪਤੀ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਨਾਟਕ ਖੇਡਣ ਦੀ ਥਾਂ ਪੰਜਾਬੀ ਨਾਟਕ ਲਿਖਣ ਤੇ ਖੇਡਣ ਲਈ ਪ੍ਰੇਰਿਆ ਅਤੇ ਇੱਕ ਨਾਟਕੀ ਪ੍ਰਤੀਯੋਗਤਾ ਦਾ ਆਯੋਜਨ ਕੀਤਾ। ਇਸ ਮੁਕਾਬਲੇ ਦੇ ਪਹਿਲੇ ਸਾਲ 1913 'ਚ ਈਸ਼ਵਰ ਚੰਦਰ ਨੰਦਾ ਦੀ ਇਕਾਂਗੀ 'ਦੁਲਹਨ' ਨੂੰ ਪਹਿਲਾ ਇਨਾਮ ਪ੍ਰਾਪਤ ਹੋਇਆ। ਉਸ ਦੁਆਰਾ ਸ਼ੁਰੂ ਕੀਤੀ ਪੰਜਾਬੀ ਨਾਟਕ ਮੰਚ ਦੀ ਇਸ ਲਹਿਰ ਵਿੱਚ ਉਸ ਦੇ ਨਾਲ ਈਸ਼ਵਰ ਚੰਦਰ ਨੰਦਾ, ਜੈ ਦਿਆਲ, ਰਾਜਿੰਦਰ ਸਾਹਨੀ, ਹਰਚਰਨ ਸਿੰਘ ਅਤੇ ਬਲਵੰਤ ਗਾਰਗੀ ਵਰਗੇ ਹੋਰ ਨਾਟ ਪ੍ਰੇਮੀ ਅਤੇ ਲੇਖਕ ਜੁੜਦੇ ਗਏ। ਇੱਥੇ ਹੀ ਉਸ ਨੇ ਨਾਟਕ ਖੇਡਣ, ਲਿਖਣ ਅਤੇ ਨਿਰਦੇਸ਼ਨ ਦੀ ਕਲਾ ਸਿਖਾਉਣ ਲਈ ਸਰਸਵਤੀ ਸਟੇਜ ਸੁਸਾਇਟੀ ਨਾਂ ਦਾ ਇੱਕ ਸਕੂਲ ਸਥਾਪਿਤ ਕੀਤਾ, ਜਿਸ ਦੇ ਪ੍ਰਧਾਨ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵਾਈਸ ਚਾਂਸਲਰ ਮਿਸਟਰ ਏ.ਸੀ. ਵੂਲਨਰ ਬਣੇ। ਇਸ ਸਕੂਲ ਦਾ ਸਮੁੱਚਾ ਪ੍ਰਬੰਧ ਪੰਜਾਬ ਯੂਨੀਵਰਸਿਟੀ ਨੂੰ ਸੌਂਪਦਿਆਂ ਉਸ ਨੇ ਸਿੱਖਿਆ ਵਿਭਾਗ ਤੋਂ ਇਹ ਮੰਗ ਵੀ ਕੀਤੀ ਕਿ ਹੁਣ ਉਹ ਸਮਾਂ ਆ ਚੁੱਕਾ ਹੈ ਕਿ ਡਰਾਮੇ ਨੂੰ ਯੂਨੀਵਰਸਿਟੀ ਦੇ ਕੋਰਸ 'ਚ ਲਿਆਂਦਾ ਜਾਵੇ ਅਤੇ ਡਰਾਮੇ ਦੀ ਡਿਗਰੀ ਦਿੱਤੀ ਜਾਵੇ। ਡਰਾਮੇ ਦੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਮੰਚ ਦੀ ਸਿਖਲਾਈ ਲਈ ਹਰ ਯੂਨੀਵਰਸਿਟੀ ਦਾ ਆਪਣਾ ਥੀਏਟਰ ਹੋਵੇ, ਜਿਸ ਵਿੱਚ ਬੜੇ ਵੱਡੇ ਪੱਧਰ 'ਤੇ ਡਰਾਮੇ ਖੇਡੇ ਜਾਣ। ਇਸ ਤੋਂ ਬਿਨਾਂ ਭਾਰਤ ਦਾ ਨੈਸ਼ਨਲ ਥੀਏਟਰ ਵਜੂਦ ਵਿੱਚ ਨਹੀਂ ਆ ਸਕੇਗਾ ਅਤੇ ਭਾਰਤ ਦੇ ਪ੍ਰਾਚੀਨ ਕਲਚਰ ਦਾ ਕੌਮਾਂਤਰੀ ਵਿਸਥਾਰ ਨਹੀਂ ਹੋ ਸਕੇਗਾ।

ਨੌਰ੍ਹਾ ਰਿਚਰਡਜ਼ 'ਤੇ ਪੱਛਮੀ ਅਤੇ ਪੂਰਬੀ ਨਾਟ ਪਰੰਪਰਾਵਾਂ ਦਾ ਪ੍ਰਭਾਵ ਸਾਫ਼ ਦਿਖਾਈ ਦਿੰਦਾ ਸੀ। ਉਹ ਆਪਣੇ ਪਤੀ ਪ੍ਰੋ. ਰਿਚਰਡਜ਼ ਦੀ 1920 ਵਿੱਚ ਹੋਈ ਮੌਤ ਤੋਂ ਬਾਅਦ ਆਪਣੇ ਵਤਨ ਪਰਤ ਗਈ ਸੀ, ਪਰ ਪੰਜਾਬ ਦੀ ਮਿੱਟੀ ਦਾ ਮੋਹ ਉਸ ਨੂੰ ਫਿਰ ਭਾਰਤ ਲੈ ਆਇਆ। ਉਹ ਅੰਦਰੇਟੇ ਆ ਗਈ। ਇੱਥੇ ਉਸ ਨੇ ਇੱਕ ਥੀਏਟਰ ਦੀ ਸਥਾਪਨਾ ਕੀਤੀ, ਜਿਸ 'ਚ ਉਸ ਨੇ ਆਪਣੇ ਵਿਦਿਆਰਥੀਆਂ ਨੂੰ ਨਾਟਕ ਦੀਆਂ ਸਮੱਸਿਆਵਾਂ ਅਤੇ ਉਸ ਦੀ ਤਕਨੀਕ ਸਬੰਧੀ ਜਾਣਕਾਰੀ ਦਿੱਤੀ। ਇਸ ਥੀਏਟਰ ਨੂੰ 'ਵਿਲਜ਼ ਥੀਏਟਰ' ਦਾ ਨਾਂ ਦਿੱਤਾ ਗਿਆ। ਉਸ ਨੇ ਆਪਣੇ ਨਾਟਕ ਨੂੰ ਲੋਕ ਨਾਟਕ ਨਾਲੋਂ ਵਖਰਿਆਉਂਦਿਆਂ ਉਸ ਨੂੰ ਪਿੰਡ ਦੇ ਨਾਟਕ ਦਾ ਨਾਮ ਦਿੱਤਾ। ਆਪਣੇ ਥੀਏਟਰ 'ਤੇ ਮੰਚਿਤ ਕੀਤੇ ਨਾਟਕਾਂ ਬਾਰੇ ਨੌਰ੍ਹਾ ਰਿਚਰਡਜ਼ ਨੇ ਪਿੰਡ ਦੀਆਂ ਸਮੱਸਿਆਵਾਂ, ਰਸਮਾਂ, ਰੀਤਾਂ ਨੂੰ ਲੋਕ ਨਾਟਕੀ ਮੰਚਨ ਵਿਧੀਆਂ ਦੁਆਰਾ ਰੰਗਮੰਚ ਉੱਤੇ ਪੇਸ਼ ਕਰਵਾਇਆ। ਉਸ ਦਾ ਅੰਦਰੇਟੇ ਵਾਲਾ ਰੰਗਮੰਚ ਖੁੱਲ੍ਹਾ ਰੰਗਮੰਚ ਸੀ, ਜੋ ਬਿਲਕੁਲ ਲੋਕ ਨਾਟ ਦੇ ਥੜ੍ਹੇ ਵਾਂਗ ਸੀ ਅਤੇ ਦਰਸ਼ਕ ਸਾਹਮਣੇ ਅਤੇ ਆਲੇ-ਦੁਆਲੇ ਬੈਠਦੇ ਸਨ। ਉਹ ਆਪਣੇ ਵਿਦਿਆਰਥੀਆਂ ਜਿਨ੍ਹਾਂ ਵਿੱਚ ਪ੍ਰਿਥਵੀ ਰਾਜ ਕਪੂਰ, ਬਲਰਾਜ ਸਾਹਨੀ, ਹਬੀਬ ਤਨਵੀਰ, ਸਨੇਹ ਲਤਾ ਸਾਨਿਆਲ, ਆਈ.ਸੀ. ਨੰਦਾ, ਪ੍ਰੋਫੈਸਰ ਜੈ ਦਿਆਲ, ਬਲਵੰਤ ਗਾਰਗੀ ਤੇ ਪੰਜਾਬ ਦੇ ਹੋਰ ਬਹੁਤ ਸਾਰੇ ਅਭਿਨੇਤਾ, ਨਿਰਦੇਸ਼ਕ ਤੇ ਨਾਟਕਕਾਰ ਸ਼ਾਮਲ ਸਨ, ਨੂੰ ਇਸ ਵਿਲੱਖਣ ਕਿਸਮ ਦੇ ਪਿੰਡ ਦੇ ਥੀਏਟਰ ਦੀ ਸਮਰੱਥਾ ਤੇ ਖ਼ੂਬਸੂਰਤੀ ਦੇ ਗੁਣ ਸਮਝਾਉਂਦੀ ਅਤੇ ਇਸ ਦੀਆਂ ਸਾਰੀਆਂ ਖ਼ੂਬੀਆਂ 'ਤੇ ਵਿਸ਼ੇਸ਼ ਚਾਨਣਾ ਪਾਉਂਦੀ। ਨੌਰ੍ਹਾ ਰਿਚਰਡਜ਼ ਆਪਣੇ ਇਸ ਥੀਏਟਰ 'ਤੇ ਹਰ ਸਾਲ ਨਾਟਕ ਸਬੰਧੀ ਸਮਾਗਮ ਕਰਵਾਉਂਦੀ ਅਤੇ ਉਸ ਦੇ ਸ਼ਾਗਿਰਦ ਤੇ ਨਾਟਕਕਾਰ ਦੂਰੋਂ-ਦੂਰੋਂ ਇਸ 'ਚ ਸਰਗਰਮ ਸ਼ਮੂਲੀਅਤ ਕਰਨ ਲਈ ਆਉਂਦੇ। ਪੰਜਾਬੀ ਨਾਟ ਮੰਚ ਨੂੰ ਆਧੁਨਿਕ ਅਤੇ ਯਥਾਰਥਵਾਦੀ ਛੋਹ ਦੇਣ ਵਾਲੀ ਪੰਜਾਬੀ ਨਾਟ ਮੰਚ ਦੀ ਇਹ ਜਨਮਦਾਤੀ ਨਾਟ ਮੰਚ ਦੇ ਖੇਤਰ ਵਿੱਚ ਬਿਨਾ ਕੋਈ ਸੰਜੀਦਾ ਤੇ ਸਾਰਥਕ ਯੋਗਦਾਨ ਪਾਏ ਚੌਧਰ ਕਰਨ ਵਾਲੇ ਮੰਚ ਕਰਮੀਆਂ ਤੇ ਨਿਰਦੇਸ਼ਕਾਂ ਦੇ ਖ਼ਿਲਾਫ਼ ਸੀ।

⇒ ***ਬਾਕੀ ਅਗਲੇ ਸਫੇ ਉਤੇ ਪੜ੍ਹੋ***

# ਹੇਰੋਡਸ ਐਟੀਕਸ ਦਾ ਥੀਏਟਰ

ਹੇਰੋਡਸ ਐਟੀਕਸ ਦਾ ਥੀਏਟਰ, ਜਿਸਨੂੰ ਓਡੀਓਨ ਵੀ ਕਿਹਾ ਜਾਂਦਾ ਹੈ, ਇੱਕ ਗ੍ਰੀਕੋ-ਰੋਮਨ ਥੀਏਟਰ ਹੈ, ਜੋ 161 ਈਸਵੀ ਵਿੱਚ ਬਣਾਇਆ ਗਿਆ ਸੀ। ਇਸਦਾ ਨਾਮ ਇੱਕ ਅਮੀਰ ਯੂਨਾਨੀ-ਜਨਮੇ ਰੋਮਨ ਸੈਨੇਟਰ ਹੇਰੋਡਸ ਐਟੀਕਸ ਦੇ ਨਾਮ 'ਤੇ ਰੱਖਿਆ ਗਿਆ, ਜਿਸਨੇ ਇਸਨੂੰ ਆਪਣੀ ਪਤਨੀ ਰੇਜੀਲੀਆ ਦੀ ਯਾਦ ਵਿੱਚ ਬਣਾਇਆ ਸੀ।

5,000 ਲੋਕਾਂ ਦੇ ਬੈਠਣ ਦੇ ਯੋਗ ਹੇਰੋਡਸ ਐਟੀਕਸ ਦਾ ਥੀਏਟਰ ਜ਼ਿਆਦਾਤਰ ਸੰਗੀਤ ਸ਼ੋਅ ਅਤੇ ਤਿਉਹਾਰਾਂ ਲਈ ਵਰਤਿਆ ਜਾਂਦਾ ਸੀ। ਇਹ ਥੀਏਟਰ ਯੂਨਾਨ ਵਿੱਚ ਐਥਨਜ਼ ਦੇ ਐਕਰੋਪੋਲਿਸ ਦੇ ਦੱਖਣ-ਪੱਛਮੀ ਢਲਾਨ 'ਤੇ ਸਥਿਤ ਹੈ। ਇਹ ਐਥਨਜ਼ ਵਿੱਚ ਬਣਾਇਆ ਗਿਆ ਤੀਜਾ ਓਡੀਓਨ ਸੀ ਅਤੇ ਨੇੜਲੇ ਥੀਏਟਰ ਆਫ਼ ਡਾਇਓਨਿਸਸ ਦੇ ਉਲਟ, ਇਸਦੇ ਰੋਮਨ-ਸ਼ੈਲੀ ਦੇ ਆਰਚ ਅਤੇ ਤਿੰਨ-ਮੰਜ਼ਿਲਾ ਸਟੇਜ ਇਮਾਰਤ ਦੇ ਨਾਲ, ਇੱਕ ਖੜ੍ਹੀ-ਢਲਾਣ ਵਾਲਾ ਥੀਏਟਰ ਵਿੱਚ ਤਿੰਨ-ਮੰਜ਼ਿਲਾ ਪੱਥਰ ਦੀ ਸਾਹਮਣੇ ਵਾਲੀ ਕੰਧ ਅਤੇ ਮਹਿੰਗੇ ਦਿਆਰ ਤੇ ਲੇਬਨਾਨ ਦੀ ਲੱਕੜ ਦੀ ਬਣੀ ਲੱਕੜ ਦੀ ਛੱਤ ਹੁੰਦੀ। ਇਸਨੂੰ ਸੰਗਮਰਮਰ ਦੀਆਂ ਮੂਰਤੀਆਂ ਅਤੇ ਸਿਰੇਮਿਕ ਟੁਕੜਿਆਂ ਨਾਲ ਸਜਾਇਆ ਜਾਂਦਾ।

ਦਰਅਸਲ, ਜਦੋਂ ਦੂਜੀ ਸਦੀ ਈਸਵੀ ਦੇ ਯੂਨਾਨੀ ਯਾਤਰੀ ਅਤੇ ਭੂਗੋਲ ਵਿਗਿਆਨੀ ਪੌਸਾਨੀਅਸ ਨੇ ਹੇਰੋਡਸ ਐਟੀਕਸ ਦੇ ਥੀਏਟਰ ਦਾ ਦੌਰਾ ਕੀਤਾ, ਤਾਂ ਉਸਨੇ ਇਸਨੂੰ 'ਆਪਣੀ ਕਿਸਮ ਦੀ ਸਭ ਤੋਂ ਵਧੀਆ ਇਮਾਰਤ' ਦੱਸਿਆ।



ਇਹ ਥੀਏਟਰ 267 ਈਸਵੀ ਵਿੱਚ ਹੇਰੂਲੀ-ਸ਼ੁਰੂਆਤੀ ਜਰਮਨਿਕ ਲੋਕਾਂ ਦੇ ਹਮਲੇ ਦੁਆਰਾ ਤਬਾਹ ਹੋਣ ਤੱਕ ਬਰਕਰਾਰ ਰਿਹਾ, ਜਿਸਨੇ ਇਸਨੂੰ ਖੰਡਰ ਵਿੱਚ ਬਦਲ ਦਿੱਤਾ। ਇਹ ਹੌਲੀ ਹੌਲੀ ਹੋਰ ਵੀ ਬਰਬਾਦ ਹੋ ਗਿਆ, ਖਾਸ ਕਰਕੇ ਓਟੋਮੈਨ ਕਬਜ਼ੇ ਦੌਰਾਨ। ਫਿਰ ਕੁਝ ਬਹਾਲੀ 1898, 1900 ਅਤੇ 1922 ਦੇ ਸਾਲਾਂ ਵਿੱਚ ਹੋਈ। ਇਸਦੀ ਵਰਤੋਂ ਅਸਲ ਵਿੱਚ ਉਦੋਂ ਹੀ ਸ਼ੁਰੂ ਹੋਈ, ਜਦੋਂ ਇਸਨੂੰ ਅਸਲ ਵਿੱਚ 1941-1944 ਦੇ ਜਰਮਨ ਕਬਜ਼ੇ ਦੌਰਾਨ ਬਣਾਇਆ ਗਿਆ ਸੀ, ਜਿੱਥੇ ਇਸਨੂੰ ਐਥਨਜ਼ ਸਟੇਟ ਆਰਕੈਸਟਰਾ ਅਤੇ ਯੂਨਾਨੀ ਨੈਸ਼ਨਲ ਓਪੇਰਾ ਦੁਆਰਾ ਪ੍ਰਦਰਸ਼ਨਾਂ ਦੀ ਮੇਜ਼ਬਾਨੀ ਕਰਨ ਲਈ ਵਰਤਿਆ ਜਾਂਦਾ ਸੀ। ਇਸਨੇ ਸ਼ਹਿਰ ਨੂੰ 1950 ਵਿੱਚ ਬਹਾਲੀ ਦਾ ਕੰਮ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ। 1955 ਵਿੱਚ ਸ਼ਾਨਦਾਰ ਉਦਘਾਟਨ ਦੇ ਨਾਲ ਇਸਨੂੰ ਐਥਨਜ਼ ਅਤੇ ਐਪੀਡੌਰਸ ਫੈਸਟੀਵਲ ਲਈ ਇੱਕ ਪ੍ਰਮੁੱਖ ਸਥਾਨ ਵਜੋਂ ਚਿੰਨ੍ਹਿਤ ਕੀਤਾ ਗਿਆ। ਹੁਣ, ਗੋਲਾਕਾਰ ਆਰਕੈਸਟਰਾ ਇੱਕ ਅਰਧ-ਚੱਕਰ ਬਣ ਗਿਆ ਹੈ, ਜੋ ਕਾਲੇ ਅਤੇ ਚਿੱਟੇ ਸੰਗਮਰਮਰ ਨਾਲ ਸਜਾਇਆ ਗਿਆ ਹੈ। ਅੱਜ ਤੁਸੀਂ ਸੁੰਦਰ ਰਾਤ ਦੇ ਅਸਮਾਨ ਹੇਠ ਐਥਨਜ਼ ਆਰਟ ਫੈਸਟੀਵਲ, ਸੰਗੀਤਕ ਸੰਗੀਤ ਸਮਾਰੋਹ ਅਤੇ ਕਲਾਸੀਕਲ ਦੁਖਾਂਤਾਂ ਵਿੱਚ ਸ਼ਾਮਲ ਹੋ ਸਕਦੇ ਹੋ।

# ਉਡੀਕ ਕਰੋ, ਜਾਗੇਗੀ ਕਿਤਾਬ

ਸੁਸ਼ੀਲ ਦੁਸਾਂਝ

ਪਿਆਰ ਕਰਨ ਤੇ ਕਿਤਾਬ ਪੜ੍ਹਨ ਵਿੱਚ
ਕੋਈ ਫ਼ਰਕ ਨਹੀਂ ਹੁੰਦਾ,
ਕੁਝ ਕਿਤਾਬਾਂ ਦਾ ਅਸੀਂ
ਮੁੱਖ ਪੰਨਾ ਦੇਖਦੇ ਹਾਂ
ਅੰਦਰੋਂ ਬੋਰ ਕਰਦੀਆਂ ਨੇ
ਪੰਨੇ ਪਰਤਦੇ ਹਾਂ ਤੇ ਰੱਖ ਦੇਂਦੇ ਹਾਂ,
ਕੁਝ ਕਿਤਾਬਾਂ ਅਸੀਂ ਰੱਖਦੇ ਹਾਂ ਸਿਰ੍ਹਾਣੇ
ਅਚਾਨਕ ਜਦੋਂ ਜਾਗ ਆਉਂਦੀ ਹੈ
ਤਾਂ ਪੜ੍ਹਨ ਲੱਗਦੇ ਹਾਂ
ਕੁਝ ਕਿਤਾਬਾਂ ਦਾ ਸ਼ਬਦ ਸ਼ਬਦ ਪੜ੍ਹਦੇ ਹਾਂ
ਬਾਰ ਬਾਰ ਪੜ੍ਹਦੇ ਹਾਂ
ਤੇ ਰੂਹ ਤੱਕ ਰਚਾ ਲੈਂਦੇ ਹਾਂ,
ਕੁਝ ਕਿਤਾਬਾਂ 'ਤੇ
ਰੰਗ-ਬਿਰੰਗੇ ਨਿਸ਼ਾਨ ਲਾਉਂਦੇ ਹਾਂ
ਹਰੇਕ ਸਤਰ 'ਤੇ ਰੀਝਦੇ ਹਾਂ
ਤੇ
ਕੁਝ ਕਿਤਾਬਾਂ ਦੇ ਸੁਹਲ ਪੰਨਿਆਂ 'ਤੇ
ਨਿਸ਼ਾਨ ਲਾਉਣੋਂ ਵੀ ਤ੍ਰਹਿੰਦੇ ਹਾਂ
ਪਿਆਰ ਕਰਨ ਤੇ ਕਿਤਾਬ ਪੜ੍ਹਨ ਵਿੱਚ
ਕੋਈ ਫ਼ਰਕ ਨਹੀਂ ਹੁੰਦਾ।


ਇਹ ਸ਼ਾਇਰ ਸੁਰਿੰਦਰ ਸਿੰਘ ਨੂਰ ਦੀ ਨਜ਼ਮ 'ਪਿਆਰ ਅਤੇ ਕਿਤਾਬ' ਹੈ। ਗੱਲ ਸੌ ਫੀਸਦੀ ਸੱਚ ਹੈ ਕਿ ਜਿਹੜਾ ਬੰਦਾ ਜ਼ਿੰਦਗੀ ਨੂੰ ਮੁਹੱਬਤ ਕਰਦਾ ਹੈ, ਉਹ ਕਿਤਾਬ ਤੋਂ ਮੁਨਕਰ ਨਹੀਂ ਹੋ ਸਕਦਾ; ਕਿਉਂਕਿ ਕਿਤਾਬ ਸਿਰਫ਼ ਪੜ੍ਹਨ ਦੀ ਚੀਜ਼ ਨਹੀਂ, ਇਹ ਮਨੁੱਖੀ ਅਹਿਸਾਸਾਂ, ਤਜਰਬਿਆਂ ਅਤੇ ਸੋਚ ਦੀ ਲੰਮੀ ਯਾਤਰਾ ਦਾ ਦਰਵਾਜ਼ਾ ਹੈ। ਪਰ ਅੱਜ ਦਾ ਦੌਰ ਕਿਤਾਬ ਨੂੰ ਮਾਰ ਦੇਣ ਦੀ ਸਾਜਿਸ਼ ਦਾ ਦੌਰ ਹੈ।

ਦਰਅਸਲ, ਮਨੁੱਖ ਨੂੰ ਮਸ਼ੀਨ ਵਿੱਚ ਤਬਦੀਲ ਕਰਨ ਦੀ ਕੋਸ਼ਿਸ਼ ਵਿੱਚ ਜੁਟੀਆਂ ਗਲੋਬਲ ਸ਼ਕਤੀਆਂ ਨੂੰ ਇਲਮ ਹੈ ਕਿ ਉਨ੍ਹਾਂ ਦੇ ਸਾਜਿਸ਼ੀ ਘੋੜਿਆਂ ਦੇ ਰਾਹਾਂ ਵਿੱਚ ਕਿਤਾਬ ਹੀ ਸਭ ਤੋਂ ਵੱਡੀ ਰੁਕਾਵਟ ਹੈ। ਕਿਤਾਬ ਹੀ ਹੈ, ਜਿਹੜੀ ਮਨੁੱਖ ਦੇ ਅੰਦਰ ਨੂੰ ਚੇਤਨਾ ਦੀਆਂ ਰੁਸ਼ਨਾਈਆਂ ਨਾਲ ਜਗਮਗ-ਜਗਮਗ ਕਰਨ ਦੀ ਤਾਕਤ ਰੱਖਦੀ ਹੈ।

ਜਦੋਂ ਕੋਈ ਮਨੁੱਖ ਕਿਤਾਬ ਪੜ੍ਹਦਾ ਹੈ ਤਾਂ ਉਹ ਸਿਰਫ਼ ਜਾਣਕਾਰੀ ਨਹੀਂ ਲੈਂਦਾ, ਉਹ ਸੋਚਣ ਲੱਗ ਪੈਂਦਾ ਹੈ। ਸੋਚਣਾ ਹੀ ਸਭ ਤੋਂ ਵੱਡੀ ਆਜ਼ਾਦੀ ਹੈ। ਜਿਹੜਾ ਮਨੁੱਖ ਸੋਚਣਾ ਸਿੱਖ ਲੈਂਦਾ ਹੈ, ਉਹ ਕਿਸੇ ਵੀ ਤਰ੍ਹਾਂ ਦੀ ਗੁਲਾਮੀ ਨੂੰ ਸਦੀਵੀ ਤੌਰ 'ਤੇ ਕਬੂਲ ਨਹੀਂ ਕਰਦਾ। ਇਹੀ ਕਾਰਨ ਹੈ ਕਿ ਇਤਿਹਾਸ ਵਿੱਚ ਹਰ ਜ਼ੁਲਮੀ ਦੌਰ ਕਿਤਾਬਾਂ ਤੋਂ ਡਰਿਆ ਹੈ।

ਕਿਤਾਬ ਮਨੁੱਖ ਦੇ ਅੰਦਰ ਦੀ ਰੌਸ਼ਨੀ ਨੂੰ ਜਗਾਉਂਦੀ ਹੈ। ਇਹ ਰੌਸ਼ਨੀ ਹੀ ਉਹ ਤਾਕਤ ਹੈ, ਜੋ ਅੰਧੇਰੇ ਨੂੰ ਚੁਣੌਤੀ ਦਿੰਦੀ ਹੈ। ਇਸੇ ਲਈ ਬਿਜਲਈ ਯੁੱਗ ਵਿੱਚ ਕਿਤਾਬ ਨੂੰ ਜ਼ਿੰਦਗੀ ਵਿੱਚੋਂ ਖਾਰਜ ਕਰ ਦੇਣ ਦੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। ਮੋਬਾਈਲ ਸਕਰੀਨਾਂ ਦੀ ਚਮਕ ਅਤੇ ਤੁਰੰਤ ਮਨੋਰੰਜਨ ਦੇ ਇਸ ਦੌਰ ਵਿੱਚ ਪੜ੍ਹਨ ਦੀ ਆਦਤ ਨੂੰ ਹਾਸ਼ੀਏ 'ਤੇ ਧੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਹ ਸ਼ਕਤੀਆਂ ਜਾਣਦੀਆਂ ਹਨ ਕਿ ਜੇਕਰ ਕਿਤਾਬ ਰਹੇਗੀ ਤਾਂ ਗਿਆਨ ਰਹੇਗਾ ਤੇ ਜੇ ਗਿਆਨ ਰਹੇਗਾ ਤਾਂ ਉਨ੍ਹਾਂ ਦੇ ਮਨੁੱਖ ਨੂੰ ਨਿਰਜਿੰਦ ਕਰ ਦੇਣ ਦੇ ਯਤਨ ਕਦੇ ਸਫ਼ਲ ਨਹੀਂ ਹੋਣ ਲੱਗੇ।



ਕਿਤਾਬ ਨੂੰ ਜ਼ਿੰਦਗੀ ਵਿੱਚੋਂ ਮਨਫ਼ੀ ਕਰ ਦੇਣ ਦੇ ਇਸ ਦੌਰ ਦਾ ਟਾਕਰਾ ਕਿਹਨੇ ਕਰਨਾ ਹੈ? ਇਹ ਸਵਾਲ ਬੇਚੈਨ ਕਰਨ ਵਾਲਾ ਹੈ; ਕਿਉਂਕਿ ਜਿਨ੍ਹਾਂ ਲੋਕਾਂ ਦੇ ਜ਼ਿੰਮੇ ਇਹ ਇਤਿਹਾਸਕ ਕਾਰਜ ਹੈ, ਉਨ੍ਹਾਂ ਦੇ ਪੈਰ ਵੀ ਆਪਣੀ ਜ਼ਮੀਨ ਤੋਂ ਉਖੜਦੇ ਦਿਖਾਈ ਦੇ ਰਹੇ ਹਨ। ਨਿੱਕੇ ਨਿੱਕੇ ਨਿੱਜੀ ਲਾਭਾਂ ਲਈ ਕਿਤਾਬ ਕੁਰਬਾਨ ਕੀਤੀ ਜਾ ਰਹੀ ਹੈ।

ਅਸਲ ਵਿੱਚ ਕਿਤਾਬ ਸਿਰਫ਼ ਲੇਖਕ ਦੀ ਨਹੀਂ ਹੁੰਦੀ, ਇਹ ਪੂਰੇ ਸਮਾਜ ਦੀ ਸੰਪਤੀ ਹੁੰਦੀ ਹੈ। ਜਦੋਂ ਸਮਾਜ ਕਿਤਾਬ ਤੋਂ ਦੂਰ ਹੋ ਜਾਂਦਾ ਹੈ ਤਾਂ ਉਹ ਆਪਣੇ ਆਪ ਤੋਂ ਵੀ ਦੂਰ ਹੋਣ ਲੱਗਦਾ ਹੈ। ਅਜਿਹੇ ਸਮੇਂ ਵਿੱਚ ਮਨੁੱਖੀ ਸੋਚ ਵੀ ਥੋੜ੍ਹੀ ਥੋੜ੍ਹੀ ਕਰ ਕੇ ਸੁੰਗੜਨ ਲੱਗ ਪੈਂਦੀ ਹੈ।

ਮੁਲਕ ਦੀਆਂ ਬਾਕੀ ਭਾਸ਼ਾਵਾਂ ਵਾਂਗ ਹੀ ਪੰਜਾਬੀ ਭਾਸ਼ਾ ਵਿੱਚ ਦੀ ਕਿਤਾਬ ਦੀ ਸਥਿਤੀ ਵੀ ਘਰੋਂ ਬੇਘਰ ਕਰਨ ਦੀ ਬਣੀ ਹੋਈ ਹੈ। ਪੰਜਾਬੀ ਪੁਸਤਕਾਂ ਦੇ ਤਿੰਨ-ਚਾਰ ਵੱਡੇ ਪ੍ਰਕਾਸ਼ਕਾਂ ਦੀ ਟੇਕ ਆਮ ਪਾਠਕਾਂ 'ਤੇ ਨਾ ਹੋ ਕੇ ਲਾਇਬਰੇਰੀਆਂ ਅਤੇ ਅਕਾਦਮੀਆਂ ਹਨ। ਜਿਹੜੇ ਇੱਕਾ-ਦੁੱਕਾ ਪਾਠਕ-ਮੁਖੀ ਪ੍ਰਕਾਸ਼ਕ ਹਨ ਵੀ, ਉਨ੍ਹਾਂ ਕੋਲ ਆਮ ਪਾਠਕਾਂ ਤੱਕ ਪਹੁੰਚ ਕਰਨ ਦੇ ਵਸੀਲੇ ਹੀ ਨਹੀਂ ਹਨ।

ਇਹ ਵੀ ਇੱਕ ਤ੍ਰਾਸਦੀ ਹੈ ਕਿ ਜਿਹੜੀ ਭਾਸ਼ਾ/ਬੋਲੀ ਵਿੱਚ ਵੱਡੀ ਗਿਣਤੀ ਲੋਕ ਬੋਲਦੇ ਹਨ, ਉਸ ਭਾਸ਼ਾ ਦੀ ਕਿਤਾਬ ਅਕਸਰ ਆਪਣੇ ਹੀ ਘਰ ਵਿੱਚ ਅਣਗੌਲੀ ਹੋ ਜਾਂਦੀ ਹੈ। ਬਹੁਤ ਸਾਰੇ ਘਰਾਂ ਵਿੱਚ ਅਸੀਂ ਮਹਿੰਗੇ ਮੋਬਾਈਲ ਅਤੇ ਟੈਲੀਵਿਜ਼ਨ ਵੇਖਦੇ ਹਾਂ, ਪਰ ਕਿਤਾਬਾਂ ਲਈ ਕੋਈ ਥਾਂ ਨਹੀਂ ਹੁੰਦੀ।

ਆਮ ਤੌਰ 'ਤੇ ਇਹ ਧਾਰਨਾ ਬਣਦੀ ਹੈ ਕਿ ਪੰਜਾਬੀ ਵਿੱਚ ਪਾਠਕ ਹੈ ਹੀ ਨਹੀਂ। ਅਸਲੀਅਤ ਵਿੱਚ ਇਹ ਬਿਲਕੁਲ ਵੀ ਠੀਕ ਨਹੀਂ। ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਲੱਗਦੇ ਲੋਕ-ਪੱਖੀ ਮੇਲਿਆਂ, ਲੋਕ-ਰੈਲੀਆਂ ਅਤੇ ਮੁਜਾਹਰਿਆਂ ਵਿੱਚ ਵਿਕਦੀਆਂ ਕਿਤਾਬਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਇਸ ਬਿਜਲਈ ਯੁੱਗ ਵਿੱਚ ਵੀ ਪੁਸਤਕ ਹੀ ਪ੍ਰਸੰਗਕ ਹੈ।

ਸਮਝਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਪਾਠਕ ਚਾਹੁੰਦਾ ਕੀ ਹੈ?

ਪੰਜਾਬ ਦਾ ਪਾਠਕ ਉਹ ਕਿਤਾਬ ਲੱਭਦਾ ਹੈ, ਜੋ ਉਸਦੀ ਜ਼ਿੰਦਗੀ ਨਾਲ ਗੱਲ ਕਰੇ, ਉਸਦੇ ਦੁੱਖ-ਸੁੱਖ ਨੂੰ ਸਮਝੇ ਅਤੇ ਉਸਦੇ ਸਮੇਂ ਦੀ ਸੱਚਾਈ ਨੂੰ ਸਾਹਮਣੇ ਲਿਆਵੇ। ਜਦੋਂ ਅਜਿਹੀ ਕਿਤਾਬ ਉਸਦੇ ਹੱਥ ਵਿੱਚ ਆਉਂਦੀ ਹੈ ਤਾਂ ਉਹ ਉਸਨੂੰ ਪੜ੍ਹਦਾ ਵੀ ਹੈ ਤੇ ਹੋਰਾਂ ਤੱਕ ਪਹੁੰਚਾਉਂਦਾ ਵੀ ਹੈ।

ਜਿਹੜੇ ਲੋਕ ਇਹ ਕਹਿੰਦੇ ਹਨ ਕਿ ਪਾਠਕ ਘਟ ਰਹੇ ਹਨ, ਉਨ੍ਹਾਂ ਲਈ ਇਹ ਸਵਾਲ ਹੋ ਸਕਦਾ ਹੈ ਕਿ ਫਿਰ ਪ੍ਰਕਾਸ਼ਕ ਕਿਉਂ ਵੱਧ ਰਹੇ ਹਨ? ਮਿਸਾਲ ਦੇ ਤੌਰ 'ਤੇ 29 ਸਾਲ ਪਹਿਲਾਂ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿੱਚ 'ਗਦਰੀ ਬਾਬਿਆਂ ਦਾ ਮੇਲਾ' ਸ਼ੁਰੂ ਹੋਇਆ ਤਾਂ ਉੱਥੇ ਕਿਤਾਬਾਂ ਦੇ ਤਿੰਨ-ਚਾਰ ਸਟਾਲ ਹੀ ਲੱਗਦੇ ਸਨ, ਪਰ ਹੁਣ ਉਥੇ 100 ਦੇ ਕਰੀਬ ਸਟਾਲ ਲੱਗਦੇ ਹਨ। ਜੇ ਇੰਜ ਹੈ ਤਾਂ ਇਹਦੇ ਸਾਫ ਅਰਥ ਹਨ ਕਿ ਕਿਤਾਬ ਦਾ ਘੇਰਾ ਵਧਿਆ ਹੈ।

ਲੋੜ ਇਹ ਦੇਖਣ ਦੀ ਹੈ ਕਿ ਪਾਠਕ ਚਾਹੁੰਦੇ ਕੀ ਹਨ? ਇਹ ਗੱਲ ਅਸੀਂ ਨਿਰਸੰਕੋਚ ਕਹਿਣਾ ਚਾਹੁੰਦੇ ਹਾਂ ਕਿ ਪੰਜਾਬੀ ਪਾਠਕਾਂ ਦੀ ਕੋਈ ਕਮੀ ਨਹੀਂ ਹੈ, ਸਾਡੇ ਬਹੁਤੇ ਪ੍ਰਕਾਸ਼ਕਾਂ ਦੀਆਂ ਤਰਜੀਹਾਂ ਬਦਲ ਗਈਆਂ ਹਨ। ਉਨ੍ਹਾਂ ਲਈ ਪਾਠਕ ਅਹਿਮ ਨਹੀਂ ਰਿਹਾ। ਉਹ ਪੈਸੇ ਕਮਾਉਣ ਦੀ ਲਾਲਸਾ ਅਧੀਨ 30-40 ਰੁਪਏ ਦੀ ਲਾਗਤ ਨਾਲ ਛਪਾਈ ਪੁਸਤਕ ਨੂੰ 300 ਤੋਂ 500 ਰੁਪਏ ਵਿੱਚ ਵੇਚਣ ਦੇ ਕੁਰਾਹੇ ਪੈ ਚੁੱਕੇ ਹਨ।

ਇਸ ਸਾਰੇ ਦੌਰ ਵਿੱਚ ਲੋੜ ਇਹ ਹੈ ਕਿ ਕਿਤਾਬ ਨੂੰ ਮੁੜ ਸਮਾਜਕ ਜੀਵਨ ਦਾ ਹਿੱਸਾ ਬਣਾਇਆ ਜਾਵੇ। ਪਿੰਡਾਂ ਅਤੇ ਸ਼ਹਿਰਾਂ ਵਿੱਚ ਛੋਟੀਆਂ ਛੋਟੀਆਂ ਲਾਇਬਰੇਰੀਆਂ ਬਣਨ। ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਨ ਦਾ ਮਾਹੌਲ ਬਣਾਇਆ ਜਾਵੇ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਕਿਤਾਬ ਨਾਲ ਦੋਸਤੀ ਕਰਵਾਈ ਜਾਵੇ। ਕਿਉਂਕਿ ਜਦੋਂ ਕੋਈ ਬੱਚਾ ਪਹਿਲੀ ਵਾਰ ਕੋਈ ਚੰਗੀ ਕਿਤਾਬ ਪੜ੍ਹਦਾ ਹੈ ਤਾਂ ਉਸ ਦੀ ਕਲਪਨਾ ਦੀ ਦੁਨੀਆ ਖੁਲ੍ਹ ਜਾਂਦੀ ਹੈ। ਉਹ ਸਵਾਲ ਪੁੱਛਣਾ ਸਿੱਖਦਾ ਹੈ। ਉਹ ਦੁਨੀਆ ਨੂੰ ਸਿਰਫ਼ ਵੇਖਦਾ ਹੀ ਨਹੀਂ, ਉਸਨੂੰ ਸਮਝਣ ਦੀ ਕੋਸ਼ਿਸ਼ ਵੀ ਕਰਦਾ ਹੈ।

ਆਖਰੀ ਗੱਲ ਇਹ ਹੀ ਹੈ ਕਿ ਕਿਤਾਬਾਂ ਦੇ ਰੂਪ ਵਿੱਚ ਮਨੁੱਖ ਨੂੰ ਅਜਿਹਾ ਮਾਧਿਅਮ ਮਿਲਿਆ ਹੈ, ਜਿਹੜਾ ਜ਼ਿੰਦਗੀ ਦੀ ਵਿਕਾਸ ਪ੍ਰਕਿਰਿਆ ਦਾ ਧੁਰਾ ਹੈ। ਕਿਤਾਬ ਮਨੁੱਖੀ ਵਿਕਾਸ ਦਾ ਪੁਲ ਹੈ। ਅੱਜ ਜਦੋਂ ਕਿਤਾਬ ਨੂੰ ਵੀ ਵਪਾਰੀਆਂ ਨੇ ਆਪਣੀ ਪਟਰਾਣੀ ਬਣਾ ਲਿਆ ਹੈ, ਉਦੋਂ ਪਾਠਕਾਂ ਨੂੰ ਚਾਹੀਦਾ ਹੈ ਕਿ ਉਹ ਜਿਵੇਂ ਵੀ ਸੰਭਵ ਹੋਵੇ, ਇਹਨੂੰ ਆਪਣੇ ਅੰਗ-ਸੰਗ ਰੱਖਣ ਦਾ ਯਤਨ ਕਰਨ। ਪਿੰਡ ਪਿੰਡ ਲਾਇਬਰੇਰੀਆਂ ਖੋਲ੍ਹਣ ਦੀ ਕੋਸ਼ਿਸ਼ ਵਜੋਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਨਾਲ ਲਿਆ ਜਾਵੇ। ਪੰਜਾਬੀ ਲੇਖਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਪ੍ਰਕਾਸ਼ਕਾਂ 'ਤੇ ਟੇਕ ਨਾ ਰੱਖ ਕੇ ਪਾਠਕਾਂ ਦੀ ਮਦਦ ਨਾਲ ਕਿਤਾਬਾਂ ਛਾਪਣ ਦੀ ਕੋਸ਼ਿਸ਼ ਕਰਨ।

**ਅਖੀਰ ਵਿੱਚ ਪਾਠਕਾਂ ਦੀ ਨਜ਼ਰ ਹੈ ਸ਼ਾਇਰ ਮਿੱਤਰ ਸਵਰਨਜੀਤ ਸਵੀ ਦੀ ਨਜ਼ਮ:**

ਕਿਤਾਬ ਜਾਗਦੀ ਹੈ
ਖਰੀਦੋ-ਰੱਖੋ
ਪੜ੍ਹੋ ਨਾ ਪੜ੍ਹੋ
ਘਰ ਦੇ ਰੈਕ 'ਚ ਰੱਖੋ
ਰੱਖੋ ਤੇ ਭੁੱਲ ਜਾਓ
ਜੇ ਤੁਸੀਂ ਪੜ੍ਹ ਨਹੀਂ ਸਕਦੇ
ਯਾਦ ਨਹੀਂ ਰੱਖ ਸਕਦੇ
ਸੌਣ ਦਿਓ ਕਿਤਾਬ ਨੂੰ
ਮਹੀਨੇ ਸਾਲ ਪੀੜ੍ਹੀ ਦਰ ਪੀੜ੍ਹੀ
ਉਡੀਕ ਕਰੋ
ਜਾਗੇਗੀ ਕਿਤਾਬ
ਕਿਸੇ ਦਿਨ ਕਿਸੇ ਪਲ
ਪੜ੍ਹੇਗਾ ਕੋਈ
ਜਿਸਨੇ ਨਹੀਂ ਖਰੀਦਣੀ ਸੀ
ਇਹ ਕਿਤਾਬ।

# ਫ਼ਾਰਸ ਅਤੇ ਪੱਛਮ ਦੀ ਟੱਕਰ ਦੀ ਕਹਾਣੀ ਬਹੁਤ ਪੁਰਾਣੀ ਹੈ

ਅਭੈ ਕੁਮਾਰ ਦੂਬੇ

ਅਮਰੀਕਾ ਕਦੇ ਇਹ ਨਹੀਂ ਮੰਨੇਗਾ ਕਿ ਇਰਾਨ 'ਤੇ ਉਸ ਵੱਲੋਂ ਕੀਤਾ ਗਿਆ ਹਮਲਾ-ਜੋ ਇਜ਼ਰਾਇਲ ਦੀ ਮਦਦ ਲਈ ਕੀਤਾ ਗਿਆ, ਹਜ਼ਾਰਾਂ ਸਾਲ ਪੁਰਾਣੀ ਸੱਭਿਆਚਾਰਕ ਦੁਸ਼ਮਣੀ ਨਾਲ ਵੀ ਜੁੜਿਆ ਹੋਇਆ ਹੈ। ਪਰ ਇਰਾਨ ਜਿਸ ਫ਼ਾਰਸੀ ਸੱਭਿਆਚਾਰ ਦੀ ਨੁਮਾਇੰਦਗੀ ਕਰਦਾ ਹੈ ਅਤੇ ਅਮਰੀਕਾ ਜਿਸ ਪੱਛਮੀ ਸੱਭਿਆਚਾਰ ਦਾ ਝੰਡਾਬਰਦਾਰ ਹੈ, ਉਨ੍ਹਾਂ ਵਿਚਕਾਰ ਵਿਰੋਧ ਦੀ ਸ਼ੁਰੂਆਤ ਯਿਸੂ ਮਸੀਹ ਦੇ ਜਨਮ ਤੋਂ ਲਗਭਗ ਪੰਜ ਸੌ ਸਾਲ ਪਹਿਲਾਂ ਹੀ ਹੋ ਗਈ ਸੀ ਅਤੇ ਇਹ ਅੱਜ ਤੱਕ ਜਾਰੀ ਹੈ।

ਇਸ ਟਕਰਾਅ ਦੇ ਸੱਭਿਆਚਾਰਕ ਪੱਖ ਅੱਜ ਵੀ ਯੂਰਪ ਅਤੇ ਅਮਰੀਕਾ ਦੀ ਸੋਚ ਤੇ ਕਲਾਤਮਕ ਪੇਸ਼ਕਾਰੀਆਂ ਵਿੱਚ ਵਾਰ-ਵਾਰ ਸਾਹਮਣੇ ਆਉਂਦੇ ਹਨ। ਚਾਹੇ ਹੌਲੀਵੁੱਡ ਦੀਆਂ ਮਸ਼ਹੂਰ ਫ਼ਿਲਮਾਂ ਹੋਣ ਜਾਂ ਓ.ਟੀ.ਟੀ. 'ਤੇ ਆਉਣ ਵਾਲੀਆਂ ਲੰਬੀਆਂ ਸਿਰੀਜ਼ਾਂ- 21ਵੀਂ ਸਦੀ ਵਿੱਚ ਵੀ ਪੱਛਮ ਵੱਲੋਂ ਇਰਾਨ ਨੂੰ ਖਲਨਾਇਕ ਅਤੇ ਆਪਣੇ ਆਪ ਨੂੰ ਨਾਇਕ ਵਜੋਂ ਦਰਸਾਉਣ ਵਾਲੀ ਇਹ ਟਕਰਾਅ ਭਰੀ ਕਹਾਣੀ ਲਗਾਤਾਰ ਦੱਸੀ ਜਾ ਰਹੀ ਹੈ।

ਇਹ ਗੱਲ ਉਸ ਸਮੇਂ ਦੀ ਹੈ, ਜਦੋਂ ਨਾ ਇਸਲਾਮ ਸੀ ਤੇ ਨਾ ਹੀ ਇਸਾਈ ਧਰਮ। ਪੱਛਮ ਜਿਸ ਗ੍ਰੀਕ-ਰੋਮਨ ਸੱਭਿਆਚਾਰ ਨੂੰ ਆਪਣੀ ਨੀਂਹ ਮੰਨਦਾ ਹੈ, ਉਸ ਦੀ ਸ਼ੁਰੂਆਤ ਯੂਨਾਨ ਤੋਂ ਹੋਈ। ਯੂਨਾਨ ਦੇ ਸ਼ਹਿਰ ਅਤੇ ਰਾਜ (ਐਥੇਨਜ਼, ਸਪਾਰਟਾ, ਮੇਸਿਡੋਨ ਤੇ ਥੀਬਜ਼) ਅਤੇ ਉਸ ਸਮੇਂ ਦੇ ਫ਼ਾਰਸੀ ਬਾਦਸ਼ਾਹ ਦਾਰਾ ਅਤੇ ਜ਼ਰਕਸੀਜ਼ ਦੇ ਵਿਚਕਾਰ ਹੋਏ ਯੁੱਧਾਂ ਦਾ ਵੇਰਵਾ ਯੂਨਾਨੀ ਇਤਿਹਾਸਕਾਰ ਹੇਰੋਡੋਟਸ ਨੇ ਆਪਣੀ ਕਿਤਾਬ 'ਦ ਹਿਸਟਰੀਜ਼' ਵਿੱਚ ਵਿਸਥਾਰ ਨਾਲ ਲਿਖਿਆ ਹੈ।

ਉਸ ਸਮੇਂ ਇਰਾਨੀ ਸੱਭਿਆਚਾਰ ਆਪਣੇ ਸ਼ਹਿਰੀ ਜੀਵਨ ਅਤੇ ਨਫ਼ਾਸਤ ਲਈ ਮਸ਼ਹੂਰ ਸੀ; ਪਰ ਹੇਰੋਡੋਟਸ ਨੇ ਇਰਾਨੀਆਂ ਨੂੰ ਜੰਗਲੀ ਕਿਹਾ। ਉਸ ਨੇ ਲਿਖਿਆ ਕਿ ਇਰਾਨੀ ਇੱਕ ਐਸੀ ਭਾਸ਼ਾ (ਫ਼ਾਰਸੀ) ਬੋਲਦੇ ਹਨ, ਜੋ ਯੂਨਾਨੀ ਨਾਲੋਂ ਘੱਟ ਦਰਜੇ ਦੀ ਹੈ। ਅੱਜ ਵੀ ਪੱਛਮ ਵੱਲੋਂ ਇਹ ਕਹਾਣੀ ਚਲਾਈ ਜਾਂਦੀ ਹੈ ਕਿ ਇਰਾਨ ਪਤਨ, ਅੰਧਵਿਸ਼ਵਾਸ ਅਤੇ ਤਾਨਾਸ਼ਾਹੀ ਦਾ ਪ੍ਰਤੀਕ ਹੈ, ਜਦਕਿ ਪੱਛਮ ਲੋਕਤੰਤਰ ਅਤੇ ਖੁੱਲ੍ਹੇ ਸਮਾਜ ਦੀ ਨੁਮਾਇੰਦਗੀ ਕਰਦਾ ਹੈ।

ਹੌਲੀਵੁੱਡ ਨੇ 2006 ਅਤੇ 2014 ਵਿੱਚ ਦੋ ਮਸ਼ਹੂਰ ਫ਼ਿਲਮਾਂ ਬਣਾਈਆਂ- '300' ਅਤੇ '300: ਰਾਇਜ਼ ਆਫ਼ ਐਨ ਐਮਪਾਇਰ'। ਇਨ੍ਹਾਂ ਵਿੱਚ ਫ਼ਾਰਸ ਦੀ ਵੱਡੀ ਫੌਜ ਦੇ ਖ਼ਿਲਾਫ਼ ਲੜਦੇ ਹੋਏ ਸ਼ਹੀਦ ਹੋਏ ਤਿੰਨ ਸੌ ਸਪਾਰਟਨ ਯੋਧਿਆਂ ਦੀ ਕਹਾਣੀ ਦਿਖਾਈ ਗਈ ਹੈ। ਇਨ੍ਹਾਂ ਫ਼ਿਲਮਾਂ ਵਿੱਚ ਗੂੜ੍ਹੇ ਅਤੇ ਕਾਲੇ ਰੰਗ ਵਾਲੇ ਏਸ਼ੀਆਈ ਇਰਾਨੀਆਂ ਨੂੰ ਹਨੇਰੇ, ਲਾਲਚ ਅਤੇ ਅਗਿਆਨਤਾ ਵਿੱਚ ਫਸਿਆ ਹੋਇਆ ਦਿਖਾਇਆ ਗਿਆ ਹੈ।

ਉਨ੍ਹਾਂ ਦੇ ਮੁਕਾਬਲੇ ਲੜਦੇ ਯੂਨਾਨੀਆਂ ਨੂੰ ਸੁਨਹਿਰੇ ਵਾਲਾਂ ਵਾਲੇ ਗੋਰੇ ਯੂਰਪੀ ਲੋਕਾਂ ਵਾਂਗ ਦਿਖਾਇਆ ਗਿਆ ਹੈ। ਫ਼ਿਲਮਾਂ ਵਿੱਚ ਇਹ ਯੂਨਾਨੀ ਅਨੁਸ਼ਾਸਨ, ਨਿਯਮ, ਪਿਆਰ ਅਤੇ ਤਿਆਗ ਦੇ ਪ੍ਰਤੀਕ ਵਜੋਂ ਦਰਸਾਏ ਗਏ ਹਨ। ਜਦਕਿ ਹਕੀਕਤ ਵਿੱਚ ਯੂਨਾਨੀ ਲੋਕ ਜ਼ਿਆਦਾ ਏਸ਼ੀਆਈ ਲੱਗਦੇ ਹਨ, ਯੂਰਪੀ ਘੱਟ। ਬਹੁਤ ਸਾਰੇ ਯੂਨਾਨੀ ਦਰਸ਼ਨ-ਸ਼ਾਸਤਰੀਆਂ ਨੇ ਆਪਣੀ ਸਿੱਖਿਆ ਮਿਸਰ ਵਿੱਚ ਪ੍ਰਾਪਤ ਕੀਤੀ ਸੀ। ਯੂਨਾਨ ਵਿੱਚ ਖ਼ਾਸ ਤੌਰ 'ਤੇ ਯੂਰਪੀ ਤੱਤ ਨਹੀਂ ਸਨ, ਪਰ ਫ਼ਿਲਮਾਂ ਵਿੱਚ ਯੂਨਾਨੀਆਂ ਦੀ ਨਸਲ ਹੀ ਬਦਲ ਦਿੱਤੀ ਗਈ ਹੈ।

ਇਸੇ ਤਰ੍ਹਾਂ 2014 ਵਿੱਚ 'ਅਰਗੋ' ਨਾਮ ਦੀ ਇੱਕ ਹੋਰ ਫ਼ਿਲਮ ਬਣੀ, ਜਿਸ ਦਾ ਨਾਇਕ ਸੀ.ਆਈ.ਏ. ਦਾ ਏਜੰਟ ਹੈ, ਜੋ 1979 ਤੋਂ 1981 ਦੇ ਦਰਮਿਆਨ ਤਹਿਰਾਨ ਵਿਚਲੇ ਅਮਰੀਕੀ ਦੂਤਾਵਾਸ ਵਿੱਚ ਫਸੇ ਬੰਦੀਆਂ ਨੂੰ ਬਚਾਅ ਕੇ ਬਾਹਰ ਲਿਆਉਂਦਾ ਹੈ। 2020 ਤੋਂ ਬਾਅਦ ਇਜ਼ਰਾਇਲ ਨੇ ਵੀ ਇਸ ਕਹਾਣੀ ਵਿੱਚ ਆਪਣੀ ਭੂਮਿਕਾ ਨਿਭਾਈ।

ਉਸ ਨੇ ਓ.ਟੀ.ਟੀ. 'ਤੇ 'ਤਹਿਰਾਨ' ਨਾਮ ਦੀ ਸਿਰੀਜ਼ ਬਣਾਈ, ਜਿਸ ਦੀਆਂ ਕਈ ਕਿਸ਼ਤਾਂ ਕਾਫ਼ੀ ਲੋਕਪ੍ਰਿਯ ਰਹੀਆਂ। ਇਸ ਵਿੱਚ ਮੋਸਾਦ ਦੇ ਏਜੰਟ ਇੱਕ ਕੰਪਿਊਟਰ ਹੈਕਰ ਦੀ ਮਦਦ ਨਾਲ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰਦੇ ਦਿਖਾਏ ਗਏ ਹਨ।

ਅੱਜ ਦੀ ਭਾਰਤੀ ਆਧੁਨਿਕ ਸੋਚ ਆਪਣੇ ਆਪ ਨੂੰ ਅਮਰੀਕਾ ਅਤੇ ਯੂਰਪ ਨਾਲ ਜੋੜਦੀ ਹੈ। ਉਸ ਨੂੰ ਏਸ਼ੀਆ ਦੇ ਦੋ ਵੱਡੇ ਸੱਭਿਆਚਾਰਾਂ-ਭਾਰਤੀ ਅਤੇ ਫ਼ਾਰਸੀ ਦੀ ਸਾਂਝੀ ਵਿਰਾਸਤ ਦੀ ਯਾਦ ਘੱਟ ਰਹਿ ਗਈ ਹੈ। ਅੱਜ ਭਾਰਤ ਵਿੱਚ ਇਰਾਨ ਨੂੰ ਅਕਸਰ ਸਿਰਫ਼ ਇੱਕ ਮੁਸਲਿਮ ਦੇਸ਼ ਵਜੋਂ ਹੀ ਵੇਖਿਆ ਜਾਂਦਾ ਹੈ।

ਮੌਜੂਦਾ ਟਕਰਾਅ ਨੂੰ ਇੱਕ ਆਮ ਭਾਰਤੀ ਨਜ਼ਰੀਏ ਨਾਲ ਪੱਛਮ ਦੇ ਖੁੱਲ੍ਹੇ ਸੱਭਿਆਚਾਰ ਅਤੇ ਇਰਾਨ ਦੇ ਬੰਦ ਇਸਲਾਮੀ ਰਾਜ ਦੇ ਟਕਰਾਅ ਵਜੋਂ ਹੀ ਦੇਖਿਆ ਜਾਂਦਾ ਹੈ। ਪਰ ਅਸਲ ਵਿੱਚ ਅੱਜ ਦਾ ਇਰਾਨ ਸਿਰਫ਼ ਆਪਣੀਆਂ ਮਿਜ਼ਾਈਲਾਂ ਅਤੇ ਡਰੋਨਾਂ ਦੇ ਸਹਾਰੇ ਹੀ ਨਹੀਂ ਟਿਕਿਆ ਹੋਇਆ। ਉਸ ਦੇ ਪਿੱਛੇ ਇਸਲਾਮ ਤੋਂ ਪਹਿਲਾਂ ਦੀ ਫ਼ਾਰਸੀ ਸੱਭਿਆਚਾਰ ਅਤੇ ਸੰਸਕ੍ਰਿਤੀ ਦੀ ਇੱਕ ਅਦਿੱਖ ਤਾਕਤ ਵੀ ਹੈ।

ਇਰਾਨ ਦੀ ਇਹ ਸੱਭਿਆਚਾਰਕ ਤਾਕਤ ਉਸ ਨੂੰ ਇੱਕ ਅਜਿਹਾ ਆਧਾਰ ਦਿੰਦੀ ਹੈ, ਜੋ ਅਮਰੀਕਾ ਵਰਗੇ ਨਵੇਂ ਇਤਿਹਾਸ ਵਾਲੇ ਦੇਸ਼ ਦੇ ਵਿਰੁੱਧ ਇੱਕ ਵੱਖਰਾ ਸੰਤੁਲਨ ਪੈਦਾ ਕਰਦੀ ਹੈ।

*(ਇਹ ਲੇਖਕ ਦੇ ਨਿੱਜੀ ਵਿਚਾਰ ਹਨ)*

## ਪੰਜਾਬੀ ਨਾਟ ਦੀ ਨੱਕੜਦਾਦੀ ਨੌਰ੍ਹਾ

ਸੰਨ 1947 ਦੀ ਦੇਸ਼ ਵੰਡ ਪਿੱਛੋਂ ਜਦੋਂ ਲੋਕ ਦਿੱਲੀ ਆਏ ਆਪੋ-ਆਪਣੇ ਮਕਾਨਾਂ ਤੇ ਜ਼ਮੀਨਾਂ ਅਲਾਟ ਕਰਾਉਣ ਦੇ ਚੱਕਰ 'ਚ ਭੱਜੇ ਫਿਰਦੇ ਸੀ ਤਾਂ ਨੌਰ੍ਹਾ ਵੀ ਦਿੱਲੀ ਵਿੱਚ ਸੀ। ਉਸ ਨੇ ਫਿਰੋਜ਼ਸ਼ਾਹ ਕੋਟਲਾ ਗਰਾਊਂਡ ਵਿੱਚ ਇੱਕ ਤੰਬੂ ਗੱਡ ਕੇ ਥੀਏਟਰ ਕਰਨਾ ਸ਼ੁਰੂ ਕਰ ਦਿੱਤਾ। ਜਦ ਉੱਜੜੇ ਹੋਏ ਲੋਕ ਸਿਰ ਲੁਕਾਉਣ ਲਈ ਥਾਂ ਲੱਭ ਰਹੇ ਸਨ ਤਾਂ ਨੌਰ੍ਹਾ ਨੂੰ ਥੀਏਟਰ ਦੇ ਸਿਰ ਲੁਕਾਉਣ ਦੀ ਥਾਂ ਲੱਭਣ ਦੀ ਚਿੰਤਾ ਸੀ। ਉਹ ਕਹਿੰਦੀ ਹੁੰਦੀ ਸੀ ਕਿ ਅਸੀਂ ਸਾਰੇ ਰਫਿਊਜੀ ਹਾਂ, ਪਰ ਸਭ ਤੋਂ ਵੱਡਾ ਰਫਿਊਜੀ ਥੀਏਟਰ ਹੈ। ਇਸ ਨੂੰ ਘਰ ਚਾਹੀਦਾ ਹੈ।

ਕਲਾ 'ਚੋਂ ਅਰਥ ਤੇ ਭਾਵ ਸ਼ਗੂਫੇ ਵਾਂਗ ਫੁੱਟਦੇ ਹਨ। ਨੌਰ੍ਹਾ ਨੇ ਸਿਰਫ਼ ਪੰਜਾਬੀ ਰੰਗਮੰਚ ਨੂੰ ਹੀ ਪ੍ਰਫੁੱਲਿਤ ਅਤੇ ਆਧੁਨਿਕ ਲੀਹ 'ਤੇ ਬਾਖ਼ੂਬੀ ਤੋਰਨ ਦਾ ਕੰਮ ਨਹੀਂ ਕੀਤਾ, ਸਗੋਂ ਉਸ ਨੇ ਆਪ ਵੀ ਨਾਟ ਰਚਨਾ ਕੀਤੀ। ਉਸ ਨੇ 'ਪੁੱਤਰ ਘਰ ਆਇਆ' ਤੇ 'ਸਿਕੰਦਰ ਅਤੇ ਪੋਰਸ' ਵਰਗੀਆਂ ਮੁੱਲਵਾਨ ਅੱਧੀ ਦਰਜਨ ਨਾਟ-ਰਚਨਾਵਾਂ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਵਿੱਚ ਕਾਫ਼ੀ ਸਾਹਿਤ ਰਚਨਾ ਕੀਤੀ।

ਭਾਵੇਂ ਭਾਰਤੀ ਨਾਟ ਪਰੰਪਰਾ ਬਹੁਤ ਪੁਰਾਤਨ ਸਮੇਂ ਤੋਂ ਚੱਲਦੀ ਆ ਰਹੀ ਹੈ ਅਤੇ ਹਜ਼ਾਰਾਂ ਸਾਲ ਪਹਿਲਾਂ ਲਿਖੇ ਪੁਰਾਤਨ ਭਾਰਤੀ ਕਾਵਿ-ਸ਼ਾਸਤਰ 'ਚੋਂ ਨਾਟਕ ਅਤੇ ਰੰਗਮੰਚ ਦੀ ਮਿਲਦੀ ਸਿਧਾਂਤਕ ਜਾਣਕਾਰੀ ਵੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ, ਪਰ ਪੰਜਾਬ 'ਚ ਲੋਕ ਨਾਟਕ ਦੀਆਂ ਵਿਭਿੰਨ ਵਿਧਾਵਾਂ ਅਤੇ ਧਾਰਮਿਕ ਕਿਸਮ ਦੀਆਂ ਰਾਸ-ਲੀਲ੍ਹਾਵਾਂ ਤੋਂ ਬਿਨਾ ਕਿਸੇ ਸਾਹਿਤਕ ਸੁਹਜਾਤਮਕ ਨਾਟ ਮੰਚ ਪਰੰਪਰਾ ਦੇ ਪੁਖ਼ਤਾ ਸਬੂਤ ਕਿਸੇ ਪਾਸਿਓਂ ਨਹੀਂ ਮਿਲਦੇ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤਕ ਸੰਸਕ੍ਰਿਤ ਤੋਂ ਅਨੁਵਾਦ ਜਾਂ ਕੁਝ ਮੌਲਿਕ ਕਿਸਮ ਦੀਆਂ ਨਾਟਕੀ ਰਚਨਾਵਾਂ ਜਿਨ੍ਹਾਂ 'ਚ ਬਾਵਾ ਬੁੱਧ ਸਿੰਘ ਦਾ ਨਾਟਕ 'ਚੰਦ੍ਰ ਹਰੀ' ਅਤੇ ਭਾਈ ਵੀਰ ਸਿੰਘ ਦਾ 'ਰਾਜਾ ਲਖਦਾਤਾ ਸਿੰਘ' ਪ੍ਰਮੁੱਖ ਹਨ, ਦੇ ਪ੍ਰਕਾਸ਼ਿਤ ਹੋਣ ਦੇ ਸਮਾਚਾਰ ਤਾਂ ਹਨ ਪਰ ਉਨ੍ਹਾਂ ਦੇ ਰੰਗਮੰਚ 'ਤੇ ਪ੍ਰਦਰਸ਼ਿਤ ਹੋਣ ਦੀ ਕਿਸੇ ਵੀ ਲਿਖਤ 'ਚ ਗਵਾਹੀ ਨਹੀਂ ਮਿਲਦੀ। ਇਸ ਖੇਤਰ 'ਚ ਪਹਿਲਕਦਮੀ ਕਰਨ ਅਤੇ ਪੰਜਾਬੀ ਰੰਗਮੰਚ ਨੂੰ ਪੂਰੀ ਤਰ੍ਹਾਂ ਪੈਰਾਂ ਸਿਰ ਕਰਨ ਦੇ ਯਤਨ ਪਹਿਲੀ ਵਾਰ ਨੌਰ੍ਹਾ ਰਿਚਰਡਜ਼ ਨੇ ਹੀ ਕੀਤੇ।

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (ਅੰਗ 97)

# ਚੜ੍ਹਦੀ ਕਲਾ ਸੇਵਕਾਂ ਵੱਲੋਂ

# ਅਪੀਲ

ਗੁਰੂ ਪਿਆਰੀ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਿੱਖ ਸੰਗਤ ਵਿੱਚ ਆਪਸੀ ਪਿਆਰ, ਮਿਲਵਰਤਨ, ਸ਼ਾਂਤੀ ਅਤੇ ਸਹਿਯੋਗ ਬਣਾਈ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਅਨੁਸਾਰ ਅਤੇ ਪਰਿਵਾਰਵਾਦ, ਇਲਾਕਾਵਾਦ, ਧੜੇਬੰਦੀ, ਕੱਟੜਵਾਦ, ਜਾਤੀਵਾਦ ਤੇ ਸਿਆਸਤ ਤੋਂ ਉਪਰ ਉਠ ਕੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਲਈ ਆਪ ਜੀ ਦੇ ਸਹਿਯੋਗ ਦੀ ਲੋੜ ਹੈ।

#4 BOT



ਗਿੱਲ, ਸਤਿਨਾਮ ਸਿੰਘ

#7 BOT



ਸਿੰਘ, ਸਵਰਨਜੀਤ

#8 BOT



ਸਿੰਘ, ਤਰਲੋਚਨ

#1 CIC



ਸੰਘਾ, ਸੁਰਿੰਦਰ ਕੌਰ

## ਸਾਡਾ ਮਨੋਰਥ ਅਤੇ ਟੀਚੇ

*ਅਸਲ ਅਤੇ ਨਸਲ ਨਾਲ ਜੋੜਨਾ – ਨੌਜਵਾਨਾਂ ਨੂੰ ਨਾਲ ਲਿਆਉਣਾ
*ਵਿਧਾਨ ਦੀ ਪਾਰਦਰਸ਼ਤਾ – ਮਹੀਨਾਵਾਰ ਮੀਟਿੰਗਾਂ ਨੂੰ ਸੰਗਤਾਂ ਤੱਕ ਪੁੱਜਦਾ ਕਰਨ ਲਈ ਲਾਈਵ ਯੂ-ਟਿਊਬ ਉੱਤੇ ਪਾਉਣਾ
*ਲੰਗਰ ਦੀ ਮਰਯਾਦਾ ਬਹਾਲ ਕਰਨ ਦੇ ਯਤਨ ਕਰਾਂਗੇ
*ਦਰਬਾਰ ਹਾਲ ਦੀ ਮਰਯਾਦਾ ਗੁਰਮਤਿ ਅਤੇ ਰਹਿਤ ਮਰਯਾਦਾ ਅਧੀਨ ਚਲਾਵਾਂਗੇ
*ਅਸੀਂ ਹੱਥੀਂ ਕਾਰ ਸੇਵਾ ਕਰਦੇ ਹਾਂ ਅਤੇ ਬਾਣੀ ਨਾਲ ਜੋੜਦੇ ਹਾਂ
*ਗੁਰੂਘਰ ਦੇ ਸੇਵਾਦਾਰਾਂ, ਬਜ਼ੁਰਗਾਂ ਦਾ ਮਾਣ ਸਤਿਕਾਰ
*ਗੁਰੂਘਰ ਦੀ ਮੈਂਬਰਸ਼ਿੱਪ ਵਧਾਉਣ ਲਈ ਫੀਸ ਘਟਾਵਾਂਗੇ
*ਸੰਗਤ ਦੇ ਸੁਆਲ–ਜਵਾਬ ਲਈ ਮਹੀਨਾਵਾਰ ਇਜਲਾਸ ਕਰਾਂਗੇ

ਸਿੱਖ ਰਿਲੀਜੀਅਸ ਸੁਸਾਇਟੀ (SRS) ਦੇ ਬੋਰਡ ਆਫ ਟਰੱਸਟੀਜ਼ (BOT) ਅਤੇ ਸੀ.ਆਈ.ਸੀ. (CIC) ਦੀ ਇਲੈਕਸ਼ਨ 5 ਅਪਰੈਲ 2026 (ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ) ਦਿਨ ਐਤਵਾਰ ਨੂੰ ਹੋ ਰਹੀ ਹੈ।

**ਸੰਗਤ ਨੂੰ ਅਪੀਲ ਹੈ ਕਿ ਸਾਨੂੰ ਵੋਟਾਂ ਪਾ ਕੇ ਸੇਵਾ ਦਾ ਮੌਕਾ ਦਿਓ ਜੀ**